

# A Guide to Inner Awakening

ੴ

All is One

# ਸੁਖਮਨੀ ਬਾਣੀ

## PUNJABI

# ਤਤਕਰਾ


ਉਦੇਸ਼ ........................................ ੨

ਭੂਮਿਕਾ ........................................ ੩

ਗੁਰਬਾਣੀ – ਪਿਆਰ ਦਾ ਰਾਹ .................... ੫

ਸੁਮੇਲ ........................................ ੯

ਸਲੋਕਾਂ ਦੀ ਸੂਚੀ ........................................ ੧੦

# ਉਦੇਸ਼

ਜਿਨ੍ਹਾਂ ਕਦਰਾਂ-ਕੀਮਤਾਂ ਕਰਕੇ ਮਨੁੱਖ ਸੁਚੱਜੇ ਵਤੀਰੇ ਵਾਲਾ ਬਣਦਾ ਹੈ, ਉਹ ਕਿਸੇ ਇਕ ਮਜ਼ਹਬ, ਪ੍ਰਾਂਤ ਜਾਂ ਦੇਸ਼ ਦੀ ਜੱਦੀ ਮਲਕੀਅਤ ਨਹੀਂ। ਇਹ ਕਦਰਾਂ-ਕੀਮਤਾਂ, ਮਨੁੱਖਤਾ ਦੇ ਸਾਂਝੇ ਸਰਮਾਏ ਦੇ ਤੌਰ ਤੇ ਸਾਰਿਆਂ ਲਈ ਸਾਂਝੀ ਜਾਇਦਾਦ ਦੇ ਰੂਪ ਵਿਚ ਉਪਲਭਧ ਹੈ।

ਗੁਰਬਾਣੀ ਵਿਚ ਦਰਸ਼ਾਈ ਗਈ ਜੀਵਨ-ਜਾਚ ਮਨੁੱਖਤਾ ਲਈ ਕਾਰਗਰ ਹੈ ਕਿਉਂਕਿ ਇਹ ਕਦਰਾਂ-ਕੀਮਤਾਂ ਹਰੇਕ ਮਨੁੱਖ ਤੇ ਬਰਾਬਰ ਲਾਗੂ ਹੁੰਦੀਆਂ ਹਨ। ਇਸ ਵਿਚ ਲੁੱਕੀਆਂ ਮਿੱਠੀਆਂ ਗੱਲਾਂ, ਸਾਂਝੇ ਤੌਰ ਤੇ ਸਾਰਿਆਂ ਲਈ ਖੁਲ੍ਹੀ ਜੱਫੀ ਵਾਂਗ ਹੈ ਜਿਸ ਵਿਚ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਜੈਨੀ, ਬੋਧੀ, ਪਾਰਸੀ ਅਤੇ ਦੁਨੀਆਂ ਦੇ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਮਨੁੱਖ ਇਸ ਜੁਗਤਿ ਨੂੰ ਅਪਣਾਅ ਕੇ ਆਪਣਾ ਜੀਵਨ ਸੰਵਾਰ ਸਕਦਾ ਹੈ। ਇਸ ਨਿਰਮਲ ਜੁਗਤਿ ਨੂੰ ਸਿੱਖੀ ਕਿਹਾ ਗਿਆ ਹੈ ਅਤੇ ਗੁਰੂ ਸਾਹਿਬਾਨਾਂ ਵੱਲੋਂ ਦਿੱਤੇ ਇਸ ਬੇਸ਼ਕੀਮਤੀ ਸੁਨੇਹੇ ਨੂੰ ਜੋ ਵੀ ਜਿਉਂਦਾ ਹੈ ਉਹ ਨਿਮਰਤਾ ਭਾਵ ਵਿਚ ਸਿਖਿਆਰਥੀ ਦੇ ਰੂਪ ’ਚ ਆਪਣੇ ਜੀਵਨ ਦੀ ਸੁਧਾਰ ਲਹਿਰ ਨੂੰ ਕਾਮਯਾਬ ਬਣਾਉਣ ਲਈ ਵਿਅਸਤ ਰਹਿੰਦਾ ਹੈ ਅਤੇ ਸਮਾਜ ’ਚ ਫੈਲੀਆਂ ਕੁਰੀਤੀਆਂ ਨੂੰ ਮੁਕਾਉਣ ਲਈ ਆਪਣੀ ਅਵਾਜ਼ ਬੁਲੰਦ ਕਰਦਾ ਹੈ।

ਆਓ ਇਸ ਮਨੁੱਖਤਾ ਦੇ ਸਾਂਝੇ ਖਜ਼ਾਨੇ ਨੂੰ ਪਿਆਰ ਅਤੇ ਸਤਿਕਾਰ ਨਾਲ ਸਾਂਭੀਏ ਅਤੇ ਇਸ ਵਿਚ ਦਿੱਤੇ ਸੰਦੇਸ਼ ਵੱਲ ਗੌਰ ਕਰੀਏ...

# ਭੂਮਿਕਾ

ਬਾਣੀ "ਸੁਖਮਨੀ", ਜਿਸਨੂੰ ਅਸੀਂ ਸਤਿਕਾਰ-ਪਿਆਰ ਨਾਲ "ਸੁਖਮਨੀ ਸਾਹਿਬ" ਕਹਿੰਦੇ ਹਾਂ, ਪੰਜਵੇਂ ਗੁਰੂ ਸਾਹਿਬ, ਗੁਰੂ ਅਰਜਨ ਸਾਹਿਬ ਜੀ ਵੱਲੋਂ ਉਚਾਰੀ ਗਈ ਹੈ। ਜੇ ਅਸੀਂ ਇਸ ਬਾਣੀ ਨੂੰ ਸਮਝਕੇ, ਇਸਦੇ ਅੰਤਰੀਵ ਭਾਵ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਈਏ ਤਾਂ ਅਸੀਂ ਸੁਖ ਪ੍ਰਾਪਤ ਕਰ ਸਕਦੇ ਹਾਂ। ਪਰ ਵਿਚਾਰਨਜੋਗ ਗਲ ਇਹ ਹੈ ਕਿ ਦਰਅਸਲ "ਸੁਖ" ਕੀ ਹੈ? ਸੁਖ ਦੀ ਪਰਿਭਾਸ਼ਾ ਸਾਨੂੰ ਸੁਖਮਨੀ ਸਾਹਿਬ ਦੀ ਬਾਣੀ ਵਿਚੋਂ ਹੀ ਮਿਲ ਜਾਂਦੀ ਹੈ ਅਤੇ ਇਸ ਬਾਣੀ ਦੇ ਸਿਰਲੇਖ ਨੂੰ ਵਿਚਾਰੀਏ ਤਾਂ ਇਸ ਦਾ ਅਰਥ ਬਣਦਾ ਹੈ "ਸੁਖਾਂ ਦੀ ਮਣੀ"। ਬਾਣੀ ਸੁਖਮਨੀ ਦਾ ਕੇਂਦਰੀ ਭਾਵ ਇਨ੍ਹਾਂ ਦੋ ਪੰਕਤੀਆਂ ਵਿਚੋਂ ਸਮਝ ਸਕਦੇ ਹਾਂ –

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**

ਇਨ੍ਹਾਂ ਪੰਕਤੀਆਂ ਦੇ ਅਰਥ ਹਨ, ਸਦੀਵੀ ਸੁਖ ਰੱਬ ਦੇ ਹੁਕਮ ਅਤੇ ਭਾਣੇ ਵਿਚ ਹੈ। ਜਿਹੜਾ ਮਨੁੱਖ ਰੱਬੀ ਹੁਕਮ ਨੂੰ ਸਮਰਪਿਤ ਹੈ ਉਹੀ ਸਦੀਵੀ ਸੁਖ ਮਾਣਦਾ ਹੈ। ਇਹ ਸਦੀਵੀ ਸੁਖ ਹੈ – **ਬਿਸ੍ਰਾਮ** = ਮਨ ਦਾ ਟਿਕਾਅ – ਮਨ ਦੀ ਸ਼ਾਂਤੀ।

ਸੁਖਮਨੀ ਸਾਹਿਬ ਦੀ ਬਾਣੀ ਅਨੁਸਾਰ ਅੰਦਰ ਦੀ ਸ਼ਾਂਤੀ ਹੀ ਅਸਲ ਸੁਖ ਹੈ। ਇਸ ਅੰਦਰ ਦੀ ਸ਼ਾਂਤੀ ਨੂੰ ਮਾਣਨ ਲਈ ਗੁਰੂ ਅਰਜਨ ਸਾਹਿਬ ਜੀ ਨੇ ੨੪ ਅਸ਼ਟਪਦੀਆਂ ਵਿਚ ਰਾਹ ਦਸਿਆ ਹੈ। ਹਰੇਕ ਅਸ਼ਟਪਦੀ ਵਿਚ ੮ ਪਦੇ ਹਨ।

ਸਭ ਤੋਂ ਪਹਿਲਾਂ ਗੁਰੂ ਸਾਹਿਬ ਦਸਦੇ ਹਨ ਕਿ ਰੱਬੀ ਹੁਕਮ ਦੇ ਅੱਗੇ ਸਮਰਪਣ ਕਰਨ ਦੇ ਮੁਕਾਬਲੇ ਬਾਹਰੀ ਕਰਮਕਾਂਡ ਤੁੱਛ ਹਨ। ਹਰ ਮਨੁੱਖ ਦੇ ਅੰਦਰ ਰੱਬ ਵਸਦਾ ਹੈ, ਭਾਵ, ਅੰਦਰ ਵਸਦੇ ਰੱਬ ਦੇ ਹੁਕਮ ਨੂੰ ਮੰਨਣਾ ਅਤੇ ਜੀਵਨ ਦਾ ਹਿੱਸਾ ਬਣਾ ਲੈਣਾ। ਆਪਣੇ ਜੀਵਨ ਨੂੰ ਰੱਬ ਦੇ ਹੁਕਮ ਅਨੁਸਾਰ ਢਾਲ ਲੈਣਾ ਸਰਵੋਤਮ ਹੈ ਅਤੇ ਬਾਹਰੀ ਕ੍ਰਿਆ-ਕਰਮ, ਕਰਮਕਾਂਡ ਆਦਿ ਵਿਅਰਥ ਹਨ।

ਗੁਰੂ ਸਾਹਿਬ, ਪ੍ਰਭੂ ਦੇ ਸਿਮਰਨ ਦਾ ਸੌਖਾ ਢੰਗ ਦਸਦੇ ਹਨ ਕਿ ਸਾਰੀ ਸ੍ਰਿਸ਼ਟੀ ਹੀ ਰੱਬ ਦੀ ਸੌਗਾਤ ਹੈ। ਰੱਬ ਦੇ ਸ਼ੁਕਰਾਨੇ ਵਿਚ ਜੀ ਕੇ ਅਸੀਂ ਆਪਣੀਆਂ ਸ਼ਿਕਾਇਤਾਂ ਅਤੇ ਇੱਛਾਵਾਂ ਤੋਂ ਮੁਕਤ ਹੋ ਸਕਦੇ ਹਾਂ। ਜੇ ਰੱਬ ਦੀ ਹੋਂਦ ਜ਼ੱਰੇ-ਜ਼ੱਰੇ ਵਿਚ ਵੇਖ ਲਈਏ ਤਾਂ ਅਸੀਂ ਅੰਦਰੋਂ ਅਤੇ ਬਾਹਰੋਂ ਸੱਚੇ ਹੋ ਸਕਦੇ ਹਾਂ। ਹਰ ਥਾਂ ਤੇ ਰੱਬ ਦੀ

ੴ

ਹੋਂਦ ਦਾ ਅਹਿਸਾਸ ਕਰਣਾ ਹੀ ਬ੍ਰਹਮਗਿਆਨ ਹੈ। ਇੰਜ ਮਨੁੱਖ ਅੰਦਰੋਂ ਪਵਿੱਤਰ, ਸਿਆਣਾ ਅਤੇ ਸੱਚਾ ਭਗਤ ਬਣਦਾ ਹੈ ਅਤੇ ਜੀਵਨ ਵਿਚ ਆਉਂਦੇ ਬਾਹਰੀ ਸੁਖ-ਦੁਖ ਦੇ ਪ੍ਰਭਾਵ ਤੋਂ ਪਰੇ ਰਹਿੰਦਾ ਹੈ। ਐਸੀ ਅਵਸਥਾ ਵਿਚ ਮਨ ਰੱਬ ਦੇ ਸ਼ੁਕਰਾਨੇ ਵਿਚ ਰਹਿੰਦਾ ਹੈ, ਕਿਸੇ ਗਲ ਦਾ ਹੰਕਾਰ ਨਹੀਂ ਕਰਦਾ ਬਲਕਿ ਨਿਮਾਣਾ ਰਹਿੰਦਾ ਹੈ। ਉਹ ਕਦੇ ਵੀ ਹੁਕਮ ਦਾ ਅਪਮਾਨ/ ਉਲੰਘਣ ਨਹੀਂ ਕਰਦਾ। ਜਦੋਂ ਅਸੀਂ ਗੁਰੂ ਵੱਲੋਂ ਦਿੱਤੇ ਗਿਆਨ ਰਾਹੀਂ ਸਮਝ ਜਾਂਦੇ ਹਾਂ ਕਿ ਵਾਹਿਗੁਰੂ ਹਰ ਮਨੁੱਖ ਦੇ ਅੰਦਰ ਵਸਦਾ ਹੈ, ਤਾਂ ਉਸ ਰੱਬ ਅੱਗੇ ਆਪਣੀ ਸਿਆਣਪ ਛੱਡਣ ਸਦਕੇ ਮਨੁੱਖ ਬਿਬੇਕ ਬੁਧਿ ਪ੍ਰਾਪਤ ਕਰਦਾ ਹੈ। ਐਸਾ ਮਨੁੱਖ ਖੁਸ਼ੀ ਦੀ ਟੇਕ ਬਾਹਰੀ ਪਦਾਰਥਾਂ, ਲੋਕਾਂ ਜਾਂ ਪਰਿਸਥਿਤੀਆਂ ਤੇ ਨਹੀਂ ਰਖਦਾ ਬਲਕਿ ਆਪਣੇ ਅੰਦਰੋਂ ਖੁਸ਼ੀ ਭਾਲਦਾ ਹੈ। ਇਹ ਅੰਦਰ ਦਾ ਖਜ਼ਾਨਾ ਹਰ ਵਕਤ ਅਸਲ ਖੁਸ਼ੀ, ਸੁਖ ਅਤੇ ਸ਼ਾਂਤੀ ਦੇਂਦਾ ਹੈ।

ਗੁਰੂ ਵੱਲੋਂ ਦਿੱਤਾ ਗਿਆਨ ਸਾਨੂੰ ਅੰਦਰ ਦੀ ਖੁਸ਼ੀ ਹਾਸਲ ਕਰਨ ਦਾ ਰਾਹ ਦਸਦਾ ਹੈ। "ਪੂਰਾ ਪ੍ਰਭੁ" ਜਿਸਦੇ ਹੁਕਮ, ਨਿਯਮ, ਭਾਣੇ ਅੰਦਰ ਕੋਈ ਕਮੀ ਨਹੀਂ ਹੈ, ਉਸ ਅੱਗੇ ਸਮਰਪਣ ਕਰਨ ਸਦਕਾ ਅਸੀਂ ਵੀ ਅੰਦਰ ਵਸਦੇ "ਕਰਤਾ ਪੁਰਖੁ" ਨਾਲ ਅਭੇਦ ਹੋ ਜਾਂਦੇ ਹਾਂ।

ਇਹ ਅਭੇਦਤਾ ਹੀ ਸਦੀਵੀ ਸੁਖ, ਮਨ ਦੀ ਸਥਿਰਤਾ ਦੇਂਦੀ ਹੈ, ਫਿਰ ਭਾਵੇਂ ਬਾਹਰੋਂ ਤੱਤੀ ਤਵੀ ਹੋਵੇ, ਚਰਖੜਿਆਂ ਤੇ ਚਾੜ੍ਹਿਆ ਜਾਵੇ, ਆਰੇ ਨਾਲ ਚੀਰਿਆ ਜਾਵੇ ਜਾਂ ਬਾਹਰੀ ਸੁਖ ਹੋਵੇ, ਮਹਿਲ-ਮਾੜੀਆਂ ਹੋਣ ਜਾਂ ਪੈਸਾ ਹੋਵੇ, ਮਨ ਦੀ ਸੁਖ-ਸ਼ਾਂਤੀ ਬਰਕਰਾਰ ਰਹਿੰਦੀ ਹੈ। ਸੁਖਮਨੀ ਰੱਬੀ ਹੁਕਮ ਹੈ ਜੋਕਿ ਅੰਦਰ ਵਸਦੇ ਰੱਬ ਵੱਲੋਂ ਪੈਗਾਮ ਹੈ, ਜਦੋਂ ਅਸੀਂ ਇਸ ਅੱਗੇ ਸਮਰਪਣ ਕਰਦੇ ਹਾਂ ਤਾਂ ਸਦੀਵੀ ਖੁਸ਼ੀ ਅਤੇ ਖੇੜਾ ਮਾਣਦੇ ਹਾਂ।

ਭਾਈ ਇੰਦਰਜੀਤ ਸਿੰਘ
ਗੋਰਾਇਆ

# ਗੁਰਬਾਣੀ - ਪਿਆਰ ਦਾ ਰਾਹ

ਅੱਜ ਮੈਨੂੰ ਚਹੁੰ ਪਾਸੇ ਦਰਦ ਅਤੇ ਸੰਘਰਸ਼ ਦਿਖਾਈ ਦੇ ਰਿਹਾ ਹੈ। ਯੂਕਰੇਨ, ਫਿਲੀਸਤੀਨ, ਇਰਾਨ, ਇਜ਼ਰਾਈਲ ਅਤੇ ਅਰਬ ਦੇਸ਼ਾਂ ਵਿੱਚ ਲੋਕ ਪੀੜਤ ਹਨ। ਭਾਰਤ ਵਿੱਚ ਵੀ ਤਣਾਅ ਹੈ ਕਿਉਂਕਿ ਕੁਝ ਲੋਕ ਆਪਣੇ ਵਿਸ਼ਵਾਸ ਨੂੰ ਹੋਰਨਾਂ 'ਤੇ ਥੋਪਣਾ ਚਾਹੁੰਦੇ ਹਨ - ਹਿੰਦੂ, ਮੁਸਲਮਾਨ ਅਤੇ ਇਸਾਈ ਆਪਣੇ-ਆਪਣੇ ਧਰਮਾਂ ਦਾ ਪ੍ਰਚਾਰ ਕਰਨ ਦੀ ਇੱਛਾ ਰੱਖਦੇ ਹਨ। ਇਹ ਵੇਖ ਕੇ ਮੈਨੂੰ ਦੁੱਖ ਹੁੰਦਾ ਹੈ ਕਿ ਕਦੇ-ਕਦੇ ਅਸੀਂ ਆਪਣੇ ਵਿਸ਼ਵਾਸਾਂ ਵਿਚ ਐਸੇ ਸੀਮਿਤ ਹੋ ਜਾਂਦੇ ਹਾਂ ਕਿ ਮਨੁੱਖਤਾ ਦੀ ਸਾਂਝੀ ਕਦਰਾਂ-ਕੀਮਤਾਂ ਨੂੰ ਭੁੱਲ ਹੀ ਜਾਂਦੇ ਹਾਂ, ਇਥੋ ਤੱਕ ਕਿ ਮਜ਼੍ਹਬ ਦੇ ਨਾਂ ਤੇ ਇਕ ਦੂਸਰੇ ਦੇ ਵਿਰੋਧੀ ਵੀ ਹੋ ਜਾਂਦੇ ਹਾਂ। ਇਸ ਸਭ ਦੇ ਵਿਚਕਾਰ, ਮੈਂ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ...

ਪਿਛਲੇ ੪੫ ਸਾਲਾਂ ਤੋਂ ਮੈਂ ਕੈਨੇਡਾ ਵਿਚ ਰਹਿ ਰਿਹਾ ਹਾਂ, ਜਿਥੇ ਇਸਾਈ ਧਰਮ ਮੁੱਖ ਧਰਮ ਹੈ। ਵੱਖ-ਵੱਖ ਧਾਰਮਿਕ ਪ੍ਰਥਾਵਾਂ ਨੂੰ ਵੇਖਦੇ ਹੋਏ, ਮੈਨੂੰ ਮਹਿਸੂਸ ਹੁੰਦਾ ਹੈ ਕਿ ਅਸੀਂ ਜੋ ਵੀ ਧਰਮ ਦੇ ਨਾਂ ਤੇ ਕਰਦੇ ਹਾਂ ਉਸ ਵਿਚ ਬਹੁਤ ਸਮਾਨਤਾਵਾਂ ਹਨ। ਜਦੋਂ ਅਸੀਂ ਚਰਚ ਜਾਂਦੇ ਹਾਂ, ਤਾਂ ਅਸੀਂ ਈਸਾ ਮਸੀਹ, ਮਰਿਯਮ ਅਤੇ ਕ੍ਰਾਸ ਦੀਆਂ ਮੂਰਤੀਆਂ ਵੇਖਦੇ ਹਾਂ - ਜੋ ਮਨੁੱਖਾਂ ਦੁਆਰਾ ਬਣਾਈਆਂ ਗਈਆਂ ਹੁੰਦੀਆਂ ਹਨ। ਲੋਕ ਇਨ੍ਹਾਂ ਥਾਵਾਂ 'ਤੇ ਇਕੱਠੇ ਹੁੰਦੇ ਹਨ ਅਤੇ ਇਨ੍ਹਾਂ ਪ੍ਰਤੀਕਾਂ ਦੇ ਰਾਹੀਂ ਮਜ਼ਹਬ ਨਾਲ ਜੁੜਨ ਦੀ ਕੋਸ਼ਿਸ਼ ਕਰਦੇ ਹਨ। ਹਿੰਦੂ, ਬੋਧ, ਮੁਸਲਮਾਨਾਂ ਆਦਿ ਮਜ਼੍ਹਬਾਂ ਦੀਆਂ ਵੀ ਇੰਜ ਦੀਆਂ ਹੀ ਰਸਮਾਂ ਹਨ, ਜੋ ਆਪਣੇ-ਆਪਣੇ ਧਾਰਮਕ ਥਾਵਾਂ ਤੇ ਸਿਰ ਨਿਵਾਉਂਦੇ ਹਨ।

ਸਿੱਖ ਗੁਰੂ ਸਾਹਿਬਾਨ ਸਾਨੂੰ ਆਪਣੇ ਵੱਲੋਂ ਲਿਖਿਆ ਅਧਿਆਤਮਿਕ ਗਿਆਨ ਦੇ ਗਏ ਹਨ, ਜਿਸ ਦਾ ਮੁਖ-ਮੰਤਵ ਸਾਰੀ ਮਨੁੱਖਤਾ ਨੂੰ ਇਕੱਠਾ ਕਰਨਾ ਹੈ। ਇਸ ਅਧਿਆਤਮ ਨੂੰ ਅਪਣਾਉਣ ਅਤੇ ਹੋਰਨਾ ਨਾਲ ਸਾਂਝਾ ਕਰਨ ਦੀ ਥਾਂ, ਅਸੀਂ ਵੀ

ੴ ਆਪਣੇ ਪਵਿੱਤਰ ਗ੍ਰੰਥ ਦੀ, ਗੁਰੂ ਸਾਹਿਬਾਨਾਂ ਤੋਂ ਪਹਿਲਾਂ ਦੀਆਂ ਰਸਮਾਂ ਅਨੁਸਾਰ ਮੂਰਤੀ ਵਾਂਗ ਪੂਜਣ ਲਗ ਪਏ ਹਾਂ। ਉਹੀ ਇਜ਼ਤ ਅਤੇ ਸਤਿਕਾਰ ਦਿਖਾਉਣਾ ਸ਼ੁਰੂ ਕਰ ਦਿੱਤਾ ਜਿਵੇਂ ਕਿਸੇ ਮੰਦਰ'ਚ ਮੂਰਤੀ ਦਾ ਕੀਤਾ ਜਾਂਦਾ ਹੈ। ਮੈਂ ਸੋਚਣ 'ਤੇ ਮਜਬੂਰ ਹਾਂ ਕਿ, **"ਕੀ ਅਸੀਂ ਸੱਚਮੁੱਚ ਇਕ-ਦੂਸਰੇ ਤੋਂ ਇਤਨੇ ਵੱਖਰੇ ਹਾਂ ਜਿਤਨਾ ਅਸੀਂ ਸਮਝਦੇ ਹਾਂ?"**

ਦੁਨੀਆਂ ਦੇ ਦੇਸ਼ਾਂ ਅਤੇ ਧਰਮਾਂ ਦੇ ਦਰਮਿਆਨ ਇਨ੍ਹਾਂ ਵੱਡੇ ਝਗੜਿਆਂ ਤੋਂ ਇਲਾਵਾ, ਮੈਂ ਪਰਿਵਾਰਾਂ ਵਿੱਚ ਵੀ ਦਰਾਰਾਂ ਵੇਖਦਾ ਹਾਂ। ਚਾਹੇ ਕਿਸੇ ਵੀ ਧਰਮ ਦਾ ਵਿਅਕਤੀ ਹੋਵੇ, ਪਤੀ-ਪਤਨੀ ਵਿੱਚ ਝਗੜੇ ਵਧ ਰਹੇ ਹਨ, ਤਲਾਕ ਦੀਆਂ ਦਰਾਂ ਵਧ ਰਹੀਆਂ ਹਨ, ਮਾਤਾ-ਪਿਤਾ ਅਤੇ ਬੱਚਿਆਂ ਦੇ ਸੰਬੰਧ ਤਣਾਅ-ਭਰੇ ਹੋ ਰਹੇ ਹਨ। ਅੱਜਕਲ ਕਈ ਲੋਕ ਪਰਿਵਾਰਕ ਰਿਸ਼ਤਿਆਂ ਨੂੰ ਨਜ਼ਰਅੰਦਾਣ ਕਰਦੇ ਹੋਏ ਆਪਣੇ ਨਿੱਜੀ ਟੀਚਿਆਂ ਨੂੰ ਤਰਜੀਹ ਦਿੰਦੇ ਹਨ ਅਤੇ ਇਕੱਲਾ ਰਹਿਣਾ ਪਸੰਦ ਕਰਦੇ ਹਨ। ਇਹ ਰੁਝਾਨ ਮੈਨੂੰ ਬਹੁਤ ਚਿੰਤਤ ਕਰਦਾ ਹੈ, ਅਤੇ ਮੈਂ ਅਕਸਰ ਸੋਚਦਾ ਹਾਂ, **"ਕੀ ਇੰਜ ਹੋਣਾ ਚਾਹੀਦਾ ਹੈ?"**

ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ **"ਇਕ ਓਅੰਕਾਰ"** ਨਾਲ ਹੁੰਦੀ ਹੈ, ਜੋ ਏਕਤਾ ਦਾ ਇੱਕ ਸੁੰਦਰ ਸੰਦੇਸ਼ ਹੈ। ਇਹ ਸਿਖਾਉਂਦਾ ਹੈ ਕਿ ਹਰ ਇੱਕ ਦੇ ਅੰਦਰ ਇੱਕੋ ਜਿਹਾ ਰੱਬ ਵਸਦਾ ਹੈ, ਅਸੀਂ ਸਾਰੇ ਇੱਕੋ ਊਰਜਾ ਨੂੰ ਸਾਂਝਾ ਕਰਦੇ ਹਾਂ ਅਤੇ ਆਪਸ ਵਿੱਚ ਜੁੜੇ ਹੋਏ ਹਾਂ। ਜਦੋਂ ਮੈਂ ਗੁਰਬਾਣੀ ਦੇ ਮੁੱਢ ਤੇ **"ਅਜੂਨੀ"** ਪੜ੍ਹਦਾ ਹਾਂ ਤਾਂ ਮੈਨੂੰ ਇਹ ਯਾਦ ਰਹਿੰਦਾ ਹੈ ਕਿ ਰੱਬ ਜਨਮ ਅਤੇ ਮੌਤ ਦੇ ਚੱਕਰ ਵਿੱਚ ਨਹੀਂ ਹੈ, ਉਸਦੇ ਕੋਈ ਮਾਤਾ-ਪਿਤਾ ਨਹੀਂ ਹਨ ਅਤੇ ਉਹ ਅਨੰਤ ਹੈ। **ਜੇ ਸਾਰਿਆਂ ਅੰਦਰ ਇਕੋ ਊਰਜਾ ਹੈ ਤਾਂ ਅਸੀਂ ਕਿਸੇ "ਇਕ" ਵਿਅਕਤੀ ਨੂੰ ਰੱਬ ਜਾਂ ਭਗਵਾਨ ਕਿਵੇਂ ਮੰਨ ਸਕਦੇ ਹਾਂ?**

ਜਿਵੇਂ-ਜਿਵੇਂ ਮੈਂ ਗੁਰਬਾਣੀ ਨੂੰ ਡੂੰਘਾਈ ਨਾਲ ਸਮਝ ਰਿਹਾ ਹਾਂ, ਮੈਨੂੰ ਮਹਿਸੂਸ ਹੁੰਦਾ ਹੈ ਕਿ ਗੁਰਬਾਣੀ ਵਿਚ ਏਕਤਾ ਦਾ ਸੰਦੇਸ਼ ਹੈ, ਇਹ ਕੋਈ ਵਿਸ਼ੇਸ਼ ਮਜ਼੍ਹਬ ਨਹੀਂ! ਗੁਰੂ ਸਾਹਿਬ ਦੀਆਂ ਸਿੱਖਿਆਵਾਂ ਕਦੇ ਵੀ ਇੱਕ ਸੰਸਥਾਵਤ-ਧਰਮ ਜਾਂ ਮਜ਼੍ਹਬ ਬਣਾਉਣ ਲਈ ਨਹੀਂ ਸਨ। ਪਰ ਸਮੇਂ ਦੇ ਨਾਲ, ਇਹ ਇੱਕ ਮਜ਼੍ਹਬ

ਤਕ ਸੀਮਿਤ ਹੋ ਗਈਆਂ ਜਾਪਦੀਆਂ ਹਨ। ਸਾਂਝੇ ਰੱਬ ਦੀਆਂ ਸਾਂਝੀਆਂ ਕਦਰਾਂ-ਕੀਮਤਾਂ 'ਤੇ ਕਿਸੇ ਵੀ ਵਿਸ਼ੇਸ਼ ਮਜ਼੍ਹਬ ਦਾ ਅਧਿਕਾਰ ਨਹੀਂ ਬਲਕਿ ਇਹ ਸਮੁਚੀ ਮਨੁੱਖਤਾ ਲਈ ਸਾਂਝੀ ਹੈ!

ਮੈਨੂੰ ਵਿਸ਼ਵਾਸ ਹੈ ਕਿ ਗੁਰਬਾਣੀ ਦੀਆਂ ਸਿੱਖਿਆਵਾਂ ਪਰਿਵਾਰਾਂ, ਦੇਸ਼ਾਂ ਅਤੇ ਕਥਿਤ ਧਰਮਾਂ ਦੇ ਦਰਮਿਆਨ ਦੂਰੀਆਂ ਨੂੰ ਘਟਾ ਸਕਦੀਆਂ ਹਨ। ਗੁਰਬਾਣੀ ਨਿਮਰਤਾ ਅਤੇ ਦਇਆ ਦਾ ਰਾਹ ਦਿਖਾਉਂਦੀ ਹੈ, ਜੋ ਵਿਆਹੇ ਰਿਸ਼ਤਿਆਂ ਵਿੱਚ ਸਤਿਕਾਰ ਅਤੇ ਪ੍ਰੇਮ ਖੋਜਣ ਅਤੇ ਪਰਿਵਾਰਕ-ਜੀਵਨ ਵਿੱਚ ਨਿੱਘ ਕਾਇਮ ਕਰਨ ਲਈ ਪ੍ਰੇਰਿਤ ਕਰਦੀ ਹੈ। ਇਹ ਸਿੱਖਿਆਵਾਂ ਸਾਨੂੰ ਧਾਰਮਿਕ ਅਭਿਆਸ ਦੇ ਤੌਰ ਤੇ ਹੀ ਨਹੀਂ, ਸਗੋਂ ਨਿਜੀ ਰਿਸ਼ਤਿਆਂ ਨੂੰ ਡੂੰਘਾ ਕਰਨ ਅਤੇ ਪਰਿਵਾਰਕ ਸੰਬੰਧਾਂ ਨੂੰ ਮਜ਼ਬੂਤ ਬਣਾਉਣ ਦੇ ਤਰੀਕੇ ਦੇ ਤੌਰ ਤੇ ਵੀ ਨਿਮਰਤਾ ਦਾ ਮਹੱਤਵ ਸਿਖਾਉਂਦੀਆਂ ਹਨ। ਇੰਜ ਅਸੀਂ ਨੌਜੁਆਨ ਅਤੇ ਬਿਰਧ ਪੀੜ੍ਹੀਆਂ ਵਿਚਕਾਰ ਦੀਆਂ ਦੂਰੀਆਂ ਨੂੰ ਘਟਾਉਣ ਵਿੱਚ ਵੀ ਸਫ਼ਲ ਹੋ ਸਕਦੇ ਹਾਂ, ਜਿਸ ਨਾਲ ਪਰਿਵਾਰ ਹੋਰ ਵੀ ਨੇੜੇ ਆ ਸਕਦੇ ਹਨ।

ਇਸ ਸਮਝ ਨੇ ਮੈਨੂੰ ਕੁਝ ਕਰਨ ਲਈ ਪ੍ਰੇਰਿਤ ਕੀਤਾ ਹੈ। ਕੁਝ ਆਧਿਆਤਮਿਕ ਤੌਰ ਤੇ ਸਮਰਪਿਤ ਲੋਕਾਂ ਦੇ ਨਾਲ ਮਿਲ ਕੇ, ਮੈਂ ਗੁਰਬਾਣੀ ਦਾ ਸਧਾਰਨ ਭਾਸ਼ਾ ਵਿੱਚ ਅਨੁਵਾਦ ਕਰਨ ਲਈ ਪ੍ਰਤੀਬੱਧ ਹਾਂ। ਇਸ ਨੂੰ ਦੁਨੀਆ ਦੀਆਂ ਕਈ ਭਾਸ਼ਾਵਾਂ ਵਿੱਚ ਉਪਲਬਧ ਕਰਵਾਉਣ ਅਤੇ ਜੋ ਦਇਆ, ਸਤਿਕਾਰ, ਇਮਾਨਦਾਰੀ, ਨਿਮਰਤਾ ਅਤੇ ਸ਼ਾਂਤੀ ਨਾਲ ਜਿਉਣਾ ਸਿੱਖਣਾ ਚਾਹੁੰਦੇ ਹਨ ਉਨ੍ਹਾਂ ਨਾਲ ਇਹ ਸੁਗਾਤ ਸਾਂਝ ਕਰਨਾ ਚਾਹੁੰਦਾ ਹਾਂ।

ਇਸ ਪ੍ਰੇਮ ਦੇ ਨਿੱਘੇ ਸੰਦੇਸ਼ ਨੂੰ ਫੈਲਾਉਣ ਲਈ, ਮੈਂ ਆਪਣੇ ਕਾਰੋਬਾਰ ਦੀ ਸਾਲਾਨਾ ਆਮਦਨ ਦਾ ੨੫% **'ਗੁਰੂ ਨਾਨਕ ਫਾਊਂਡੇਸ਼ਨ ਫਾਰ ਹਿਊਮੈਨੀਟੀ'** (**'ਆਲ਼ ਇਜ਼ ਵੰਨ'**) ਨੂੰ ਦਾਨ ਕਰਨ ਦਾ ਫੈਸਲਾ ਕੀਤਾ ਹੈ। ਇਹ ਰਕਮ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦਾ ਅਨੁਵਾਦ, ਪ੍ਰਕਾਸ਼ਨ ਅਤੇ ਹੋਰਨਾਂ ਨਾਲ ਸਾਂਝਾ ਕਰਨ

ਲਈ ਵਰਤੀ ਜਾਵੇਗੀ, ਤਾਂ ਜੋ ਮੇਰੇ ਦਿਹਾਂਤ ਤੋਂ ਬਾਅਦ ਵੀ ਇਹ ਸੰਦੇਸ਼ ਲੋਕਾਂ ਤੱਕ ਪਹੁੰਚਦੇ ਰਹਿਣ।

ਕਿਤਾਬਾਂ ਤੋਂ ਇਲਾਵਾ, ਅਸੀਂ ਇੱਕ ਆਨਲਾਈਨ '**ਗੁਰੂ ਨਾਨਕ ਯੂਨੀਵਰਸਿਟੀ**' ਅਤੇ ਇੱਕ ਗੁਰਬਾਣੀ ਐਪ ਵੀ ਆਪ ਸਭ ਦੀ ਸੇਵਾ ਵਿਚ ਪੇਸ਼ ਕਰਾਂਗੇ, ਜਿੱਥੇ ਲੋਕ ਆਪਣੀ ਭਾਸ਼ਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸਮਝ ਸਕਣ ਅਤੇ ਸਿੱਖ ਸਕਣ।

ਮਨਜੀਤ ਸਿੰਘ ਨਰਵਾਲ
ਆਲ਼ ਇਜ਼ ਵੰਨ

# ਸੁਮੇਲ

ਅਸੀਂ ਅਕਸਰ ਆਪਣੇ ਆਲੇ-ਦੁਆਲੇ ਤਣਾਅ ਅਤੇ ਵੰਡੀਆਂ ਪਈਆਂ ਹੋਈਆਂ ਵੇਖਦੇ ਹਾਂ, ਪਰ ਗੁਰਬਾਣੀ ਦੀ ਸਿੱਖਿਆ ਅੰਦਰੂਨੀ ਸ਼ਾਂਤੀ ਅਤੇ ਆਪਸੀ ਸੁਮੇਲ ਦਾ ਆਗਾਜ਼ ਕਰਦੀ ਹੈ। ਇਹ ਪੁਸਤਕ ਸੁਖਮਨੀ ਸਾਹਿਬ ਵਿੱਚ ਮੌਜੂਦ ਸੁੰਦਰ ਸੁਨੇਹਿਆਂ ਦੇ ਅਮੋਲ ਗਿਆਨ ਨੂੰ ਸਾਂਝਾ ਕਰਦੀ ਹੈ।

**"ਆਲ਼ ਇਜ਼ ਵੰਨ"** ਇਨ੍ਹਾਂ ਵਡਮੁਲੀ ਸਿੱਖਿਆਵਾਂ ਨੂੰ ਸਾਂਝਾ ਕਰਨ ਲਈ ਸਮਰਪਿਤ ਹੈ, ਤਾਂ ਜੋ ਲੋਕ ਗੁਰਬਾਣੀ ਵੱਲੋਂ ਦਿੱਤੇ ਗਏ ਕਦਰਾਂ-ਕੀਮਤਾਂ ਨੂੰ ਸਮਝ ਸਕਣ। ਸਾਨੂੰ ਯਕੀਨ ਹੈ ਕਿ ਸੁਖਮਨੀ ਸਾਹਿਬ ਦੇ ਸੁਨੇਹੇ—ਪਿਆਰ, ਦਯਾ, ਧੀਰਜ, ਅਤੇ ਏਕਤਾ—ਇਹ ਕੇਵਲ ਸ਼ਬਦ ਨਹੀਂ ਹਨ; ਇਹ ਸਿਧਾਂਤ ਹਨ ਜੋ ਅਜੋਕੀ ਦੁਨੀਆ ਵਿੱਚ ਸਾਡਾ ਮਾਰਗਦਰਸ਼ਨ ਕਰ ਸਕਦੇ ਹਨ।

ਇਸ ਪੁਸਤਕ ਰਾਹੀਂ, ਅਸੀਂ ਗੁਰਬਾਣੀ ਦੇ ਅਨਮੋਲ ਖ਼ਜ਼ਾਨੇ ਨੂੰ ਸਾਰਿਆਂ ਨਾਲ ਸਾਂਝਾ ਕਰਨਾ ਚਾਹੁੰਦੇ ਹਾਂ, ਤਾਂਜੋ ਸਾਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਦੇ ਅਨੁਸਾਰ ਜਿਉਣ ਲਈ ਪ੍ਰੇਰਣਾ ਮਿਲੇ। ਅਸੀਂ ਇੱਕ-ਦੂਜੇ ਦੀ ਮਦਦ ਨਾਲ ਅਜਿਹਾ ਸਮਾਜ ਬਣਾ ਸਕਦੇ ਹਾਂ ਜੋ ਜਾਤੀ ਵਾਦ ਅਤੇ ਧਰਮਾਂ ਦੀ ਤੰਗਦਿਲੀ ਤੋਂ ਉੱਪਰ ਹੋਵੇ, ਅਤੇ ਰੱਬੀ ਗੁਣਾਂ ਨਾਲ ਭਰਿਆ ਹੋਵੇ। ਇਹ ਪੁਸਤਕ ਸਾਡੇ ਸਭ ਦੀਆਂ ਰੂਹਾਂ ਨੂੰ ਅਮੀਰ ਕਰੇ ਅਤੇ ਗੁਰਬਾਣੀ ਦੀ ਰੌਸ਼ਨੀ ਵਿੱਚ ਅਸੀਂ ਆਪਣੀ ਜ਼ਿੰਦਗੀ ਨੂੰ ਅਰਥਪੂਰਨ ਬਣਾ ਸਕੀਏ।

ਪੁਸ਼ਪਿੰਦਰ ਸਿੰਘ

# ਸਲੋਕਾਂ ਦੀ ਸੂਚੀ


| | | | |
|---|---|---|---|
| ੧. | ਆਦਿ ਗੁਰਏ ਨਮਹ | ......................... | ੧੧ |
| ੨. | ਦੀਨ ਦਰਦ ਦੁਖ ਭੰਜਨਾ | ......................... | ੨੦ |
| ੩. | ਬਹੁ ਸਾਸਤ੍ਰ ਬਹੁ ਸਿਮ੍ਰਿਤੀ | ......................... | ੨੮ |
| ੪. | ਨਿਰਗੁਨੀਆਰ ਇਆਨਿਆ | ......................... | ੩੬ |
| ੫. | ਦੇਨਹਾਰੁ ਪ੍ਰਭ ਛੋਡਿ ਕੈ | ......................... | ੪੫ |
| ੬. | ਕਾਮ ਕ੍ਰੋਧ ਅਰੁ ਲੋਭ ਮੋਹ | ......................... | ੫੪ |
| ੭. | ਅਗਮ ਅਗਾਧਿ ਪਾਰਬ੍ਰਹਮੁ | ......................... | ੬੨ |
| ੮. | ਮਨਿ ਸਾਚਾ ਮੁਖਿ ਸਾਚਾ | ......................... | ੭੨ |
| ੯. | ਉਰਿ ਧਾਰੈ ਜੋ ਅੰਤਰਿ | ......................... | ੮੦ |
| ੧੦. | ਉਸਤਤਿ ਕਰਹਿ ਅਨੇਕ ਜਨ | ......................... | ੮੯ |
| ੧੧. | ਕਰਣ ਕਾਰਣ ਪ੍ਰਭੁ ਏਕੁ ਹੈ | ......................... | ੯੭ |
| ੧੨. | ਸੁਖੀ ਬਸੈ ਮਸਕੀਨੀਆ | ......................... | ੧੦੬ |
| ੧੩. | ਸੰਤ ਸਰਨਿ ਜੋ ਜਨੁ ਪਰੈ | ......................... | ੧੧੪ |
| ੧੪. | ਤਜਹੁ ਸਿਆਨਪ ਸੁਰਿ ਜਨਹੁ | ......................... | ੧੨੩ |
| ੧੫. | ਸਰਬ ਕਲਾ ਭਰਪੂਰ ਪ੍ਰਭ | ......................... | ੧੩੧ |
| ੧੬. | ਰੂਪੁ ਨ ਰੇਖ ਨ ਰੰਗੁ ਕਿਛੁ | ......................... | ੧੪੦ |
| ੧੭. | ਆਦਿ ਸਚੁ ਜੁਗਾਦਿ ਸਚੁ | ......................... | ੧੪੮ |
| ੧੮. | ਸਤਿ ਪੁਰਖੁ ਜਿਨਿ ਜਾਨਿਆ | ......................... | ੧੫੬ |
| ੧੯. | ਸਾਥਿ ਨ ਚਾਲੈ ਬਿਨੁ ਭਜਨ | ......................... | ੧੬੫ |
| ੨੦. | ਫਿਰਤ ਫਿਰਤ ਪ੍ਰਭ ਆਇਆ | ......................... | ੧੭੪ |
| ੨੧. | ਸਰਗੁਨ ਨਿਰਗੁਨ ਨਿਰੰਕਾਰ | ......................... | ੧੮੨ |
| ੨੨. | ਜੀਅ ਜੰਤ ਕੇ ਠਾਕੁਰਾ | ......................... | ੧੯੧ |
| ੨੩. | ਗਿਆਨ ਅੰਜਨੁ ਗੁਰਿ ਦੀਆ | ......................... | ੧੯੯ |
| ੨੪. | ਪੂਰਾ ਪ੍ਰਭੁ ਆਰਾਧਿਆ | ......................... | ੨੦੮ |

## ਗਉੜੀ ਸੁਖਮਨੀ ਮਹਲਾ ੫ ॥

ਗਉੜੀ ਰਾਗ ਵਿੱਚ ਪੰਜਵੇਂ ਨਾਨਕ ਜੀ ਦੀ ਬਾਣੀ। ਸੁਖਮਨੀ ਇਸ ਬਾਣੀ ਦਾ ਸਿਰਲੇਖ ਹੈ। ਸੁਖਮਨੀ ਤੋਂ ਭਾਵ ਹੈ - ਸੁੱਖਾਂ ਦੀ ਮਣੀ

### ੴ ਸਤਿਗੁਰ ਪ੍ਰਸਾਦਿ ॥

ਇੱਕ ਪਰਮਾਤਮਾ ਜੋ ਹਰ ਥਾਂ ਸਭ ਵਿੱਚ ਸਦਾ ਤੋਂ ਮੌਜੂਦ ਹੈ, ਅਤੇ ਉਸ ਨੂੰ ਗੁਰੂ ਦੀ ਕਿਰਪਾ/ਗਿਆਨ ਨਾ.ਲ ਜਾਣਿਆ ਜਾਂਦਾ ਹੈ।

### ਸਲੋਕੁ ॥

**ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥**

**ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥੧॥**

ਹਰ ਸਮੇਂ ਮੌਜੂਦ ਪਰਮਾਤਮਾ ਨੂੰ ਨਮਸਕਾਰ ਹੈ। ਸਭ ਦੇ ਮੂਲ ਪਰਮਾਤਮਾ ਨੂੰ ਨਮਸਕਾਰ ਹੈ। ਸਦਾ ਰਹਿਣ ਵਾ.ਲੇ ਪਰਮਾਤਮਾ ਨੂੰ ਨਮਸਕਾਰ ਹੈ। ਸਭ ਦੇ ਸਿਰਮੌਰ ਪਰਮਾਤਮਾ ਨੂੰ ਨਮਸਕਾਰ ਹੈ।

### ਅਸਟਪਦੀ ॥

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥**

**ਕਲਿ ਕਲੇਸ ਤਨ ਮਾਹਿ ਮਿਟਾਵਉ ॥**

ਮੈਂ ਰੱਬ ਨੂੰ ਚੇਤੇ ਕਰਾਂ, ਤੇ ਚੇਤੇ ਵਿੱਚ ਰੱਖ ਕੇ ਸੁੱਖ ਹਾਸਲ ਕਰਾਂ। ਉਸਨੂੰ ਚੇਤੇ ਵਿੱਚ ਰੱਖ ਕੇ ਅਪਣੀ ਹੋਂਦ ਵਿੱਚੋਂ ਵਿਕਾਰਾਂ ਦੀ ਕਲ੍ਹਾ-ਕਲੇਸ਼ (ਵਿਕਾਰ) ਖਤਮ ਕਰਾਂ।

**ਸਿਮਰਉ ਜਾਸੁ ਬਿਸੁੰਭਰ ਏਕੈ ॥**

**ਨਾਮੁ ਜਪਤ ਅਗਨਤ ਅਨੇਕੈ ॥**

ਜਗਤ ਦੇ ਮਾਲਕ ਇੱਕ ਪਰਮਾਤਮਾ ਨੂੰ ਚੇਤੇ ਰੱਖਾਂ। ਤੇ ਉਸਦੇ ਨਾਮ/ਗੁਣਾਂ ਨੂੰ ਜਪ/ਦ੍ਰਿੜ੍ਹ ਕਰਕੇ ਅਨੇਕਾਂ ਸੁੱਖ ਹਾਸਲ ਕਰਾਂ।

**ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥**

**ਕੀਨੇ ਰਾਮ ਨਾਮ ਇਕ ਆਖ੍ਯਰ ॥**

ਹਰ ਥਾਂ ਵੱਸਦੇ ਇੱਕ ਮਾਲਕ ਨੂੰ ਚੇਤੇ ਵਿੱਚ ਰੱਖਣ ਨਾਲ਼ ਉਹ ਗਿਆਨ-ਅੰਮ੍ਰਿਤ ਮਿਲ਼ਦਾ ਹੈ ਜੋ ਸਾਰੇ ਧਾਰਮਕ ਗ੍ਰੰਥਾਂ ਦਾ ਸਾਰ ਹੈ।

**ਕਿਨਕਾ ਏਕ ਜਿਸੁ ਜੀਅ ਬਸਾਵੈ ॥**

**ਤਾ ਕੀ ਮਹਿਮਾ ਗਨੀ ਨ ਆਵੈ ॥**

ਉਸ ਗਿਆਨ ਅੰਮ੍ਰਿਤ ਦਾ ਇਕ ਕਿਣਕਾ ਵੀ ਜੇ ਮਨ 'ਚ ਵੱਸ ਜਾਵੇ। ਤਾਂ ਉਹ ਮਨ ਬੇਸ਼ਕੀਮਤੀ ਹੋ ਜਾਂਦਾ ਹੈ।

**ਕਾਂਖੀ ਏਕੈ ਦਰਸ ਤੁਹਾਰੋ ॥**

**ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥**

ਹੇ ਪ੍ਰਭੂ! ਮੈਂ ਵੀ ਇੱਕ ਤੇਰੇ ਦਰਸ਼ਨ (ਗਿਆਨ) ਦਾ ਚਾਹਵਾਨ ਹਾਂ। ਮੈਨੂੰ ਵੀ ਉਸ ਅੰਮ੍ਰਿਤ ਗਿਆਨ ਦਾ ਸੰਗ ਦੇ ਕੇ (ਵਿਕਾਰਾਂ ਤੋਂ) ਪਾਰ ਉਤਾਰ ਲਵੋ।

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥**

**ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥**

ਰੱਬੀ ਨਾਮ/ਗਿਆਨ ਅੰਮ੍ਰਿਤ ਹੀ ਸੁਖ ਦੇਣ ਵਾਲ਼ੀ ਮਣੀ ਹੈ। ਇਸ ਗਿਆਨ ਨੂੰ ਸਮਰਪਤ (ਭਗਤ) ਹੋ ਕੇ ਹੀ ਮਨ ਨੂੰ ਟਿਕਾਅ ਮਿਲ਼ਦਾ ਹੈ।

**ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥**

**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥**

ਪ੍ਰਭੂ ਨੂੰ ਚੇਤੇ ਰੱਖਿਆਂ ਮਨ ਤ੍ਰਿਸ਼ਨਾ (ਨਾ ਖਤਮ ਹੋਣ ਵਾਲ਼ੀਆਂ ਇੱਛਾਵਾਂ) ਦੇ ਗਰਭ/ਅੱਗ 'ਚ ਨਹੀਂ ਪੈਂਦਾ। ਪਰਮਾਤਮਾ ਨੂੰ ਚੇਤੇ ਰਖਿਆਂ ਵਿਕਾਰਾਂ ਵਾਲ਼ੇ ਦੁਖ ਭੱਜ ਜਾਂਦੇ ਨੇ।

**ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥**

**ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥**

ਰੱਬ ਨੂੰ ਚੇਤੇ ਰੱਖਿਆਂ (ਅੰਦਰੂਨੀ) ਮੌਤ ਤੋਂ ਬੱਚ ਜਾਈਦਾ ਹੈ। ਪ੍ਰਭੂ ਨੂੰ ਚੇਤੇ ਰੱਖਿਆਂ ਸਾਡੇ ਅੰਦਰਲੇ ਦੁਸ਼ਮਨ (ਵਿਕਾਰ) ਮੁੱਕਦੇ ਨੇ।

**ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥**

**ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥**

ਪਰਮਾਤਮਾ ਨੂੰ ਚੇਤੇ ਰੱਖਿਆਂ (ਅੰਦਰੋਂ) ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਰਹਿੰਦੀ। ਰੱਬ ਨੂੰ ਚੇਤੇ ਰੱਖਿਆਂ ਮਨ (ਵਿਕਾਰਾਂ ਵੱਲੋਂ) ਹਮੇਸ਼ਾ ਜਾਗਦਾ/ਸੁਚੇਤ ਰਹਿੰਦਾ ਹੈ।

**ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥**

**ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥**

ਪ੍ਰਭੂ ਨੂੰ ਚੇਤੇ ਰੱਖਿਆਂ ਅੰਦਰੋਂ ਸਾਰੇ ਡਰ ਮੁੱਕਦੇ ਨੇ। ਪਰਮਾਤਮਾ ਨੂੰ ਚੇਤੇ ਰੱਖਿਆਂ ਅੰਦਰੋਂ ਕੋਈ ਦੁੱਖ-ਸੰਤਾਪ ਨਹੀਂ ਰਹਿੰਦਾ।

**ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥**

**ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥**

ਰੱਬੀ ਗਿਆਨ (ਸਾਧ) ਨਾਲ਼ ਹੀ ਪ੍ਰਭੂ ਦਾ ਸਿਮਰਨ/ਚੇਤਾ ਹੁੰਦਾ ਹੈ। ਰੱਬੀ ਰੰਗ ਵਿੱਚ ਹੀ ਸਾਰੇ (ਸੁਖ ਸ਼ਾਂਤੀ ਦੇ) ਖਜ਼ਾਨੇ ਨੇ।

**ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥**

**ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥**

ਪਰਮਾਤਮਾ ਨੂੰ ਚੇਤੇ ਰੱਖਿਆਂ ਮਨ ਅੰਦਰ ਸਭ ਸ਼ਕਤੀਆਂ, ਸੰਪੂਰਨਤਾ, ਤੇ (ਗੁਣਾਂ ਦੇ) ਖਜ਼ਾਨੇ ਆਉਂਦੇ ਨੇ। ਪਰਮਾਤਮਾ ਨੂੰ ਚੇਤੇ ਰੱਖਣ ਵਿੱਚ ਹੀ ਸਾਰਾ ਗਿਆਨ ਧਿਆਨ, ਤੇ ਅਕਲ-ਸਿਆਣਪ ਹੈ।

**ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥**

**ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥**

ਰੱਬ ਨੂੰ ਚੇਤੇ ਰੱਖਣਾ ਹੀ ਸਾਰਾ ਜਪ-ਤਪ ਤੇ ਪੂਜਾ ਹੈ। ਪਰਮਾਤਮਾ ਨੂੰ ਚੇਤੇ ਰੱਖਿਆਂ ਅੰਦਰੋਂ ਹਉਮੈਂ ਮੁੱਕਦੀ ਹੈ।

**ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥**

**ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥**

ਰੱਬ ਨੂੰ ਚੇਤੇ ਰੱਖਣਾ ਹੀ ਅਸਲ ਤੀਰਥ ਇਸ਼ਨਾਨ ਹੈ। ਰੱਬ ਨੂੰ ਚੇਤੇ ਰੱਖਣਾ ਹੀ ਰੱਬੀ ਦਰਗਾਹ ਦਾ ਮਾਣ/ਪੱਤ ਹੈ।

**ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥**

**ਪ੍ਰਭ ਕੈ ਸਿਮਰਨਿ ਸੁਫਲ ਫਲਾ ॥**

ਪਰਮਾਤਮਾ ਨੂੰ ਚੇਤੇ ਰੱਖਣ ਨਾਲ਼ ਸਦਾ ਭਲਾ ਹੁੰਦਾ ਹੈ। ਪ੍ਰਭੂ ਨੂੰ ਚੇਤੇ ਰੱਖਿਆਂ ਅੰਦਰੋਂ ਸੋਹਣੇ ਗੁਣਾਂ ਦੇ ਫ਼ਲ ਪ੍ਰਾਪਤ ਹੁੰਦੇ ਨੇ।

**ਸੇ ਸਿਮਰਹਿ ਜਿਨ ਆਪਿ ਸਿਮਰਾਏ ॥**

**ਨਾਨਕ ਤਾ ਕੈ ਲਾਗਉ ਪਾਏ ॥੩॥**

ਜੋ ਖੁਦ (ਅਪਣੇ ਆਪ) ਦਾ ਖਿਆਲ ਕਰ ਲੈਂਦਾ ਹੈ ਓਹੀ ਪਰਮਾਤਮਾ ਨੂੰ ਚੇਤੇ ਕਰਣ ਵੱਲ ਮੁੜਦਾ ਹੈ। ਮੈਂ ਐਸੇ ਰੱਬ ਦੇ ਪਿਆਰਿਆਂ ਦੇ ਪੈਰੀਂ ਪੈਂਦਾ ਹਾਂ (ਐਸਾ ਜੀਵਨ ਲੋਚਦਾ ਹਾਂ)।

**ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥**

**ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥**

ਪਰਮਾਤਮਾ ਨੂੰ ਚੇਤੇ ਰੱਖਣਾ ਸਭ ਤੋਂ ਉੱਚਾ/ਉੱਤਮ ਕਰਮ ਹੈ। ਪ੍ਰਭੂ ਨੂੰ ਚੇਤੇ ਰੱਖ ਕੇ ਵਿਕਾਰਾਂ ਤੋਂ ਛੁੱਟ ਕੇ ਅਸਲ ਮਹਾਨਤਾ ਮਿਲ਼ਦੀ ਹੈ।

**ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥**

**ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥**

ਪਰਮਾਤਮਾ ਨੂੰ ਚੇਤੇ ਰੱਖਿਆਂ ਅੰਦਰੋਂ ਤ੍ਰਿਸ਼ਨਾ ਮੁੱਕਦੀ ਹੈ। ਪਰਮਾਤਮਾ ਨੂੰ ਚੇਤੇ ਰੱਖਿਆਂ ਅੰਦਰੋਂ ਸੂਝ/ਸਿਆਣਪ ਆਉਂਦੀ ਹੈ

**ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥**

**ਪ੍ਰਭ ਕੈ ਸਿਮਰਨਿ ਪੂਰਨ ਆਸਾ ॥**

ਪਰਮਾਤਮਾ ਨੂੰ ਚੇਤੇ ਰੱਖਿਆਂ ਜਮ/ਵਿਕਾਰਾਂ ਦਾ ਡਰ ਮੁੱਕਦਾ ਹੈ। ਰੱਬ ਨੂੰ ਚੇਤੇ ਰੱਖਿਆਂ ਅੰਦਰੋਂ (ਸੁਖ-ਸ਼ਾਂਤੀ ਦੀ) ਹਰ ਆਸ ਪੂਰੀ ਹੁੰਦੀ ਹੈ

**ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥**

**ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥**

ਪਰਮਾਤਮਾ ਨੂੰ ਚੇਤੇ ਰੱਖਿਆਂ ਮਨ ਅੰਦਰੋਂ ਵਿਕਾਰਾਂ ਦੀ ਮੈਲ਼ ਜਾਂਦੀ ਹੈ। ਤੇ ਸਦਾ ਕਾਇਮ ਰਹਿਣ ਵਾਲ਼ਾ ਰੱਬੀ ਨਾਮ/ਗਿਆਨ ਹਿਰਦੇ 'ਚ ਵੱਸਦਾ ਹੈ।

**ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥**

**ਨਾਨਕ ਜਨ ਕਾ ਦਾਸਨਿ ਦਸਨਾ ॥੪॥**

ਰੱਬੀ ਗਿਆਨ 'ਚ ਜੀਊਣ ਵਾਲ਼ਿਆਂ ਦੀ ਬੋਲ-ਬਾਣੀ (ਵਿਹਾਰ) 'ਚ ਰੱਬ ਆਪ ਵੱਸਦਾ ਹੈ। ਐਸੇ ਰੱਬੀ ਪਿਆਰਿਆਂ ਦਾ ਮੈਂ ਦਾਸ ਬਣ ਜਾਵਾਂ (ਉਨ੍ਹਾਂ ਵਰਗਾ ਬਣ ਜਾਵਾਂ)।

**ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥**

**ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥**

ਪਰਮਾਤਮਾ ਨੂੰ ਚੇਤੇ ਵਿੱਚ ਰੱਖਣ ਵਾਲ਼ੇ ਹੀ ਅਸਲ ਧਨੀ/ਅਮੀਰ ਨੇ। ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਹੀ ਮਾਣਯੋਗ ਨੇ।

**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥**
**ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥**

ਪ੍ਰਭੂ ਨੂੰ ਚੇਤੇ ਰੱਖਣ ਵਾਲ਼ੇ ਹੀ ਉਸ 'ਚ ਸਮਾਉਣ ਜੋਗੇ ਹੁੰਦੇ ਨੇ। ਪ੍ਰਭੂ ਨੂੰ ਚੇਤੇ ਰੱਖਣ ਵਾਲ਼ੇ ਜੀਵਨ ਦੀ ਸਮਝ ਰੱਖਣ ਵਾਲ਼ੇ ਆਗੂ ਹੁੰਦੇ ਨੇ।

**ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥**
**ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥**

ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ਿਆਂ ਨੂੰ ਕੋਈ ਮੁਥਾਜੀ ਨਹੀਂ ਹੁੰਦੀ। ਰੱਬ ਨੂੰ ਸਦਾ ਚੇਤੇ ਰੱਖਣ ਵਾਲ਼ੇ ਸਭ ਤਰ੍ਹਾਂ ਰੱਜੇ ਹੋਏ ਰਾਜੇ ਹੁੰਦੇ ਨੇ।

**ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥**
**ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥**

ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਸਦਾ ਸੁਖੀ ਵੱਸਦੇ ਨੇ। ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਵਿਕਾਰਾਂ 'ਚ ਨਾਸ਼ ਨਹੀਂ ਹੁੰਦੇ।

**ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥**
**ਨਾਨਕ ਜਨ ਕੀ ਮੰਗੈ ਰਵਾਲਾ ॥੫॥**

ਜਿਨ੍ਹਾਂ ਨੇ ਖੁਦ ਨੂੰ ਰੱਬੀ ਚੇਤੇ ਵੱਲ ਲਾਇਆ ਹੋਇਆ ਹੈ। ਮੈਂ ਉਨ੍ਹਾਂ ਦੀ ਚਰਣ-ਧੂੜ (ਜੀਊਣ ਦੀ ਜੁਗਤ) ਮੰਗਦਾ ਹਾਂ।

**ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥**
**ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥**

ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਹੀ ਕਿਸੇ ਦਾ ਅਸਲ ਭਲਾ ਕਰ ਸਕਦੇ ਨੇ। ਮੈਂ ਬਲਿਹਾਰ ਜਾਂਦਾ ਹਾਂ ਉਨ੍ਹਾਂ ਤੋਂ ਜੋ ਰੱਬ ਨੂੰ ਚੇਤੇ ਰੱਖਦੇ ਨੇ।

ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥

ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ (ਸਹੀ ਮਾਇਨਿਆਂ 'ਚ) ਸੋਹਣੇ ਹੁੰਦੇ ਨੇ। ਰੱਬ ਨੂੰ ਚੇਤੇ ਰੱਖਣ ਵਾਲਿਆਂ ਦਾ ਜੀਵਨ ਸੁੱਖ 'ਚ ਲੰਘਦਾ ਹੈ।

ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥

ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਖੁਦ/ਮਨ ਨੂੰ ਜਿੱਤ ਲੈਂਦੇ ਨੇ। ਪ੍ਰਭੂ ਨੂੰ ਚੇਤੇ ਰੱਖਣ ਵਾਲ਼ੇ ਨਿਰਮਲ/ਚੰਗੇ ਕਰਮ ਕਰਦੇ ਨੇ।

ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥
ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥

ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਹਰ ਤਰ੍ਹਾਂ ਨਾਲ਼ ਅਨੰਦ 'ਚ ਰਹਿੰਦੇ ਨੇ। ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਪਰਮਾਤਮਾ ਦੇ ਨੇੜੇ ਰਹਿੰਦੇ ਨੇ।

ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥
ਨਾਨਕ ਸਿਮਰਨੁ ਪੂਰੈ ਭਾਗਿ ॥੬॥

ਗੁਰੂ ਗਿਆਨ ਨਾਲ਼ ਜੋ ਸਦਾ ਅੰਦਰੋਂ ਜਾਗਦੇ (ਵਿਕਾਰਾਂ ਪ੍ਰਤੀ ਸੁਚੇਤ) ਰਹਿੰਦੇ ਨੇ। ਉਨ੍ਹਾਂ ਦੇ ਹਿੱਸੇ ਹੀ ਪੂਰੀ ਤਰ੍ਹਾਂ ਪਰਮਾਤਮਾ ਦੇ ਚੇਤੇ 'ਚ ਜੀਊਣਾ ਆਉਂਦਾ ਹੈ।

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥

ਪਰਮਾਤਮਾ ਨੂੰ ਚੇਤੇ ਰੱਖਿਆਂ (ਅੰਦਰੋਂ ਸੁੱਖ-ਸ਼ਾਂਤੀ ਵਾਲ਼ੇ) ਸਾਰੇ ਕਾਰਜ ਪੂਰੇ ਹੁੰਦੇ ਨੇ। ਪਰਮਾਤਮਾ ਨੂੰ ਚੇਤੇ ਰੱਖਣ ਨਾਲ਼ ਮਨ ਦਾ ਤਪਣਾ-ਖਪਣਾ ਖਤਮ ਹੁੰਦਾ ਹੈ।

**ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥**
**ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥**

ਪਰਮਾਤਮਾ ਨੂੰ ਚੇਤੇ ਰੱਖਿਆਂ ਅੰਦਰੋਂ ਰੱਬੀ ਗੁਣਾਂ ਵਾਲ਼ੀ ਬਣਤਰ ਬਣਦੀ ਹੈ। ਪ੍ਰਭੂ ਨੂੰ ਚੇਤੇ ਰੱਖਿਆਂ ਮਨ ਸਹਜ/ਸਬਰ 'ਚ ਸਮਾਇਆ ਰਹਿੰਦਾ ਹੈ।

**ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥**
**ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥**

ਪਰਮਾਤਮਾ ਨੂੰ ਚੇਤੇ ਰੱਖਿਆਂ ਮਨ ਟਿਕਿਆ ਰਹਿੰਦਾ ਹੈ। ਪਰਮਾਤਮਾ ਨੂੰ ਚੇਤੇ ਰੱਖਿਆਂ ਮਨ ਖਿੜਿਆ ਰਹਿੰਦਾ ਹੈ।

**ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥**
**ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥**

ਰੱਬ ਨੂੰ ਚੇਤੇ ਰੱਖਿਆਂ ਮਨ ਅੰਦਰ ਬੇਰੋਕ ਸੰਗੀਤ/ਸੁੱਖ ਵੱਸਦਾ ਹੈ। ਪਰਮਾਤਮਾ ਨੂੰ ਚੇਤੇ ਰੱਖਣ ਨਾਲ਼ ਮਿਲ਼ਦੇ ਸੁੱਖ ਦਾ ਅੰਤ ਨਹੀਂ ਪਾਇਆ ਜਾ ਸਕਦਾ।

**ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥**
**ਨਾਨਕ ਤਿਨ ਜਨ ਸਰਨੀ ਪਇਆ ॥੭॥**

ਪਰਮਾਤਮਾ ਨੂੰ ਚੇਤੇ ਰੱਖਣ ਵਾਲ਼ੇ ਜੋ ਪਰਮਾਤਮਾ ਦੀ ਕਿਰਪਾ ਲੈ ਰਹੇ ਨੇ। ਮੈਂ ਉਨ੍ਹਾਂ ਦੀ ਸ਼ਰਣ 'ਚ ਪਿਆ ਹਾਂ (ਉਨ੍ਹਾਂ ਵਰਗੀ ਜੀਵਨ ਜਾਚ ਚਾਹੁੰਦਾ ਹਾਂ)।

**ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥**
**ਹਰਿ ਸਿਮਰਨਿ ਲਗਿ ਬੇਦ ਉਪਾਏ ॥**

ਪਰਮਾਤਮਾ ਨੂੰ ਚੇਤੇ ਰੱਖ ਕੇ ਅੰਦਰੋਂ ਭਗਤੀ (ਰੱਬੀ ਗੁਣਾਂ ਨੂੰ ਜੀਉਣ ਦੀ ਜੁਗਤ) ਪਰਗਟ ਹੁੰਦੀ ਹੈਂ। ਪਰਮਾਤਮਾ ਨੂੰ ਚੇਤੇ ਰੱਖਣ ਨਾਲ਼ ਅੰਦਰ ਰੱਬੀ ਗਿਆਨ ਪੈਦਾ ਹੁੰਦਾ ਹੈ।

ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥

ਪ੍ਰਭੂ ਨੂੰ ਚੇਤੇ ਰੱਖਿਆਂ ਅੰਦਰੋਂ ਪੂਰੇ, ਭਲੇ, ਤੇ ਦਾਤੇ ਬਣ ਜਾਈਦਾ ਹੈ। ਪਰਮਾਤਮਾ ਨੂੰ ਚੇਤੇ ਰੱਖਿਆਂ ਨੀਵੇਂ ਡਿੱਗਿਆ ਮਨ ਵੀ ਸਭ ਪਾਸਿਓਂ ਉੱਚਾ ਉੱਠਦਾ ਹੈ।

ਹਰਿ ਸਿਮਰਨਿ ਧਾਰੀ ਸਭ ਧਰਨਾ ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥

ਪ੍ਰਭੂ ਨੂੰ ਚੇਤੇ ਰੱਖਿਆਂ ਇਸ ਮਨ (ਦੀ ਧਰਤੀ) ਨੂੰ ਧਾਰਣ (ਅਪਣੇ ਕਾਬੂ 'ਚ) ਕਰ ਲਈਦਾ ਹੈ। ਪਰਮਾਤਮਾ ਨੂੰ ਚੇਤੇ ਰੱਖ ਕੇ ਮਨ ਉਹ ਕਰਦਾ ਹੈ ਜੋ ਕਰਣਾ ਬਣਦਾ ਹੈ।

ਹਰਿ ਸਿਮਰਨਿ ਕੀਓ ਸਗਲ ਅਕਾਰਾ ॥
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥

ਪਰਮਾਤਮਾ ਨੂੰ ਚੇਤੇ ਰੱਖਣ ਨਾਲ਼ ਹੀ ਅੰਦਰ ਸ਼ੁਭ ਗੁਣਾਂ ਵਾਲ਼ਾ ਅਕਾਰ/ਮਨ ਘੜਿਆ ਜਾਂਦਾ ਹੈ। ਪਰਮਾਤਮਾ ਨੂੰ ਚੇਤੇ ਰੱਖਿਆਂ ਅਪਣੇ ਅੰਦਰ ਵੱਸਦੇ ਨਿਰੰਕਾਰ ਨਾਲ਼ ਇੱਕ ਹੋਈਦਾ ਹੈ।

ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥

ਜਿਸਨੇ ਖੁਦ ਨੂੰ ਜਾਣ/ਸਮਝ ਕੇ ਅਪਣੇ ਆਪ ਤੇ ਇਹ ਤਰਸ ਕਰ ਲਿਆ। ਉਹ ਹੀ ਗੁਰੂ ਦੇ ਗਿਆਨ 'ਤੇ ਅਮਲ ਕਰਕੇ ਪਰਮਾਤਮਾ ਦੇ ਸਿਮਰਨ/ਖਿਆਲ ਨੂੰ ਖੁਦ ਵਿੱਚ ਪਾਉਂਦਾ ਹੈ।

**ਸਲੋਕੁ ॥**

**ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥**

**ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥**

ਨਿਮਾਣਿਆਂ ਤੇ ਦੁਖੀਆਂ ਦੇ ਦੁੱਖ-ਦਰਦ ਦੂਰ ਕਰਨ ਵਾਲ਼ੇ, ਹਰ ਦਿਲ ਅੰਦਰ ਵੱਸਦੇ ਮਾਲਕ ਪ੍ਰਭੂ! ਸਦਾ ਮੇਰੇ ਨਾਲ਼ ਵੱਸਦੇ ਪਰਮਾਤਮਾ, ਮੈਂ ਤੇਰੀ ਸ਼ਰਣ ਆਇਆਂ ਹਾਂ।

**ਅਸਟਪਦੀ ॥**

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥**

**ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**

ਜਿਸ (ਅੰਦਰੂਨੀ ਸੁੱਖ-ਸ਼ਾਂਤੀ) ਵੱਲ ਕੋਈ ਵੀ ਬਾਹਰੀ ਰਿਸ਼ਤੇ-ਨਾਤੇ ਕੰਮ ਨਹੀਂ ਆਉਂਦੇ। ਉਸ ਵੱਲ, ਮੇਰੇ ਮਨਾ! ਰੱਬੀ ਨਾਮ/ਗਿਆਨ ਹੀ ਤੇਰਾ ਮਦਦਗਾਰ ਹੁੰਦਾ ਹੈ।

**ਜਹ ਮਹਾ ਭਇਆਨ ਦੂਤ ਜਮ ਦਲੈ ॥**

**ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥**

ਜਿਸ ਪਾਸੇ ਭਿਆਨਕ ਵਿਕਾਰਾਂ ਰੂਪੀ ਜਮਦੂਤ ਤੈਨੂੰ ਢਾਹੁੰਦੇ ਨੇ। ਉੱਧਰ ਸਿਰਫ ਰੱਬੀ ਹੁਕਮ/ਗਿਆਨ ਹੀ ਤੇਰੇ ਨਾਲ਼ ਚੱਲਦਾ ਹੈ।

**ਜਹ ਮੁਸਕਲ ਹੋਵੈ ਅਤਿ ਭਾਰੀ ॥**

**ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥**

ਜਿੱਥੇ ਅੰਦਰਲੇ ਵਿਕਾਰਾਂ ਕਰਕੇ ਵੱਡੀਆਂ ਮੁਸ਼ਕਿਲਾਂ ਹੀ ਪੱਲੇ ਪੈਂਦੀਆਂ ਨੇ। ਰੱਬੀ ਹੁਕਮ/ਗਿਆਨ ਨੂੰ ਅਮਲ 'ਚ ਲਿਆ ਕੇ ਉਨ੍ਹਾਂ ਮੁਸ਼ਕਲਾਂ ਵਾਲ਼ੇ ਰਾਹ ਤੋਂ ਝੱਟ ਛੁੱਟ ਜਾਈਦਾ ਹੈ।

**ਅਨਿਕ ਪੁਨਹਚਰਨ ਕਰਤ    ਨਹੀ ਤਰੈ ॥**

**ਹਰਿ ਕੋ ਨਾਮੁ    ਕੋਟਿ ਪਾਪ ਪਰਹਰੈ ॥**

ਬਥੇਰੇ ਬਾਹਰੀ ਧਰਮ-ਕਰਮ ਕਰਕੇ ਵੀ ਜਿੱਥੇ ਵਿਕਾਰਾਂ ਤੋਂ ਬਚਿਆ ਨਹੀਂ ਜਾਂਦਾ। ਰੱਬੀ ਹੁਕਮ (ਨੂੰ ਮੰਨਣ) ਨਾਲ਼ ਅੰਦਰਲੇ ਕਰੋੜਾਂ ਹੀ ਪਾਪ ਮੁੱਕ ਜਾਂਦੇ ਨੇ।

**ਗੁਰਮੁਖਿ ਨਾਮੁ ਜਪਹੁ    ਮਨ ਮੇਰੇ ॥**

**ਨਾਨਕ ਪਾਵਹੁ    ਸੂਖ ਘਨੇਰੇ ॥੧॥**

ਮੇਰੇ ਮਨਾ! ਗੁਰੂ ਗਿਆਨ ਵੱਲ ਮੁਖ ਕਰਕੇ ਰੱਬੀ ਨਾਮ/ਨਿਯਮ/ਹੁਕਮ ਨੂੰ ਜੀਵਨ 'ਚ ਉਤਾਰ। ਇੰਝ ਕਰਕੇ ਤੂੰ ਅੰਦਰ ਹੀ ਬਹੁਤ ਸੁੱਖ ਪਾ ਲਵੇਂਗਾ।

**ਸਗਲ ਸ੍ਰਿਸਟਿ ਕੋ ਰਾਜਾ    ਦੁਖੀਆ ॥**

**ਹਰਿ ਕਾ ਨਾਮੁ ਜਪਤ    ਹੋਇ ਸੁਖੀਆ ॥**

ਸਾਰੀ ਦੁਨੀਆ 'ਤੇ ਰਾਜ ਕਰਨ ਵਾਲ਼ਾ (ਹੁਕਮ ਤੋਂ ਮੁਨਕਰ) ਰਾਜਾ ਵੀ ਦੁਖੀ ਹੈ। ਪਰ, ਰੱਬੀ ਹੁਕਮ 'ਚ ਜੀਊਣ ਵਾਲ਼ਾ ਸਦਾ ਸੁਖੀ ਰਹਿੰਦਾ ਹੈ।

**ਲਾਖ ਕਰੋਰੀ ਬੰਧੁ ਨ ਪਰੈ ॥**

**ਹਰਿ ਕਾ ਨਾਮੁ ਜਪਤ    ਨਿਸਤਰੈ ॥**

ਲੱਖਾਂ-ਕਰੋੜਾਂ ਦੀ ਦੌਲਤ ਜਮਾਂ ਕਰਕੇ ਵੀ ਮਨ ਅੰਦਰਲੀ ਭੁੱਖ ਨੂੰ ਬੰਨਿਆਂ ਨਹੀਂ ਜਾਂਦਾ (ਰੱਜ ਨਹੀਂ ਹੁੰਦਾ)। ਪਰ, ਰੱਬੀ ਨਾਮ/ਗਿਆਨ/ਹੁਕਮ ਨੂੰ ਮਨ 'ਚ ਧਾਰਣ ਕਰਕੇ (ਨਾ-ਮੁੱਕਣ ਵਾਲ਼ੀ ਭੁੱਖ ਤੋਂ) ਛੁੱਟ ਜਾਈਦਾ ਹੈ।

**ਅਨਿਕ ਮਾਇਆ ਰੰਗ    ਤਿਖ ਨ ਬੁਝਾਵੈ ॥**

**ਹਰਿ ਕਾ ਨਾਮੁ ਜਪਤ    ਆਘਾਵੈ ॥**

ਮਨ ਨੂੰ ਭਾਉਣ ਵਾਲ਼ੇ ਬੇਅੰਤ ਬਾਹਰੀ ਪਦਾਰਥ ਇਕੱਠੇ ਕਰਕੇ ਵੀ ਤ੍ਰਿਸ਼ਨਾ ਨਹੀਂ ਮੁੱਕਦੀ। ਰੱਬੀ ਹੁਕਮ ਨੂੰ ਜੀਵਨ 'ਚ ਦ੍ਰਿੜ੍ਹ ਕਰਕੇ ਸੰਤੋਖ/ਰੱਜ ਹੋ ਜਾਂਦਾ ਹੈ।

**ਜਿਹ ਮਾਰਗਿ ਇਹੁ ਜਾਤ ਇਕੇਲਾ ॥**
**ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥**

ਜਿਸ ਜੀਵਨ-ਰਾਹ 'ਤੇ (ਮਨ ਅੰਦਰਲੇ ਵਿਕਾਰਾਂ ਦੇ ਸ਼ੋਰ ਕਰਕੇ) ਸਦਾ ਘਾਟ/ਇਕੱਲਾਪਣ ਮਹਿਸੂਸ ਹੁੰਦਾ ਹੈ। ਰੱਬੀ ਹੁਕਮ (ਨੂੰ ਦ੍ਰਿੜ੍ਹ ਕਰਨ) ਨਾਲ਼ ਉਹ ਜੀਵਨ ਸੋਹਣਾ ਹੋ ਜਾਂਦਾ ਹੈ।

**ਐਸਾ ਨਾਮੁ ਮਨ ਸਦਾ ਧਿਆਈਐ ॥**
**ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥**

ਇਸ ਲਈ, ਮੇਰੇ ਮਨਾ! ਰੱਬੀ ਹੁਕਮ ਵੱਲ ਸਦਾ ਧਿਆਨ ਕਰ। ਗੁਰੂ ਗਿਆਨ ਰਾਹੀਂ (ਰੱਬੀ ਹੁਕਮ ਨੂੰ ਮੰਨ ਕੇ) ਅੰਦਰੋਂ ਪਰਮ-ਗਤੀ/ਮੁਕਤੀ ਹਾਸਲ ਕਰੀਏ।

**ਛੂਟਤ ਨਹੀ ਕੋਟਿ ਲਖ ਬਾਹੀ ॥**
**ਨਾਮੁ ਜਪਤ ਤਹ ਪਾਰਿ ਪਰਾਹੀ ॥**

ਬਾਹਰੀ ਬੇਸ਼ੁਮਾਰ ਤਾਕਤ ਨਾਲ਼ ਮਨ ਅੰਦਰਲੇ ਵਿਕਾਰਾਂ ਤੋਂ ਛੁੱਟਿਆ ਨਹੀਂ ਜਾਂਦਾ। ਪਰ, ਰੱਬੀ ਨਾਮ/ਹੁਕਮ ਨੂੰ ਜਪ/ਦ੍ਰਿੜ੍ਹ ਕਰਕੇ (ਵਿਕਾਰਾਂ ਤੋਂ) ਪਾਰ ਹੋ ਜਾਈਦਾ ਹੈ।

**ਅਨਿਕ ਬਿਘਨ ਜਹ ਆਇ ਸੰਘਾਰੈ ॥**
**ਹਰਿ ਕਾ ਨਾਮੁ ਤਤਕਾਲ ਉਧਾਰੈ ॥**

ਮਨ ਅੰਦਰਲੇ ਵਿਕਾਰਾਂ ਕਰਕੇ ਜੋ ਅਨੇਕਾਂ ਹੀ ਵਿਘਨ/ਅੜਿੱਕੇ ਜੀਵਨ 'ਚ ਆਉਂਦੇ ਨੇ, ਰੱਬੀ ਹੁਕਮ/ਗਿਆਨ ਨੂੰ ਅਪਨਾਉਣ ਨਾਲ਼ (ਉਹ ਵਿਕਾਰ ਤੇ ਰੁਕਾਵਟਾਂ) ਓਥੇ ਹੀ ਮੁੱਕ ਜਾਂਦੇ ਨੇ।

**ਅਨਿਕ ਜੋਨਿ ਜਨਮੈ ਮਰਿ ਜਾਮ ॥**
**ਨਾਮੁ ਜਪਤ ਪਾਵੈ ਬਿਸ੍ਰਾਮ ॥**

ਵਿਕਾਰਾਂ 'ਚ ਪਿਆ ਮਨ ਹਰ ਪਲ ਅਨੇਕਾਂ ਜੂਨਾਂ 'ਚ ਜੰਮਦਾ-ਮਰਦਾ ਰਹਿੰਦਾ ਹੈ। ਰੱਬੀ ਹੁਕਮ ਨੂੰ ਅਮਲ ਵਿੱਚ ਲਿਆ ਕੇ ਅੰਦਰ ਟਿਕਾਅ ਆ ਜਾਂਦਾ ਹੈ।

**ਹਉ ਮੈਲਾ      ਮਲੁ ਕਬਹੁ ਨ ਧੋਵੈ ॥**

**ਹਰਿ ਕਾ ਨਾਮੁ      ਕੋਟਿ ਪਾਪ ਖੋਵੈ ॥**

ਮੈਂ-ਮੇਰੀ ਦੀ ਮੈਲ਼ ਜੋ ਕਿਤੇ ਵੀ ਨਹਾ ਕੇ ਨਹੀਂ ਉਤਰਦੀ। ਰੱਬੀ ਹੁਕਮ ਨੂੰ ਮਨ 'ਚ ਵਸਾਉਣ ਨਾ਼ਲ ਹਉਮੈਂ ਨਾ਼ਲ ਜੁੜੇ ਕਰੋੜਾਂ ਹੀ ਪਾਪ/ਬੁਰਾਈਆਂ ਅੰਦਰੋਂ ਖਤਮ ਹੋ ਜਾਂਦੇ ਨੇ।

**ਐਸਾ ਨਾਮੁ      ਜਪਹੁ ਮਨ ਰੰਗਿ ॥**

**ਨਾਨਕ ਪਾਈਐ      ਸਾਧ ਕੈ ਸੰਗਿ ॥੩॥**

ਐਸੇ ਰੱਬੀ ਨਾਮ/ਗਿਆਨ ਨੂੰ ਮਨ ਅੰਦਰ ਜਪੀਏ (ਦ੍ਰਿੜ੍ਹ ਕਰੀਏ)। ਤੇ ਇਹ ਰੱਬੀ ਗਿਆਨ ਗੁਰੂ ਦੇ ਸੰਗ/ਗਿਆਨ ਰਾਹੀਂ ਹੀ ਮਿ਼ਲਦਾ (ਸਮਝ ਪੈਂਦਾ) ਹੈ।

**ਜਿਹ ਮਾਰਗ ਕੇ      ਗਨੇ ਜਾਹਿ ਨ ਕੋਸਾ ॥**

**ਹਰਿ ਕਾ ਨਾਮੁ      ਊਹਾ ਸੰਗਿ ਤੋਸਾ ॥**

ਜੀਵਨ ਦਾ ਰਾਹ ਕਿੰਨਾ ਹੈ, ਕਿੰਨਾ ਨਹੀਂ -ਇਹ ਕੋਈ ਨਹੀਂ ਜਾਣਦਾ। ਇਸ ਰਾਹ/ਪੈਂਡੇ ਤੇ ਹਰਦਮ ਰੱਬੀ ਗਿਆਨ ਹੀ ਅਸਲ ਦੌਲਤ ਵਾਂਗ ਨਾ਼ਲ ਚੱਲਦਾ/ਨਿਭਦਾ ਹੈ।

**ਜਿਹ ਪੈਡੈ      ਮਹਾ ਅੰਧ ਗੁਬਾਰਾ ॥**

**ਹਰਿ ਕਾ ਨਾਮੁ      ਸੰਗਿ ਉਜੀਆਰਾ ॥**

ਜੋ ਜੀਵਨ ਅਗਿਆਨਤਾ ਤੇ ਵਿਕਾਰਾਂ ਦੇ ਹਨੇਰੇ 'ਚ ਗੁਜ਼ਰ ਰਿਹਾ ਹੈ। ਉਸ ਜੀਵਨ-ਰਾਹ ਵਿੱਚ ਰੱਬੀ ਹੁਕਮ ਹੀ ਚਾਨਣ ਦਾ ਕੰਮ ਕਰਦਾ ਹੈ।

**ਜਹਾ ਪੰਥਿ      ਤੇਰਾ ਕੋ ਨ ਸਿਞਾਨੂ ॥**

**ਹਰਿ ਕਾ ਨਾਮੁ      ਤਹ ਨਾਲਿ ਪਛਾਨੂ ॥**

ਜਿਸ ਜੀਵਨ ਰਾਹ ਵਿੱਚ ਸਾਨੂੰ ਕਿਸੇ (ਸਹੀ-ਗਲਤ) ਦੀ ਵੀ ਪਛਾਣ ਨਹੀਂ ਹੈ। ਉੱਥੇ ਰੱਬੀ ਹੁਕਮ ਨਾ਼ਲ ਹੀ ਸਾਡੀ (ਸੱਚ ਨਾ਼ਲ) ਪਛਾਣ ਬਣਦੀ ਹੈ।

**ਜਹ ਮਹਾ ਭਇਆਨ ਤਪਤਿ ਬਹੁ ਘਾਮ ॥**

**ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥**

ਜਿਸ ਜੀਵਨ-ਰਾਹ 'ਤੇ ਭਿਆਨਕ ਵਿਕਾਰਾਂ ਤੇ ਤ੍ਰਿਸ਼ਨਾ ਦੀ ਅੱਗ ਤਪ ਰਹੀ ਹੈ। ਓਥੇ ਸਿਰਫ ਰੱਬੀ ਹੁਕਮ ਹੀ ਉਸ ਤਾਪ ਤੋਂ ਬਚਾਉਣ ਵਾਲ਼ੀ ਛਾਂ ਬਣਦਾ ਹੈ।

**ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥**

**ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥**

ਓਥੇ ਰੱਬੀ ਹੁਕਮ ਨੂੰ ਅਮਲ 'ਚ ਲਿਆਇਆਂ (ਅੰਦਰੂਨੀ ਸੁੱਖ-ਸ਼ਾਂਤੀ ਦਾ) ਅੰਮ੍ਰਿਤ ਵਰਸਦਾ ਹੈ। ਜਿਸ ਜੀਵਨ ਰਾਹ 'ਤੇ, ਮੇਰੇ ਮਨਾਂ, ਤੈਨੂੰ ਸਦਾ ਤ੍ਰਿਸ਼ਨਾ ਅਪਣੇ ਵੱਲ ਖਿੱਚਦੀ ਹੈ।

**ਭਗਤ ਜਨਾ ਕੀ ਬਰਤਨਿ ਨਾਮੁ ॥**

**ਸੰਤ ਜਨਾ ਕੈ ਮਨਿ ਬਿਸ੍ਰਾਮੁ ॥**

ਰੱਬ ਦੇ ਪਿਆਰਿਆਂ ਲਈ ਰੱਬੀ ਹੁਕਮ/ਗਿਆਨ ਹਰ ਥਾਂ ਵਰਤਣ (ਅਮਲ 'ਚ ਲਿਆਉਣ) ਵਾਲ਼ੀ ਚੀਜ਼ ਹੈ। ਰੱਬੀ ਹੁਕਮ/ਗਿਆਨ ਨੂੰ ਅਮਲ 'ਚ ਲਿਆਉਣ ਕਰਕੇ ਹੀ ਉਨ੍ਹਾਂ ਦੇ ਮਨ ਅੰਦਰ ਸਦਾ ਬਿਸਰਾਮ/ਟਿਕਾਅ ਬਣਿਆਂ ਰਹਿੰਦਾ ਹੈ।

**ਹਰਿ ਕਾ ਨਾਮੁ ਦਾਸ ਕੀ ਓਟ ॥**

**ਹਰਿ ਕੈ ਨਾਮਿ ਉਧਰੇ ਜਨ ਕੋਟਿ ॥**

ਰੱਬੀ ਨਾਮ/ਹੁਕਮ ਹੀ ਉਸ ਦੇ ਪਿਆਰਿਆਂ ਦਾ ਅਸਲ ਆਸਰਾ ਹੈ। ਰੱਬੀ ਹੁਕਮ ਨੂੰ ਧਾਰਣ ਕਰਕੇ ਕਰੋੜਾਂ ਹੀ (ਵਿਕਾਰਾਂ ਵਾਲ਼ੇ ਦੁੱਖ-ਕਲੇਸ਼ਾਂ ਤੋਂ) ਤਰ/ਛੁੱਟ ਗਏ।

**ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥**

**ਹਰਿ ਹਰਿ ਅਉਖਧੁ ਸਾਧ ਕਮਾਤਿ ॥**

ਰੱਬ ਦੇ ਪਿਆਰੇ ਦਿਨ-ਰਾਤ ਰੱਬੀ ਹੁਕਮ ਨੂੰ ਦ੍ਰਿੜ੍ਹ ਕਰਦੇ ਨੇ। ਰੱਬੀ ਹੁਕਮ (ਉਹ ਦਵਾਈ ਹੈ ਜਿਸ) ਨੂੰ ਕਮਾ/ਦ੍ਰਿੜ੍ਹ ਕਰਕੇ ਖੁਦ ਨੂੰ (ਵਿਕਾਰਾਂ ਦੇ ਰੋਗਾਂ ਤੋਂ) ਸਾਧ ਲੈਂਦੇ ਨੇ।

**ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥**

**ਪਾਰਬ੍ਰਹਮਿ ਜਨ ਕੀਨੋ ਦਾਨ ॥**

ਰੱਬ ਦੇ ਪਿਆਰਿਆਂ ਕੋ਼ਲ ਰੱਬੀ ਹੁਕਮ ਦਾ ਖਜ਼ਾਨਾ ਰਹਿੰਦਾ ਹੈ। ਇਹ ਖਜ਼ਾਨਾ ਹੀ ਉਨ੍ਹਾਂ ਨੂੰ ਪਰਮਾਤਮਾ ਦੀ ਅਸਲ ਦਾਤ ਹੈ।

**ਮਨ ਤਨ ਰੰਗਿ ਰਤੇ ਰੰਗ ਏਕੈ ॥**

**ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥**

ਮਨ (ਵਿਚਾਰਾਂ/ਸੋਚ) ਤੇ ਤਨ (ਵਿਹਾਰ/ਕਰਮ) ਕਰਕੇ ਜੋ ਸਦਾ ਰੱਬੀ ਹੁਕਮ ਦੇ ਰੰਗ 'ਚ ਰੰਗੇ ਰਹਿੰਦੇ ਨੇ। ਉਨ੍ਹਾਂ ਦੀ ਬਿਰਤੀ/ਧਿਆਨ ਵਿੱਚ ਸਹੀ-ਗਲਤ ਦੀ ਸਮਝ ਸਦਾ ਰਹਿੰਦੀ ਹੈ।

**ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥**

**ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥**

ਰੱਬੀ ਨਾਮ/ਹੁਕਮ ਹੀ ਰੱਬੀ ਪਿਆਰਿਆਂ ਲਈ (ਵਿਕਾਰਾਂ ਤੋਂ) ਮੁਕਤੀ ਦਾ ਰਾਹ ਹੈ। ਰੱਬੀ ਹੁਕਮ ਨਾ਼ਲ ਹੀ ਉਨ੍ਹਾਂ ਪਿਆਰਿਆਂ ਨੂੰ ਸਦਾ ਸੰਤੋਖ/ਰੱਜ ਰਹਿੰਦਾ ਹੈ।

**ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥**

**ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥**

ਰੱਬੀ ਹੁਕਮ/ਗਿਆਨ ਹੀ ਰੱਬੀ ਪਿਆਰਿਆਂ ਦਾ ਰੂਪ-ਰੰਗ (ਪਛਾਣ) ਹੈ। ਰੱਬੀ ਹੁਕਮ ਨੂੰ ਜੀਵਨ 'ਚ ਧਾਰਣ ਕਰਣ ਨਾ਼ਲ ਕਦੀ ਕੋਈ ਵਿਘਨ/ਪਰੇਸ਼ਾਨੀ ਨਹੀਂ ਪੈਂਦੀ।

**ਹਰਿ ਕਾ ਨਾਮੁ ਜਨ ਕੀ ਵਡਿਆਈ ॥**

**ਹਰਿ ਕੈ ਨਾਮਿ ਜਨ ਸੋਭਾ ਪਾਈ ॥**

ਰੱਬੀ ਹੁਕਮ ਹੀ ਰੱਬ ਦੇ ਪਿਆਰਿਆਂ ਨੂੰ ਵਡਿਆਈ ਦਵਾਉਂਦਾ ਹੈ। ਰੱਬੀ ਹੁਕਮ (ਨੂੰ ਮੰਨਣ) ਨਾ਼ਲ ਹੀ ਉਨ੍ਹਾਂ ਨੂੰ ਸ਼ੋਭਾ ਮਿ਼ਲਦੀ ਹੈ।

**ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥**
**ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥**

ਰੱਬੀ ਹੁਕਮ ਹੀ ਰੱਬ ਦੇ ਪਿਆਰਿਆਂ ਦਾ ਭੋਗ-ਜੋਗ (ਧਰਮ-ਕਰਮ) ਹੈ। ਰੱਬੀ ਹੁਕਮ ਨੂੰ ਜਪਣ (ਹਿਰਦੇ 'ਚ ਦ੍ਰਿੜ੍ਹ ਕਰਣ) ਨਾਲ਼ ਕਦੀ ਵੀ ਅੰਦਰ ਦੁੱਖ ਨਹੀਂ ਰਹਿੰਦਾ।

**ਜਨੁ ਰਾਤਾ ਹਰਿ ਨਾਮ ਕੀ ਸੇਵਾ ॥**
**ਨਾਨਕ ਪੂਜੈ ਹਰਿ ਹਰਿ ਦੇਵਾ ॥੬॥**

ਰੱਬ ਦਾ ਪਿਆਰਾ ਰੱਬੀ ਹੁਕਮ ਦੀ ਸੇਵਾ ਕਰਦਾ ਰਹਿੰਦਾ ਹੈ (ਹੁਕਮ ਨੂੰ ਸਮਰਪਤ ਹੋਇਆ ਰਹਿੰਦਾ ਹੈ)। ਰੱਬੀ ਹੁਕਮ/ਗਿਆਨ ਨੂੰ ਸਮਰਪਤ ਹੋ ਜਾਣਾ ਹੀ ਰੱਬ ਦੀ ਪੂਜਾ ਹੈ।

**ਹਰਿ ਹਰਿ ਜਨ ਕੈ ਮਾਲੁ ਖਜੀਨਾ ॥**
**ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥**

ਰੱਬੀ ਹੁਕਮ ਹੀ ਰੱਬ ਦੇ ਪਿਆਰਿਆਂ ਦੀ ਧਨ-ਦੌਲਤ ਹੈ। ਇਹ ਦੌਲਤ ਉਨ੍ਹਾਂ ਨੂੰ ਆਪ (ਅੰਦਰ ਵੱਸਦੇ) ਪਰਮਾਤਮਾ ਕੋਲੋਂ ਮਿਲ਼ਦੀ ਹੈ।

**ਹਰਿ ਹਰਿ ਜਨ ਕੈ ਓਟ ਸਤਾਣੀ ॥**
**ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥**

ਰੱਬੀ ਹੁਕਮ ਹੀ ਰੱਬ ਦੇ ਪਿਆਰਿਆਂ ਦਾ ਮਜ਼ਬੂਤ ਸਹਾਰਾ ਹੈ। ਰੱਬੀ ਹੁਕਮ/ਗਿਆਨ ਦੇ ਪਰਤਾਪ/ਤਾਕਤ ਨੂੰ ਮਾਨਣ ਵਾਲਿਆਂ ਨੇ ਕਿਸੇ ਹੋਰ (ਵਿਕਾਰਾਂ ਵਾਲ਼ੇ ਝੂਠੇ) ਆਸਰੇ ਵੱਲ ਕਦੀ ਨਹੀਂ ਤੱਕਿਆ।

**ਓਤਿ ਪੋਤਿ ਜਨ ਹਰਿ ਰਸਿ ਰਾਤੇ ॥**
**ਸੁੰਨ ਸਮਾਧਿ ਨਾਮ ਰਸ ਮਾਤੇ ॥**

ਰੱਬ ਦੇ ਪਿਆਰੇ ਸਦਾ ਰੱਬੀ ਹੁਕਮ/ਗਿਆਨ ਨਾਲ਼ ਭਰਿਆ/ਰੱਜਿਆ ਜੀਵਨ ਜੀਉਂਦੇ ਨੇ। ਰੱਬੀ ਹੁਕਮ (ਨੂੰ ਮੰਨਣ) ਦੇ ਰਸ/ਅਨੰਦ ਵਿੱਚ ਉਹ ਸਦਾ ਅੰਦਰੋਂ ਟਿਕੇ ਰਹਿੰਦੇ ਨੇ।

ਆਠ ਪਹਰ ਜਨੁ ਹਰਿ ਹਰਿ ਜਪੈ ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

ਅੱਠੇ ਪਹਿਰ ਰੱਬ ਦੇ ਪਿਆਰੇ ਰੱਬੀ ਹੁਕਮ ਨੂੰ ਹੀ ਜਪਦੇ (ਜੀਵਨ 'ਚ ਉਤਾਰਣ ਦਾ ਉੱਦਮ ਕਰਦੇ) ਨੇ। ਹੁਕਮ/ਗਿਆਨ ਨੂੰ ਦ੍ਰਿੜ੍ਹ ਕਰਣ ਵਾਲ਼ੇ ਸਦਾ ਪਰਗਟ (ਸੱਚ ਨਾਲ਼ ਖੜਦੇ) ਨੇ; ਲੁੱਕਦੇ ਨਹੀਂ (ਝੂਠ ਦਾ ਅਸਰਾ ਨਹੀਂ ਲੈਂਦੇ)।

ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥
ਨਾਨਕ ਜਨ ਸੰਗਿ ਕੇਤੇ ਤਰੇ ॥੭॥

ਰੱਬ ਦੀ ਭਗਤੀ -ਰੱਬੀ ਹੁਕਮ ਨੂੰ ਦ੍ਰਿੜ ਕਰਨਾ- ਨੇ ਬੇਅੰਤ ਜੀਆਂ ਨੂੰ (ਵਿਕਾਰਾਂ-ਦੁੱਖਾਂ ਤੋਂ) ਮੁਕਤ ਕੀਤਾ ਹੈ। ਐਸੇ ਪਿਆਰਿਆਂ (ਦੇ ਜੀਵਨ ਤੋਂ ਸੇਧ ਲੈ ਕੇ) ਕਈ ਹੋਰ (ਝੂਠ-ਵਿਕਾਰਾਂ ਤੋਂ) ਤਰ/ਛੁੱਟ ਜਾਂਦੇ ਨੇ।

ਪਾਰਜਾਤੁ ਇਹੁ ਹਰਿ ਕੋ ਨਾਮ ॥
ਕਾਮਧੇਨ ਹਰਿ ਹਰਿ ਗੁਣ ਗਾਮ ॥

ਰੱਬੀ ਹੁਕਮ ਜੀਵਨ ਵਿੱਚ ਸਭ ਸੁਖਾਂ ਨੂੰ ਲੈ ਆਉਂਦਾ ਹੈ। ਰੱਬੀ ਹੁਕਮ ਨੂੰ ਜੀਵਨ 'ਚ ਧਾਰਣ ਕਰਣ ਨਾਲ਼ ਮਨ ਦੀ (ਸੁੱਖ-ਸ਼ਾਂਤੀ ਵਾਲ਼ੀ) ਹਰ ਇੱਛਾ ਪੂਰੀ ਹੁੰਦੀ ਹੈ।

ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥

ਰੱਬੀ ਹੁਕਮ ਨੂੰ ਕਥਨ/ਦ੍ਰਿੜ੍ਹ ਕਰਨਾ ਸਭ ਤੋਂ ਉੱਚਾ ਕਰਮ ਹੈ। ਰੱਬੀ ਨਾਮ/ਗਿਆਨ ਨੂੰ ਸੁਣ (ਹਿਰਦੇ 'ਚ ਉਤਾਰ) ਕੇ ਅੰਦਰੋਂ ਸਾਰੇ ਦੁੱਖ-ਦਰਦ ਮੁੱਕਦੇ ਨੇ।

ਨਾਮ ਕੀ ਮਹਿਮਾ ਸੰਤ ਰਿਦ ਵਸੈ ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥

ਰੱਬੀ ਹੁਕਮ ਦੀ ਵਡਿਆਈ ਰੱਬ ਦੇ ਪਿਆਰਿਆਂ ਦੇ ਹਿਰਦੇ 'ਚ ਵੱਸਦੀ ਹੈ। ਉਸ ਵਡਿਆਈ ਦੇ ਪਰਤਾਪ ਨਾਲ਼ ਅੰਦਰੋਂ ਸਾਰੇ ਪਾਪ/ਵਿਕਾਰ ਨਸ਼ਟ ਹੁੰਦੇ ਨੇ।

ਸੰਤ ਕਾ ਸੰਗੁ     ਵਡਭਾਗੀ ਪਾਈਐ ॥

ਸੰਤ ਕੀ ਸੇਵਾ     ਨਾਮੁ ਧਿਆਈਐ ॥

ਐਸੇ ਰੱਬੀ ਪਿਆਰਿਆਂ ਦਾ ਸੰਗ/ਗਿਆਨ ਮਿਲਣਾ ਵੱਡੇ ਭਾਗ ਹੀ ਹਨ। ਉਸ ਗਿਆਨ/ਸੰਗ ਰਾਹੀਂ ਰੱਬੀ ਹੁਕਮ ਨੂੰ ਧਿਆਉਣਾ (ਦ੍ਰਿੜ੍ਹ ਕਰਨਾ) ਹੀ ਉਨ੍ਹਾਂ ਦੀ ਸੇਵਾ ਹੈ।

ਨਾਮ ਤੁਲਿ     ਕਛੁ ਅਵਰੁ ਨ ਹੋਇ ॥

ਨਾਨਕ ਗੁਰਮੁਖਿ     ਨਾਮੁ ਪਾਵੈ ਜਨੁ ਕੋਇ ॥੮॥੨॥

ਰੱਬੀ ਹੁਕਮ ਦੇ ਬਰਾਬਰ ਹੋਰ ਕੁਛ ਨਹੀਂ ਹੈ। ਗੁਰੂ ਗਿਆਨ ਨੂੰ ਸਮਰਪਤ ਹੋ ਕੇ ਰੱਬੀ ਹੁਕਮ ਨੂੰ ਅਪਣੇ ਅੰਦਰ ਪਾਉਣ/ਉਤਾਰਣ ਵਾਲ਼ੇ ਵਿਰਲੇ ਹੁੰਦੇ ਨੇ।

ਸਲੋਕੁ ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ     ਪੇਖੇ ਸਰਬ ਢਢੋਲਿ ॥

ਪੂਜਸਿ ਨਾਹੀ ਹਰਿ ਹਰੇ     ਨਾਨਕ ਨਾਮ ਅਮੋਲ ॥੧॥

ਮੈਂ ਸਾਰੇ ਧਾਰਮਕ ਗ੍ਰੰਥਾਂ ਨੂੰ ਵੇਖ-ਸੁਣ-ਪੜ੍ਹ ਕੇ (ਇਹ ਸਮਝਿਆ ਹੈ ਕਿ) ਅੰਦਰ ਵੱਸਦੇ) ਪਰਮਾਤਮਾ ਦੇ ਅਨਮੋਲ ਨਾਮ/ਨਿਯਮ/ਹੁਕਮ ਦੇ ਬਰਾਬਰ ਕੁਝ ਵੀ ਨਹੀਂ ਹੈ।

ਅਸਟਪਦੀ ॥

ਜਾਪ ਤਾਪ     ਗਿਆਨ ਸਭਿ ਧਿਆਨ ॥

ਖਟ ਸਾਸਤ੍ਰ     ਸਿਮ੍ਰਿਤਿ ਵਖਿਆਨ ॥

ਇਹ ਸਾਰਾ ਬਾਹਰੀ ਜਪ-ਤਪ, ਗਿਆਨ-ਧਿਆਨ ਤੇ ਸਾਰੇ ਧਰਮ ਗ੍ਰੰਥਾਂ ਦਾ ਪਾਠ-ਵਖਿਆਨ।

**ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥**

**ਸਗਲ ਤਿਆਗਿ ਬਨ ਮਧੇ ਫਿਰਿਆ ॥**

ਜੋਗ ਅਭਿਆਸ, ਤੇ ਧਰਮ-ਕਰਮ ਵਾਲ਼ੀਆਂ ਕਿਰਿਆਵਾਂ, ਜਾਂ ਘਰ-ਬਾਰ ਸਭ ਛੱਡ ਕੇ ਜੰਗਲ਼ਾਂ 'ਚ ਭਟਕਣਾ।

**ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥**

**ਪੁੰਨ ਦਾਨ ਹੋਮੇ ਬਹੁ ਰਤਨਾ ॥**

ਅਨੇਕਾਂ ਤਰ੍ਹਾਂ ਦੇ ਹੋਰ ਧਾਰਮਕ ਜਤਨ-ਉਪਰਾਲੇ, ਜਾਂ ਮਹਿੰਗੀਆਂ ਚੀਜ਼ਾਂ ਦਾਨ-ਪੁੰਨ 'ਚ ਦੇਣਾ।

**ਸਰੀਰੁ ਕਟਾਇ ਹੋਮੈ ਕਰਿ ਰਾਤੀ ॥**

**ਵਰਤ ਨੇਮ ਕਰੈ ਬਹੁ ਭਾਤੀ ॥**

ਸ਼ਰੀਰ ਕੱਟ-ਕੱਟ ਕੇ ਅੱਗ 'ਚ ਸਾੜਨਾ (ਖੁਦ ਨੂੰ ਕਸ਼ਟ ਦੇ ਕੇ ਰੱਬ ਨੂੰ ਪਾਉਣ ਦੇ ਜਤਨ), ਭੁੱਖੇ ਰਹਿਣ ਵਾਲ਼ੇ ਵਰਤ, ਤੇ ਪੂਜਾ-ਪਾਠ ਦੇ ਅਨੇਕਾਂ ਤਰ੍ਹਾਂ ਦੇ ਨੇਮ ਰੱਖਣੇ।

**ਨਹੀ ਤੁਲਿ ਰਾਮ ਨਾਮ ਬੀਚਾਰ ॥**

**ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥**

ਇਨ੍ਹਾਂ ਸਾਰਿਆਂ 'ਚ ਕੁਝ ਵੀ ਐਸਾ ਨਹੀਂ ਜੋ (ਅੰਦਰ ਵੱਸਦੇ) ਪਰਮਾਤਮਾ ਦੇ ਹੁਕਮ ਨੂੰ ਵਿਚਾਰਨ/ਮੰਨਣ ਦੇ ਬਰਾਬਰ ਹੋਵੇ, ਮੇਰੇ ਮਨਾ! ਗੁਰੂ ਗਿਆਨ ਵੱਲ ਮੁੱਖ ਕਰਕੇ ਇੱਕ ਵਾਰ ਰੱਬੀ ਹੁਕਮ ਨੂੰ ਜਪ/ਦ੍ਰਿੜ੍ਹ ਕਰਕੇ ਵੇਖ ਲੈ।

**ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥**

**ਮਹਾ ਉਦਾਸੁ ਤਪੀਸਰੁ ਥੀਵੈ ॥**

ਕੋਈ ਸਾਰੀ ਦੁਨੀਆਂ ਫਿਰ ਲਵੇ, ਤੇ ਲੰਮੀ ਉਮਰ ਭੋਗ ਲਵੇ, ਸਭ ਕੁਝ ਛੱਡ ਕੇ ਖੁਦ ਨੂੰ ਵੱਡਾ ਸਾਧੂ-ਤਪੱਸਵੀ ਕਹਾ ਲਵੇ।

**ਅਗਨਿ ਮਾਹਿ ਹੋਮਤ ਪਰਾਨ ॥**

**ਕਨਿਕ ਅਸ੍ਵ ਹੈਵਰ ਭੂਮਿ ਦਾਨ ॥**

ਹਵਨ ਆਦਿ ਵਿੱਚ ਅਪਣੇ ਪ੍ਰਾਣ ਤੱਕ ਦੇ ਦਵੇ, ਮਾਨਤਾਵਾਂ ਅਨੁਸਾਰ ਸੋਨਾ, ਵਧੀਆ ਘੋੜੇ ਤੇ ਜ਼ਮੀਨ ਵੀ ਦਾਨ ਕਰੇ।

**ਨਿਉਲੀ ਕਰਮ ਕਰੈ ਬਹੁ ਆਸਨ ॥**

**ਜੈਨ ਮਾਰਗ ਸੰਜਮ ਅਤਿ ਸਾਧਨ ॥**

ਜੋਗੀਆਂ ਦੇ ਮੱਤ ਵਾਲ਼ੇ ਆਸਣ ਤੇ ਕਿਰਿਆਵਾਂ ਕਰ ਲਵੇ, ਜੈਨੀਆਂ ਦੇ ਰਾਹ ਵਾਲ਼ੇ ਸਾਰੇ ਸੰਜਮ ਰੱਖ ਲਵੇ।

**ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥**

**ਤਉ ਭੀ ਹਉਮੈ ਮੈਲੁ ਨ ਜਾਵੈ ॥**

ਅਪਣੇ ਸ਼ਰੀਰ ਦੇ ਛੋਟੇ-ਛੋਟੇ ਟੁਕੜੇ ਵੀ ਕੱਟ ਲਵੇ, (ਐਨਾਂ ਸਭ ਕਰਕੇ) ਤਾਂ ਵੀ ਮਨ ਅੰਦਰੋਂ ਹਉਮੈਂ (ਮੈਂ-ਮੇਰੀ) ਦੀ ਮੈਲ਼ ਨਹੀਂ ਜਾਂਦੀ।

**ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥**

**ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥੨॥**

ਪਰਾਮਤਮਾ ਦੇ ਨਾਮ/ਹੁਕਮ (ਨੂੰ ਮੰਨਣ) ਦੇ ਬਰਬਾਰ ਕੁਝ ਵੀ ਨਹੀਂ ਹੈ, ਮੇਰੇ ਮਨਾ! ਗੁਰੂ ਦੇ ਕਹੇ 'ਚ ਚੱਲਕੇ ਰੱਬੀ ਹੁਕਮ ਨੂੰ ਜਪ/ਦ੍ਰਿੜ੍ਹ ਕਰਕੇ ਹੀ (ਹਉਮੈਂ) ਤੋਂ ਗਤੀ/ ਛੁਟਕਾਰਾ ਹੁੰਦਾ ਹੈ।

**ਮਨ ਕਾਮਨਾ ਤੀਰਥ ਦੇਹ ਛੁਟੈ ॥**

**ਗਰਬੁ ਗੁਮਾਨੁ ਨ ਮਨ ਤੇ ਹੁਟੈ ॥**

ਮਨ 'ਚ ਇਹ ਕਾਮਨਾ ਰੱਖੀ ਹੈ ਕਿ ਮੇਰੀ ਜਾਨ ਧਰਮ-ਸਥਾਨ ਤੇ ਹੀ ਨਿੱਕਲ਼ੇ, ਪਰ ਮਨ ਅੰਦਰੋਂ ਅਹੰਕਾਰ/ਮੈਂ-ਮੇਰੀ ਕਦੀ ਹਟੀ ਹੀ ਨਹੀਂ।

ਸੋਚ ਕਰੈ ਦਿਨਸੁ ਅਰੁ ਰਾਤਿ ॥
ਮਨ ਕੀ ਮੈਲੁ ਨ ਤਨ ਤੇ ਜਾਤਿ ॥

ਰਾਤ ਦਿਨ ਤੀਰਥਾਂ ਤੇ ਨਹਾਉਂਦੇ ਫਿਰਦੇ ਹਾਂ (ਇਹ ਭੁੱਲ ਕਿ) ਮਨ ਦੀ ਮੈਲ਼ ਬਾਹਰੋਂ ਸ਼ਰੀਰ ਨੂੰ ਤੀਰਥਾਂ ਤੇ ਧੋਣ ਨਾਲ਼ ਨਹੀਂ ਜਾਂਦੀ।

ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥
ਮਨ ਤੇ ਕਬਹੂ ਨ ਬਿਖਿਆ ਟਰੈ ॥

ਇਸ ਸ਼ਰੀਰ ਨੂੰ ਬਾਹਰੋਂ ਸਾਫ-ਸੋਹਣਾ ਕਰਣ ਲਈ ਤਾਂ ਬਹੁਤ ਕੁਝ ਕਰਦੇ ਹਾਂ ਪਰ, ਮਨ ਅੰਦਰੋਂ ਵਿਸ਼ੇ-ਵਿਕਾਰਾਂ ਵੱਲੋਂ ਟਲ਼ਦੇ ਹੀ ਨਹੀਂ।

ਜਲਿ ਧੋਵੈ ਬਹੁ ਦੇਹ ਅਨੀਤਿ ॥
ਸੁਧ ਕਹਾ ਹੋਇ ਕਾਚੀ ਭੀਤਿ ॥

ਸ਼ਰੀਰ ਨੂੰ ਬਾਹਰੋਂ ਨਿੱਤ ਪਾਣੀ ਨਾਲ਼ ਧੋਈ ਜਾਂਦੇ ਹਾਂ, (ਇੰਝ ਧੋਣ ਨਾਲ਼) ਸ਼ਰੀਰ ਸ਼ੁੱਧ ਨਹੀਂ ਹੋ ਸਕਦਾ।

ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥

ਮੇਰੇ ਮਨਾ! ਰੱਬੀ ਹੁਕਮ (ਨੂੰ ਮੰਨਣ) ਦੀ ਵੱਡੀ ਮਹਿਮਾ/ਵਡਿਆਈ ਹੈ, ਰੱਬੀ ਨਾਮ/ਹੁਕਮ ਨੂੰ ਮੰਨ ਕੇ ਵੱਡੇ ਪਾਪੀ ਵੀ ਤਰ ਗਏ (ਬੁਰਾਈਆਂ ਵਿੱਚੋਂ ਬਾਹਰ ਆ ਗਏ)।

ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥
ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥

ਬਾਹਰੀ ਦੁਨਿਆਵੀ-ਧਾਰਮਕ ਸਿਆਣਪਾਂ ਹੋਣ ਤੇ ਵੀ ਜਮਾਂ/ਵਿਕਾਰਾਂ ('ਚ ਪੈ ਜਾਣ) ਦਾ ਡਰ ਬਣਿਆ ਰਹਿੰਦਾ ਹੈ, ਬਾਹਰੀ ਧਰਮ ਕਰਮ-ਗਿਆਨ ਦੇ ਅਨੇਕਾਂ ਜਤਨਾਂ ਨਾਲ਼ ਵੀ ਮਨ ਦੀ ਤ੍ਰਿਸ਼ਨਾ ਨਹੀਂ ਮੁੱਕਦੀ।

**ਭੇਖ ਅਨੇਕ ਅਗਨਿ ਨਹੀ ਬੁਝੈ ॥**
**ਕੋਟਿ ਉਪਾਵ ਦਰਗਹ ਨਹੀ ਸਿਝੈ ॥**

ਬਾਹਰੋਂ ਵੱਖੋ-ਵੱਖ ਧਾਰਮਕ ਭੇਖ/ਲਿਬਾਸ ਪਾ ਕੇ ਵੀ ਅੰਦਰਲੀ ਅੱਗ ਨਹੀਂ ਮਿਟਦੀ, ਕਰੋੜਾਂ ਹੀ ਬਾਹਰੀ ਧਰਮ-ਕਰਮ ਵਾਲ਼ੇ ਜਤਨਾਂ ਨਾਲ਼ ਅੰਦਰ ਰੱਬੀ ਦਰਗਾਹ ਨਸੀਬ ਨਹੀਂ ਹੁੰਦੀ।

**ਛੂਟਸਿ ਨਾਹੀ ਊਭ ਪਇਆਲਿ ॥**
**ਮੋਹਿ ਬਿਆਪਹਿ ਮਾਇਆ ਜਾਲਿ ॥**

ਬਾਹਰੀ ਜਤਨਾਂ ਨਾਲ਼ ਮਨ ਦੇ ਅੰਦਰ ਦੇ ਨਿੱਤ ਦੇ ਉਤਰਾਅ-ਚੜ੍ਹਾਅ ਤੋਂ ਛੁੱਟਿਆ ਨਹੀਂ ਜਾਂਦਾ। ਮਨ ਸਦਾ ਮਾਇਆ (ਬਾਹਰੀ ਸੁਖ-ਦੁਖ ਦੇ ਭੁਲੇਖਿਆਂ) 'ਦੇ ਮੋਹ 'ਚ ਹੀ ਪਿਆ ਰਹਿੰਦਾ ਹੈ।

**ਅਵਰ ਕਰਤੂਤਿ ਸਗਲੀ ਜਮੁ ਡਾਨੈ ॥**
**ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥**

ਇਹ ਹੋਰ ਸਾਰੇ ਬਾਹਰੀ ਨੇਮ-ਧਰਮ ਵਾਲ਼ੇ ਕਰਮ ਤਾਂ ਵਿਕਾਰਾਂ ਦੇ ਡੰਨ ਭਰਨ ਵਾਲ਼ਾ ਹੀ ਕੰਮ ਹੈ, ਪਰਮਾਤਮਾ (ਦੇ ਹੁਕਮ) ਨੂੰ ਭਜਣ/ਦ੍ਰਿੜ੍ਹ ਕਰਨ ਤੋਂ ਬਿਨਾਂ ਅੰਦਰੋਂ ਇੱਕ ਤਿਲ ਵੀ ਮਾਣ/ਵਡਿਆਈ ਨਹੀਂ ਮਿਲ਼ਦੀ।

**ਹਰਿ ਕਾ ਨਾਮੁ ਜਪਤ ਦੁਖੁ ਜਾਇ ॥**
**ਨਾਨਕ ਬੋਲੈ ਸਹਜਿ ਸੁਭਾਇ ॥੪॥**

ਰੱਬੀ ਹੁਕਮ ਨੂੰ ਦ੍ਰਿੜ੍ਹ ਕਰਨ ਨਾਲ਼ ਅੰਦਰੋਂ ਦੁੱਖ ਮੁੱਕਦੇ ਨੇ, ਜੇਕਰ ਮਨ ਸਹਿਜ ਸੁਭਾਅ ਰੱਬੀ ਹੁਕਮ ਨੂੰ ਅਮਲ ਵਿੱਚ ਲਿਆਉਣ ਲੱਗ ਜਾਏ।

**ਚਾਰਿ ਪਦਾਰਥ ਜੇ ਕੋ ਮਾਗੈ ॥**
**ਸਾਧ ਜਨਾ ਕੀ ਸੇਵਾ ਲਾਗੈ ॥**

ਜੇ ਉਸ ਪਦਾਰਥ ਨੂੰ ਲੋਚਦੇ ਹੋ ਜੋ ਤੁਹਾਨੂੰ ਸੋਹਣਾ ਬਣਾਵੇ ਤਾਂ ਸਾਧ/ਗੁਰੂ ਦੀ ਸੇਵਾ ਕਰੋ (ਗੁਰੂ ਗਿਆਨ ਨੂੰ ਸਮਰਪਤ ਹੋ ਕੇ ਅਮਲ ਵਿੱਚ ਲਿਆਓ)।

**ਜੇ ਕੋ ਆਪੁਨਾ ਦੂਖੁ ਮਿਟਾਵੈ ॥**
**ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥**

ਜੇ ਅਪਣੇ ਅੰਦਰੋਂ ਦੁੱਖ ਖਤਮ ਕਰਨਾ ਚਾਹੁੰਦੇ ਹੋ; ਤਾਂ, ਰੱਬੀ ਨਾਮ/ਹੁਕਮ ਨੂੰ ਹਿਰਦੇ 'ਚ ਗਾਓ/ਦ੍ਰਿੜ੍ਹ ਕਰੋ।

**ਜੇ ਕੋ ਅਪੁਨੀ ਸੋਭਾ ਲੋਰੈ ॥**
**ਸਾਧਸੰਗਿ ਇਹ ਹਉਮੈ ਛੋਰੈ ॥**

ਜੇ ਸ਼ੋਭਾ/ਵਡਿਆਈ ਚਾਹੁੰਦੇ ਹੋ ਤਾਂ, ਗੁਰੂ ਦੇ ਸੰਗ/ਗਿਆਨ ਨਾਲ਼ ਅੰਦਰੋਂ ਹਉਮੈ/ਮੈਂ-ਮੇਰੀ ਨੂੰ ਛੱਡੋ।

**ਜੇ ਕੋ ਜਨਮ ਮਰਣ ਤੇ ਡਰੈ ॥**
**ਸਾਧ ਜਨਾ ਕੀ ਸਰਨੀ ਪਰੈ ॥**

ਜੇ (ਨਿੱਤ ਦੇ) ਜਨਮ-ਮਰਣ ਤੋਂ ਬਚਣਾ ਚਾਹੁੰਦੇ ਹੋ; ਤਾਂ, ਗੁਰੂ ਦੀ ਸ਼ਰਨ ਵਿੱਚ ਜਾਓ (ਗੁਰੂ ਗਿਆਨ ਨੂੰ ਆਪਾ ਸੌਂਪ ਕੇ ਦ੍ਰਿੜ੍ਹ ਕਰੋ)।

**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥**

ਜੋ ਵੀ ਗੁਰੂ ਗਿਆਨ ਦੀ ਸ਼ਰਣ ਪੈ ਕੇ ਅੰਦਰ ਵੱਸਦੇ ਪਰਮਾਤਮਾ ਦੇ ਦਰਸ਼ਨ/ਮਿਲਣ ਦੀ ਤਾਂਘ ਰੱਖਦਾ ਹੈ; ਮੈਂ ਉਸਤੋਂ ਬਲਿਹਾਰ ਜਾਂਦਾ ਹਾਂ (ਉਸਦੇ ਜੀਵਨ ਰਾਹ ਤੋਂ ਸਿੱਖਣ ਦਾ ਚਾਹਵਾਨ ਹਾਂ)।

**ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥**
**ਸਾਧਸੰਗਿ ਜਾ ਕਾ ਮਿਟੈ ਅਭਿਮਾਨੁ ॥**

ਸਾਰਿਆਂ ਨਾਲੋਂ ਉਹ ਵਿਅਕਤੀ ਵੱਡਾ ਹੈ; ਜੋ ਗੁਰੂ ਗਿਆਨ ਨਾਲ਼ ਅਪਣੇ ਅੰਦਰੋਂ ਅਹੰਕਾਰ ਨੂੰ ਮਿਟਾ ਲੈਂਦਾ ਹੈ।

ਆਪਸ ਕਉ ਜੋ ਜਾਣੈ ਨੀਚਾ ॥
ਸੋਊ ਗਨੀਐ ਸਭ ਤੇ ਊਚਾ ॥

ਜੋ ਹਲੀਮੀ/ਨਿਮਰਤਾ ਵਿੱਚ ਜੀਉਂਦਾ ਹੈ; ਉਸਨੂੰ ਸਭ ਤੋਂ ਉੱਚਾ ਜਾਣੋ।

ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥
ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥

ਜਿਸ ਦਾ ਮਨ ਸਭ ਨਾਲ਼ ਹਲੀਮੀ ਤੇ ਮਿਠਾਸ ਨਾਲ਼ ਵਿੱਚਰਦਾ ਹੈ; ਉਸਨੂੰ ਰਬੀ ਨਾਮ/ਹੁਕਮ ਸਾਰਿਆਂ 'ਚ ਵਰਤਦਾ ਦਿੱਸ ਜਾਂਦਾ ਹੈ।

ਮਨ ਅਪੁਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥

ਅਪਣੇ ਮਨ ਅੰਦਰੋਂ ਬੁਰਾਈ ਨੂੰ ਮਿਟਾ ਕੇ ਹੀ; ਸਾਰੀ ਸ੍ਰਿਸ਼ਟੀ ਵਿੱਚ ਪਿਆਰੇ ਪਰਮਾਤਮਾ ਨੂੰ ਦੇਖਿਆ ਜਾਂਦਾ ਹੈ।

ਸੂਖ ਦੂਖ ਜਨ ਸਮ ਦ੍ਰਿਸਟੇਤਾ ॥
ਨਾਨਕ ਪਾਪ ਪੁੰਨ ਨਹੀ ਲੇਪਾ ॥੬॥

ਜਿਸਨੇ ਬਾਹਰੀ ਸੁੱਖ-ਦੁਖ ਨੂੰ ਇਕ ਸਮਾਨ (ਜੀਵਨ ਦਾ ਹਿੱਸਾ ਜਾਣ ਲਿਆ ਉਹ ਪਾਪ-ਪੁੰਨ (ਦੇ ਨਾਂਅ ਹੇਠ ਕੀਤੇ ਜਾਣ ਵਾਲ਼ੇ ਫੋਕਟ ਧਰਮ-ਕਰਮ) 'ਚ ਨਹੀਂ ਫੱਸਦੇ।

ਨਿਰਧਨ ਕਉ ਧਨੁ ਤੇਰੋ ਨਾਉ ॥
ਨਿਥਾਵੇ ਕਉ ਨਾਉ ਤੇਰਾ ਥਾਉ ॥

ਇਸ (ਵਿਕਾਰਾਂ 'ਚ ਲੁੱਟੇ ਹੋਏ) ਗਰੀਬ ਮਨ ਦੀ ਅਸਲ ਦੌਲਤ ਪਰਾਮਤਮਾ ਦਾ ਹੁਕਮ ਹੈ; (ਵਿਕਾਰਾਂ 'ਚ ਪੈ ਕੇ) ਥਾਂ-ਥਾਂ ਭਟਕਦੇ ਮਨ ਨੂੰ ਰੱਬੀ ਹੁਕਮ ਮੰਨਣ 'ਣ ਟਿਕਾਅ ਮਿਲ਼ਦਾ ਹੈ।

**ਨਿਮਾਣੇ ਕਉ ਪ੍ਰਭ ਤੇਰੋ ਮਾਨੁ ॥**

**ਸਗਲ ਘਟਾ ਕਉ ਦੇਵਹੁ ਦਾਨੁ ॥**

ਵਿਕਾਰਾਂ 'ਚ ਪੈ ਕੇ ਅਪਣਾ ਸਵੈ-ਮਾਣ ਗੁਆ ਚੁੱਕੇ ਮਨ ਨੂੰ ਮਾਣ/ਵਡਿਆਈ ਰੱਬੀ ਹੁਕਮ 'ਚ ਮਿਲ਼ਦੀ ਹੈ; ਸਾਰਿਆਂ ਦੇ ਹਿਰਦੇ ਵਿੱਚ (ਆਪ ਪਰਮਾਤਮਾ ਅਪਣੇ ਹੁਕਮ ਦੀਆਂ) ਦਾਤਾਂ ਦੇਂਦਾ ਹੈ।

**ਕਰਨ ਕਰਾਵਨਹਾਰ ਸੁਆਮੀ ॥**

**ਸਗਲ ਘਟਾ ਕੇ ਅੰਤਰਜਾਮੀ ॥**

ਪਰਮਾਤਮਾ ਆਪ ਸਾਰਿਆਂ ਅੰਦਰ ਵੱਸ ਕੇ ਕਾਰਜ ਕਰਨ ਦੀ ਸਮਰੱਥਾ ਦੇਂਦਾ ਹੈ; ਸਾਡੇ ਅੰਦਰ ਵੱਸਦਾ ਪ੍ਰਭੂ ਸਾਡੀਆਂ ਸਾਰੀਆਂ ਲੋੜਾਂ ਨੂੰ ਜਾਣਦਾ ਹੈ।

**ਅਪਨੀ ਗਤਿ ਮਿਤਿ ਜਾਨਹੁ ਆਪੇ ॥**

**ਆਪਨ ਸੰਗਿ ਆਪਿ ਪ੍ਰਭ ਰਾਤੇ ॥**

ਤੇ ਉਸਦੀ ਸਮਰੱਥਾ ਦਾ ਆਦਿ ਅੰਤ ਉਹ ਆਪ ਜਾਣਦਾ ਹੈ (ਸਾਨੂੰ ਉਸਦੀ ਸਮਰੱਥਾ ਬਾਰੇ ਅੰਦਾਜ਼ੇ ਲਾਉਣ ਦੀ ਲੋੜ ਨਹੀਂ); ਸਾਡੇ ਅੰਦਰ ਆਪ ਪਰਮਾਤਮਾ ਸਦਾ ਰਚਿਆ ਹੋਇਆ ਹੈ।

**ਤੁਮ੍ਰੀ ਉਸਤਤਿ ਤੁਮ ਤੇ ਹੋਇ ॥**

**ਨਾਨਕ ਅਵਰੁ ਨ ਜਾਨਸਿ ਕੋਇ ॥੭॥**

ਹੇ ਪ੍ਰਭੂ ! ਤੇਰੀ ਉਸਤਤ/ਤਾਰੀਫ ਹੈ ਕਿ ਅਸੀਂ ਤੇਰੇ ਤੋਂ ਹੀ ਹੋਏ/ਬਣੇ ਹਾਂ; ਹੋਰ ਕਿਸੇ ਨੂੰ ਇਹ ਕਾਰਜ ਨਹੀਂ ਆਉਂਦਾ।

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**

**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥**

ਸਾਰੇ ਧਰਮਾਂ 'ਚੋਂ ਉੱਤਮ ਧਰਮ ਇਹ ਹੈ ਕਿ; ਰੱਬੀ ਨਾਮ/ਹੁਕਮ ਨੂੰ ਜੀਵਨ 'ਚ ਦ੍ਰਿੜ੍ਹ ਕਰਕੇ ਭਲੇ ਕਰਮ ਕੀਤੇ ਜਾਣ।

**ਸਗਲ ਕ੍ਰਿਆ ਮਹਿ ਊਤਮ ਕਿਰਿਆ ॥**

**ਸਾਧਸੰਗਿ ਦੁਰਮਤਿ ਮਲੁ ਹਿਰਿਆ ॥**

ਸਾਰੀਆਂ ਧਾਰਮਕ ਕਿਰਿਆਵਾਂ ਤੋਂ ਉੱਤਮ ਏਹੋ ਕਿਰਿਆ ਹੈ ਕਿ; ਗੁਰੂ ਦੇ ਸੰਗ/ ਗਿਆਨ ਰਾਹੀਂ ਭੈੜੀ ਮੱਤ ਵਾਲ਼ੀ ਮੈਲ਼ ਨੂੰ ਅੰਦਰੋਂ ਕੱਢਿਆ ਜਾਵੇ।

**ਸਗਲ ਉਦਮ ਮਹਿ ਉਦਮੁ ਭਲਾ ॥**

**ਹਰਿ ਕਾ ਨਾਮੁ ਜਪਹੁ ਜੀਅ ਸਦਾ ॥**

ਸਭ ਤੋਂ ਉੱਤਮ ਉੱਦਮ ਇਹੋ ਹੈ ਕਿ ਰੱਬੀ ਹੁਕਮ ਨੂੰ ਮਨ ਕਰਕੇ ਸਦਾ ਹੀ ਜਪਿਆ/ ਦ੍ਰਿੜ੍ਹ ਕੀਤਾ ਜਾਵੇ।

**ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥**

**ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥**

ਉਹ ਰਹਿਣੀ-ਬਹਿਣੀ ਅੰਮ੍ਰਿਤ (ਭਲਾ ਜੀਵਨ ਦੇਣ ਵਾਲ਼ੀ) ਹੈ ਜਿਸ ਵਿੱਚ ਅਸੀਂ; ਰੱਬੀ ਹੁਕਮ ਨੂੰ ਸੁਣ/ਮੰਨ ਕੇ ਬੋਲਦੇ (ਅਮਲ 'ਚ ਲਿਆਉਂਦੇ) ਹਾਂ।

**ਸਗਲ ਥਾਨ ਤੇ ਓਹੁ ਊਤਮ ਥਾਨੁ ॥**

**ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥**

ਸਭ ਥਾਂਵਾਂ ਤੋਂ ਉੱਤਮ ਥਾਂ ਉਹ ਦਿਲ/ਮਨ ਹੈ ਜਿਸ ਵਿੱਚ ਰੱਬੀ ਨਾਮ/ਹੁਕਮ ਵੱਸਿਆ ਹੈ।

**ਸਲੋਕੁ ॥**

**ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ ॥**

**ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ ॥੧॥**

ਮੇਰੇ ਗੁਣਾਂ ਤੋਂ ਸੱਖਣੇ ਮਨਾ! ਪਰਮਾਤਮਾ ਵੱਲ ਸਦਾ ਧਿਆਨ ਕਰ। ਜਿਸ ਪ੍ਰਭੂ ਨੇ ਤੈਨੂੰ ਸਿਰਜਿਆ ਹੈ ਉਸਨੂੰ ਚੇਤੇ ਰੱਖ। ਉਹ ਹੀ ਸਦਾ ਤੇਰੇ ਨਾਲ਼ ਨਿਭਦਾ ਹੈ।

## ਅਸਟਪਦੀ ॥

**ਰਮਈਆ ਕੇ ਗੁਨ ਚੇਤਿ ਪਰਾਨੀ ॥**
**ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥**

ਕਰਤਾ ਪੁਰਖ ਪਰਮਾਤਮਾ ਦੇ ਗੁਣ/ਵਡਿਆਈ ਨੂੰ ਚੇਤੇ ਰੱਖ; ਤੇਰੇ ਮੁੱਢ ਤੋਂ ਹੁਣ ਤੱਕ ਜੋ ਵੀ ਦਿੱਸ ਰਿਹਾ ਪਸਾਰਾ ਹੈ (ਸਭ ਓਸੇ ਦਾ ਹੀ ਕੀਤਾ ਹੈ)।

**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥**
**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**

ਜਿਸਨੇ ਤੈਨੂੰ ਬਣਾ ਕੇ ਐਨਾਂ ਸੋਹਣਾਂ ਸਵਾਰਿਆ ਹੋਇਆ ਹੈ; ਜਿਸਨੇ ਮਾਂ ਦੇ ਗਰਭ ਦੀ ਅੱਗ/ਸੇਕ ਵਿੱਚੋਂ ਤੈਨੂੰ ਕੱਢਿਆ (ਤਿਆਰ ਕੀਤਾ)।

**ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥**
**ਭਰਿ ਜੋਬਨ ਭੋਜਨ ਸੁਖ ਸੂਧ ॥**

ਪਰ, ਬਚਪਨ ਤੂੰ ਦੁੱਧ ਦੇ ਪਿਆਰ ਵਿੱਚ ਲੰਘਾ ਲਿਆ; ਜੁਆਨੀ 'ਚ ਖਾਣ-ਪੀਣ ਦੇ ਸੁੱਖਾਂ ਵੱਲ ਹੀ ਸੁਧ/ਧਿਆਨ ਰਿਹਾ।

**ਬਿਰਧਿ ਭਇਆ ਊਪਰਿ ਸਾਕ ਸੈਨ ॥**
**ਮੁਖਿ ਅਪਿਆਉ ਬੈਠ ਕਉ ਦੈਨ ॥**

ਰਿਸ਼ਤੇ ਨਾਤੇ ਨਿਭਾਉਂਦਾ ਬੁੱਢਾ ਹੋ ਗਿਆ, ਤੇ ਫਿਰ ਥੱਕ ਕੇ ਬੈਠਾ ਉਨ੍ਹਾਂ ਤੋਂ ਹੀ ਆਸਾਂ ਲਾ ਲਈਆਂ।

**ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥**
**ਬਖਸਿ ਲੇਹੁ ਤਉ ਨਾਨਕ ਸੀਝੈ ॥੧॥**

ਇਨ੍ਹਾਂ ਸਭ 'ਚ ਉਲ਼ਝਿਆ ਨਿਰਗੁਣਿਆਰੇ ਮਨ ਨੇ ਰੱਬੀ ਦਾਤਾਂ ਨੂੰ ਜਾਣਿਆ ਹੀ ਨਹੀਂ; ਹੇ ਪ੍ਰਭੂ ! ਇਸ ਨਿਰਗੁਣਿਆਰੇ ਮਨ ਨੂੰ ਰੱਬੀ ਗੁਣ/ਸ਼ੁਕਰਾਨੇ ਦੀ ਦਾਤ ਬਖਸ਼ੋ ਤਾਂ ਜੀਵਨ ਸਫਲ ਹੋ ਜਾਵੇ।

**ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥**

**ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥**

ਜਿਸ ਪ੍ਰਭੁ ਦੀ ਕਿਰਪਾ ਨਾਲ਼ ਤੂੰ (ਮਨਾ!) ਇਸ ਧਰਤੀ ਉੱਤੇ ਸੁਖੀ ਵੱਸਦਾ ਹੈਂ; ਬਾਲ-ਬੱਚੇ, ਦੋਸਤ-ਮਿੱਤਰ ਤੇ ਪਰਿਵਾਰ ਨਾਲ਼ ਖੁਸ਼ ਹੁੰਦਾ ਹੈਂ।

**ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥**

**ਸੁਖਦਾਈ ਪਵਨੁ ਪਾਵਕੁ ਅਮੁਲਾ ॥**

ਜਿਸਦੀ ਮਿਹਰ ਨਾਲ਼ ਮਿਲ਼ੇ ਪਾਣੀ ਨੂੰ ਪੀ ਕੇ ਜੀਊਂਦਾ ਹੈਂ; ਜੀਵਨ ਦੇਣ ਵਾਲ਼ੀ ਹਵਾ, ਤੇ ਅਨਮੋਲ ਅੱਗ ਨਾਲ਼ ਜੀਵਨ ਦੇ ਕਾਰਜ ਕਰ ਰਿਹਾ ਹੈਂ।

**ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥**

**ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥**

ਜਿਸਦੀ ਕਿਰਪਾ ਨਾਲ਼ ਹਰ ਤਰ੍ਹਾਂ ਦੇ ਭੋਜਨ ਦਾ ਸੁਆਦ ਲੈ ਰਿਹਾ ਹੈਂ; ਤੇ ਸਾਰੇ ਪਦਾਰਥਾਂ ਨਾਲ਼ ਜੀਵਨ ਬਸਰ ਕਰ ਰਿਹਾ ਹੈਂ।

**ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥**

**ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥**

ਜਿਸ ਪਰਮਾਤਮਾ ਨੇ ਤੈਨੂੰ ਹੱਥ, ਪੈਰ, ਕੰਨ, ਅੱਖਾਂ, ਜ਼ੁਬਾਨ ਆਦਿਕ ਦਿੱਤਾ ਹੈ; ਉਸ ਪਰਮਾਤਮਾ ਨੂੰ ਛੱਡ ਕੇ ਤੂੰ ਹੋਰ (ਵਿਕਾਰਾਂ) ਨਾਲ਼ ਪਿਆਰ ਪਾਈ ਬੈਠਾ ਹੈਂ।

**ਐਸੇ ਦੋਖ ਮੂੜ ਅੰਧ ਬਿਆਪੇ ॥**

**ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥**

ਅਪਣੀ ਮੂਰਖਤਾ 'ਚ ਅੰਨੇ ਹੋਏ ਮਨ ਨੂੰ ਹੀ ਵਿਕਾਰਾਂ ਦੇ ਰੋਗ ਲੱਗਦੇ ਨੇ; ਇਨ੍ਹਾਂ ਬਿਮਾਰੀਆਂ ਚੋਂ ਨਿਕਲਣਾ ਵਿਕਾਰੀ ਮਨ ਦੇ ਵੱਸ ਨਹੀਂ। ਪ੍ਰਭੂ ਨੂੰ ਆਪਾ ਸੌਂਪ ਕੇ ਇਹ ਅਰਦਾਸ ਕਰ ਕਿ ਉਹ ਇਨ੍ਹਾਂ 'ਚੋਂ ਆਪ ਕੱਢ ਲਵੇ।

**ਆਦਿ ਅੰਤਿ ਜੋ ਰਾਖਨਹਾਰੁ ॥**

**ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥**

ਸ਼ੁਰੂ ਤੋਂ ਅਖੀਰ ਤੱਕ ਜੋ ਪਰਮਾਤਮਾ ਮੇਰੀ ਰੱਖਿਆ ਕਰਦਾ ਹੈ; ਉਸ ਨਾ.ਲ ਮੇਰਾ ਮੂਰਖ ਮਨ ਪਿਆਰ ਹੀ ਨਹੀਂ ਪਾਉਂਦਾ।

**ਜਾ ਕੀ ਸੇਵਾ ਨਵ ਨਿਧਿ ਪਾਵੈ ॥**

**ਤਾ ਸਿਉ ਮੂੜਾ ਮਨੁ ਨਹੀ ਲਾਵੈ ॥**

ਜਿਸਦੀ ਸੇਵਾ (ਹੁਕਮ ਮੰਨਣ) ਨਾ.ਲ ਅੰਦਰੋਂ (ਸੁੱਖ-ਚੈਨ ਦੇ) ਸਾਰੇ ਖਜ਼ਾਨੇ ਮਿ.ਲਦੇ ਨੇ; ਉਸ ਪ੍ਰਭੂ ਨਾ.ਲ ਇਹ ਮੂਰਖ ਮਨ ਖੁਦ ਨੂੰ ਲਾਉਂਦਾ ਹੀ ਨਹੀਂ।

**ਜੋ ਠਾਕੁਰੁ ਸਦ ਸਦਾ ਹਜੂਰੇ ॥**

**ਤਾ ਕਉ ਅੰਧਾ ਜਾਨਤ ਦੂਰੇ ॥**

ਜੋ ਪਰਮਾਤਮਾ ਸਦਾ ਹੀ ਮੇਰੇ ਨਾ.ਲ ਹੈ; ਉਸ ਨੂੰ ਇਹ ਅੰਨ੍ਹਾ ਮਨ ਦੂਰ ਸਮਝਦਾ ਹੈ।

**ਜਾ ਕੀ ਟਹਲ ਪਾਵੈ ਦਰਗਹ ਮਾਨੁ ॥**

**ਤਿਸਹਿ ਬਿਸਾਰੈ ਮੁਗਧੁ ਅਜਾਨੁ ॥**

ਜਿਸਦੀ ਸੇਵਾ (ਹੁਕਮ ਮੰਨਣ) ਨਾ.ਲ ਅੰਦਰੋਂ ਮਾਣ ਮਿ.ਲਦਾ ਹੈ; ਓਸੇ ਰੱਬ ਨੂੰ ਇਹ ਮੂਰਖ ਮਨ ਭੁਲਾਈ ਬੈਠਾ ਹੈ।

**ਸਦਾ ਸਦਾ ਇਹੁ ਭੂਲਨਹਾਰੁ ॥**

**ਨਾਨਕ ਰਾਖਨਹਾਰੁ ਅਪਾਰੁ ॥੩॥**

ਮੇਰਾ ਮਨ (ਰੱਬ ਨੂੰ ਭੁੱਲ ਕੇ) ਸਦਾ ਹੀ ਭੁੱਲਾਂ ਕਰਦਾ ਰਹਿੰਦਾ ਹੈਂ; ਭੁੱਲ ਜਾਂਦਾ ਹੈ ਕਿ ਉਹ ਰੱਖਿਆ ਕਰਨਵਾ.ਲਾ ਅਪਾਰ ਪ੍ਰਭੂ ਸਦਾ ਮੇਰੇ ਨਾ.ਲ ਹੈ।

**ਰਤਨੁ ਤਿਆਗਿ ਕਉਡੀ ਸੰਗਿ ਰਚੈ ॥**

**ਸਾਚੁ ਛੋਡਿ ਝੂਠ ਸੰਗਿ ਮਚੈ ॥**

ਅਪਣੇ ਅੰਦਰ ਵੱਸਦੇ ਕੀਮਤੀ ਰਤਨ (ਪਰਮਾਤਮਾ) ਨੂੰ ਛੱਡ ਕੇ ਮਨ ਬਾਹਰੀ ਸੁੱਖਾਂ ਦੀਆਂ ਕੌਡੀਆਂ 'ਚ ਮਸਤ ਹੈ; ਸਦਾ ਨਾਲ਼ ਰਹਿਣ ਵਾਲ਼ੇ ਪਰਮਾਤਮਾ ਨੂੰ ਛੱਡ ਕੇ ਥੋੜ੍ਹ-ਚਿਰੇ ਸੁੱਖਾਂ ਨੂੰ ਚਾਹੁੰਦਾ ਹੈ।

**ਜੋ ਛਡਨਾ ਸੁ ਅਸਥਿਰੁ ਕਰਿ ਮਾਨੈ ॥**

**ਜੋ ਹੋਵਨੁ ਸੋ ਦੂਰਿ ਪਰਾਨੈ ॥**

ਜੋ ਸਦਾ ਨਹੀਂ ਰਹਿਣਾ ਉਸ ਨੂੰ ਸਮਝਦਾ ਹੈ ਕਿ ਸਦਾ ਮੇਰੇ ਕੋਲ਼ ਹੀ ਰਹੇਗਾ; ਜੋ ਅੰਦਰ ਬੈਠਾ ਰੱਬ ਸਦਾ ਨਾਲ਼ ਹੈ ਉਸਨੂੰ ਦੂਰ ਕੀਤਾ ਹੋਇਆ ਹੈ।

**ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥**

**ਸੰਗਿ ਸਹਾਈ ਤਿਸੁ ਪਰਹਰੈ ॥**

ਜਿਸ ਬਾਹਰੀ ਪਸਾਰੇ ਨੇ ਛੱਡ ਹੀ ਦੇਣਾ ਹੈ ਉਸ ਲਈ ਭੱਜਾ ਫਿਰਦਾ ਹੈ ਜੋ ਸਦਾ ਨਾਲ਼ ਹੈ ਉਸ ਨੂੰ ਛੱਡਿਆ ਹੋਇਆ ਹੈ।

**ਚੰਦਨ ਲੇਪੁ ਉਤਾਰੈ ਧੋਇ ॥**

**ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥**

ਮਨ ਉਸ ਗਧੇ ਵਰਗਾ ਹੈ ਜਿਸਨੂੰ ਚੰਦਨ ਦਾ ਲੇਪ ਕਰੋ ਤਾਂ ਉਸਨੂੰ ਚੰਗਾ ਨਹੀਂ ਲੱਗਦਾ, ਪਰ ਛਪੜ 'ਚ ਲਿਟ ਕੇ ਲੱਗੇ ਗਾਰੇ ਨਾਲ਼ ਉਸਨੂੰ ਪਿਆਰ ਹੈ।

**ਅੰਧ ਕੂਪ ਮਹਿ ਪਤਿਤ ਬਿਕਰਾਲ ॥**

**ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥**

ਮੈਂ ਇਹ ਅਰਦਾਸ ਕਰਾਂ ਕਿ, ਹੇ ਪਰਮਾਤਮਾ! ਵਿਕਾਰਾਂ ਦੇ ਅੰਨ੍ਹੇ ਖੂਹ ਵਿਚ ਪੈ ਕੇ ਪਾਪੀ ਹੋਏ ਇਸ ਮਨ ਨੂੰ ਦਇਆ ਕਰਕੇ ਕੱਢ ਲਵੋ।

**ਕਰਤੂਤਿ ਪਸੂ ਕੀ    ਮਾਨਸ ਜਾਤਿ ॥**
**ਲੋਕ ਪਚਾਰਾ    ਕਰੈ ਦਿਨੁ ਰਾਤਿ ॥**

ਬਾਹਰੋਂ ਤਾਂ ਮੈਂ ਮਨੁੱਖ/ਬੰਦਾ ਹਾਂ, ਪਰ ਕਰਤੂਤਾਂ ਪਸ਼ੂਆਂ ਵਾਲ਼ੀਆਂ ਨੇ (ਕੰਮ ਬੰਦਿਆ ਵਾਲ਼ੇ ਨਹੀਂ); ਲੋਕਾਂ ਨੂੰ ਖੁਸ਼ ਕਰਨ ਲਈ (ਬਾਹਰੀ ਦੌਲਤ-ਸ਼ੁਹਰਤ ਲਈ) ਹੀ ਦਿਨ ਰਾਤ ਦੌੜ ਰਿਹਾ ਹਾਂ।

**ਬਾਹਰਿ ਭੇਖ    ਅੰਤਰਿ ਮਲੁ ਮਾਇਆ ॥**
**ਛਪਸਿ ਨਾਹਿ    ਕਛੁ ਕਰੈ ਛਪਾਇਆ ॥**

ਬਾਹਰੋਂ ਭਲੇ (ਇਨਸਾਨ) ਹੋਣ ਦਾ ਅਡੰਬਰ ਕਰਦਾ ਹਾਂ, ਪਰ ਅੰਦਰੋਂ ਵਿਕਾਰਾਂ ਦੀ ਮੈਲ਼ ਭਰੀ ਹੋਈ ਹੈ; ਲੁਕਾਉਣ ਦੀ ਕੋਸ਼ਿਸ਼ ਤਾਂ ਬਹਤ ਕਰਦਾ ਹਾਂ, ਪਰ ਇਹ ਮੈਲ਼ ਲੁੱਕਦੀ ਨਹੀਂ।

**ਬਾਹਰਿ    ਗਿਆਨ ਧਿਆਨ ਇਸਨਾਨ ॥**
**ਅੰਤਰਿ ਬਿਆਪੈ    ਲੋਭੁ ਸੁਆਨੁ ॥**

ਬਾਹਰੋਂ ਤੀਰਥ ਦੇ ਇਸ਼ਨਾਨ, ਬੜਾ ਗਿਆਨ-ਧਿਆਨ ਕਰਦਾ ਹਾਂ; ਅੰਦਰ ਲਾਲਚ ਵੱਢ ਵੱਢ ਕੇ ਖਾ ਰਿਹਾ ਹੈ।

**ਅੰਤਰਿ ਅਗਨਿ    ਬਾਹਰਿ ਤਨੁ ਸੁਆਹ ॥**
**ਗਲਿ ਪਾਥਰ    ਕੈਸੇ ਤਰੈ ਅਥਾਹ ॥**

ਅੰਦਰੋਂ ਤ੍ਰਿਸ਼ਨਾ-ਨਫਰਤ-ਈਰਖਾ ਦੀ ਅੱਗ ਸਾੜ ਰਹੀ ਹੈ, ਬਾਹਰੋਂ ਸ਼ਰੀਰ 'ਤੇ ਸੁਆਹ ਮਲ਼ ਕੇ ਧਰਮੀ ਹੋਣ ਦਾ ਨਾਟਕ ਕਰ ਰਿਹਾ ਹਾਂ। ਜਿਵੇਂ ਗਲ਼ 'ਚ ਪੱਥਰ ਲਮਕਾ ਕੇ ਤਰਿਆ ਨਹੀਂ ਜਾਂਦਾ, ਉਸੇ ਤਰ੍ਹਾਂ ਅੰਦਰੋਂ ਵਿਕਾਰੀ ਹੋ ਕੇ ਭਲੇ ਬਣਨ ਦਾ ਇਹ ਪਖੰਡ ਕੋਈ ਲਾਭ ਨਹੀਂ ਦੇਂਦਾ।

**ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥**

**ਨਾਨਕ ਤੇ ਜਨ ਸਹਜਿ ਸਮਾਤਿ ॥੫॥**

ਜਿਸ ਦੇ ਅੰਦਰ ਪਰਮਾਤਮਾ ਦਾ ਪਿਆਰ/ਸ਼ੁਕਰਾਨਾ ਵੱਸ ਗਿਆ ਹੈ; ਉਹ ਸਹਿਜ ਹੀ ਉਸ ਅੰਦਰ ਬੈਠੇ ਪਰਮਾਤਮਾ ਵਿੱਚ ਸਮਾਇਆ ਰਹਿੰਦਾ ਹੈ।

**ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥**

**ਕਰੁ ਗਹਿ ਲੇਹੁ ਓੜਿ ਨਿਬਹਾਵੈ ॥**

ਸੁਣ ਮਨਾ! ਅੰਨ੍ਹੇ ਨੂੰ ਆਪ ਰਾਹ ਨਹੀਂ ਦਿੱਸਦਾ।ਕੋਈ ਹੱਥ ਫੜ੍ਹ ਕੇ ਉਸਨੂੰ ਮੰਜ਼ਲ ਤੱਕ ਪਹੁੰਚਾ ਸਕਦਾ ਹੈ

**ਕਹਾ ਬੁਝਾਰਤਿ ਬੂਝੈ ਡੋਰਾ ॥**

**ਨਿਸਿ ਕਹੀਐ ਤਉ ਸਮਝੈ ਭੋਰਾ ॥**

ਬੋਲ਼ੇ ਨੂੰ ਬੁਝਾਰਤ ਪਾਓਗੇ ਤਾਂ ਉਸਨੇ ਸੁਲਝਾਉਣੀ ਤਾਂ ਕੀ, ਸਗੋਂ ਰਾਤ ਕਹੋਗੇ ਉਹ ਦਿਨ ਸਮਝੇਗਾ।

**ਕਹਾ ਬਿਸਨਪਦ ਗਾਵੈ ਗੁੰਗ ॥**

**ਜਤਨ ਕਰੈ ਤਉ ਭੀ ਸੁਰ ਭੰਗ ॥**

ਗੂੰਗਾ ਗੀਤ ਨਹੀਂ ਗਾ ਸਕਦਾ। ਕੋਸ਼ਿਸ਼ ਵੀ ਕਰੇ ਤਾਂ ਬੇਸੁਰੀਆ ਅਵਾਜ਼ਾਂ ਹੀ ਕੱਢੇਗਾ।

**ਕਹ ਪਿੰਗੁਲ ਪਰਬਤ ਪਰ ਭਵਨ ॥**

**ਨਹੀ ਹੋਤ ਊਹਾ ਉਸੁ ਗਵਨ ॥**

ਹੱਥਾਂ-ਪੈਰਾਂ ਤੋਂ ਪਿੰਗਲਾ/ਮਹਿਰੂਮ ਦਾ ਪਰਬਤਾਂ ਉੱਤੇ ਘਰ ਹੋਵੇ, ਉਹ ਓਥੇ ਤੁਰ ਕੇ ਨਹੀਂ ਜਾ ਸਕਦਾ।

**ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥**

**ਨਾਨਕ ਤੁਮਰੀ ਕਿਰਪਾ ਤਰੈ ॥੬॥**

ਮੇਰੇ ਮਨਾ ਇਹ ਅਰਦਾਸ ਕਰ ਕਿ, ਹੇ ਪ੍ਰਭੂ! ਮੈਂ (ਵਿਕਾਰਾਂ 'ਚ ਖੁਦ ਨੂੰ ਲੁਟਾ ਕੇ ਹੋਇਆ) ਦੀਨ/ਗਰੀਬ ਤੇਰੀ ਕਿਰਪਾ ਨਾਲ਼ ਬਚ ਸਕਦਾ ਹਾਂ।

**ਸੰਗਿ ਸਹਾਈ ਸੁ ਆਵੈ ਨ ਚੀਤਿ ॥**

**ਜੋ ਬੈਰਾਈ ਤਾ ਸਿਉ ਪ੍ਰੀਤਿ ॥**

ਜੋ ਪ੍ਰਭੂ ਸਦਾ ਮੇਰੇ ਨਾਲ਼ ਸਹਾਈ ਹੁੰਦਾ ਹੈ, ਮੈਂ ਉਸਦਾ ਖਿਆਲ ਹੀ ਨਹੀਂ ਕਰਦਾ; ਜੋ ਵਿਕਾਰ/ਐਬ ਮੇਰੇ ਅਸਲ ਦੁਸ਼ਮਨ/ਵੈਰੀ ਨੇ, ਉਨ੍ਹਾਂ ਨਾਲ਼ ਮੈਂ ਪਿਆਰ ਪਾਈ ਬੈਠਾ ਹਾਂ।

**ਬਲੂਆ ਕੇ ਗ੍ਰਿਹ ਭੀਤਰਿ ਬਸੈ ॥**

**ਅਨਦ ਕੇਲ ਮਾਇਆ ਰੰਗਿ ਰਸੈ ॥**

ਬਾਹਰੀ ਸੁਖਾਂ ਦੇ ਰਸ 'ਚ ਮਸਤ ਹੋਇਆ ਮੈਂ ਰੇਤ ਦੇ ਘਰ 'ਚ ਬੈਠਾ ਹਾਂ (ਜੋ ਸਦਾ ਨਹੀਂ ਰਹਿੰਦਾ)।

**ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥**

**ਕਾਲੁ ਨ ਆਵੈ ਮੂੜੇ ਚੀਤਿ ॥**

ਵਿਕਾਰੀ ਮਨ ਉੱਤੇ ਮੈਨੂੰ ਐਨਾਂ ਭਰੋਸਾ ਹੈ ਕਿ ਇਸਦੀਆਂ ਗੱਲਾਂ ਨੂੰ ਮੈਂ ਪੱਕੇ ਹੋ ਕੇ ਮੰਨਦਾ ਹਾਂ; ਮਨ ਦੇ ਮਗਰ ਲੱਗੇ ਹੋਏ ਦੀ ਇਹ ਮੂਰਖਤਾ ਹੈ ਕਿ ਮੈਨੂੰ ਇਹ ਯਾਦ ਹੀ ਨਹੀਂ ਕਿ ਏਥੇ ਸਦਾ ਨਹੀਂ ਰਹਿਣਾ।

**ਬੈਰ ਬਿਰੋਧ ਕਾਮ ਕ੍ਰੋਧ ਮੋਹ ॥**

**ਝੂਠ ਬਿਕਾਰ ਮਹਾ ਲੋਭ ਧ੍ਰੋਹ ॥**

ਮਨ ਦੇ ਮਗਰ ਲੱਗ ਕੇ ਸਦਾ ਵੈਰ-ਵਿਰੋਧ, ਕਾਮ-ਕ੍ਰੋਧ-ਮੋਹ, ਝੂਠ, ਵਿਕਾਰ, ਲਾਲਚ ਅਤੇ ਧ੍ਰੋਹ ਕਮਾਉਂਦਾ ਹਾਂ।

**ਇਆਹੂ ਜੁਗਤਿ ਬਿਹਾਨੇ ਕਈ ਜਨਮ ॥**

**ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥**

ਇਨ੍ਹਾਂ ਵਿਕਾਰਾਂ 'ਚ ਹੀ ਜੰਮਦਾ ਮਰਦਾ ਰਹਿੰਦਾ ਹਾਂ। ਇਸ ਲਈ, ਹੇ ਪ੍ਰਭੂ! ਅਪਣੀ ਕਿਰਪਾ ਕਰਕੇ ਮੈਨੂੰ ਇਨ੍ਹਾਂ ਵਿਕਾਰਾਂ ਤੋਂ ਬਚਾ ਲਵੋ।

**ਤੂ ਠਾਕੁਰੁ ਤੁਮ ਪਹਿ ਅਰਦਾਸਿ ॥**

**ਜੀਉ ਪਿੰਡੁ ਸਭੁ ਤੇਰੀ ਰਾਸਿ ॥**

ਹੇ ਪ੍ਰਭੂ! ਤੁਸੀਂ ਹੀ ਮੇਰੇ ਮਾਲਕ ਹੋ, ਤੁਹਾਡੇ ਅੱਗੇ ਹੀ ਅਰਜ਼ ਕਰਦਾ ਹਾਂ; ਇਹ ਜੀਵਨ, ਇਹ ਸ਼ਰੀਰ, ਇਹ ਸਭ ਤੇਰਾ ਦਿੱਤਾ ਹੈ।

**ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥**

**ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥**

ਤੂੰ ਹੀ ਮੇਰਾ ਮਾਂ-ਬਾਪ ਹੈਂ, ਮੈਂ ਤੇਰਾ ਬੱਚਾ ਹਾਂ। ਤੇਰੀ ਕਿਰਪਾ ਵਿੱਚ ਹੀ ਸਭ ਸੁੱਖ ਮੈਨੂੰ ਮਿਲ਼ਦੇ ਨੇ।

**ਕੋਇ ਨ ਜਾਨੈ ਤੁਮਰਾ ਅੰਤੁ ॥**

**ਊਚੇ ਤੇ ਊਚਾ ਭਗਵੰਤ ॥**

ਕੋਈ ਤੇਰਾ ਅੰਤ ਨਹੀਂ ਜਾਣਦਾ, ਤੂੰ ਸਭ ਤੋਂ ਵੱਡਾ ਹੈਂ।

**ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥**

**ਤੁਮ ਤੇ ਹੋਇ ਸੁ ਆਗਿਆਕਾਰੀ ॥**

ਇਹ ਸਾਰਾ ਕੁਝ ਤੇਰੇ ਹੀ ਹੁਕਮ ਵਿੱਚ ਬਣਿਆ ਚੱਲ ਰਿਹਾ ਹੈ। ਤੇਰੇ ਹੁਕਮ ਵਿੱਚ ਜੀਉਣਾ ਵੀ ਤੇਰੀ ਕਿਰਪਾ ਨਾਲ਼ ਹੀ ਹੈ।

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥

ਨਾਨਕ ਦਾਸ ਸਦਾ ਕੁਰਬਾਨੀ ॥੮॥੪॥

ਤੇਰਾ ਵਿਸਤਾਰ ਤੂੰ ਆਪ ਹੀ ਜਾਣਦਾ ਹੈਂ, ਮੈਂ ਸਦਾ ਤੇਰੇ ਤੋਂ ਕੁਰਬਾਣ ਜਾਂਦਾ ਹਾਂ (ਅਪਣੇ ਆਪ ਨੂੰ ਤੇਰੇ ਹੁਕਮ ਨੂੰ ਸੌਂਪਦਾ ਹਾਂ)

ਸਲੋਕੁ ॥

ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥

ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥

ਮੇਰੇ ਮਨਾ! ਤੂੰ ਦੇਵਣਹਾਰ ਪਰਮਾਤਮਾ ਨੂੰ ਛੱਡ ਕੇ ਵਿਕਾਰਾਂ ਦੇ ਸੁਆਦਾਂ 'ਚ ਪਿਆ ਹੈਂ। ਇਸ ਕਰਕੇ ਤੇਰਾ ਕੁਝ ਵੀ ਨਹੀਂ ਸੁਆਰਿਆ ਜਾਣਾ। ਸਗੋਂ ਉਸਦੇ ਹੁਕਮ ਤੋਂ ਟੁੱਟ ਕੇ ਅਪਣੀ ਪੱਤ ਹੀ ਗੁਆਉਂਦਾ ਹੈਂ।

ਅਸਟਪਦੀ ॥

ਦਸ ਬਸਤੂ ਲੇ ਪਾਛੈ ਪਾਵੈ॥

ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥

ਮੇਰੇ ਮਨਾ! ਰੱਬ ਦੀਆਂ ਬੇਅੰਤ ਦਾਤਾਂ ਜੋ ਮਿਲ਼ੀਆਂ ਨੇ, ਉਨ੍ਹਾਂ ਨੂੰ ਪਾਸੇ ਕਰਕੇ ਤੂੰ ਅਪਣੀ ਇੱਕ ਅਕਿਰਤਘਣਤਾ/ਨਾਸ਼ੁਕਰੀ ਕਰਕੇ ਜੀਵਨ ਨੂੰ ਸ਼ਿਕਾਇਤਾਂ ਵਿੱਚ ਵਿਅਰਥ ਗੁਆ ਰਿਹਾ ਹੈਂ।

ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥

ਤਉ ਮੂੜਾ ਕਹੁ ਕਹਾ ਕਰੇਇ ॥

ਤੂੰ ਇਹ ਇੱਕ ਔਗਣ ਨਾ ਛੱਡਣ ਕਰਕੇ ਉਨ੍ਹਾਂ ਸਾਰੀਆਂ ਦਾਤਾਂ ਤੋਂ ਮਿਲਣ ਵਾਲ਼ੇ ਸੁੱਖ ਵੀ ਗੁਆ ਲੈਂਦਾ ਹੈਂ।ਮੂਰਖ ਮਨਾ! ਤਾਂ ਦੱਸ ਹੁਣ ਰੱਬ ਇਸ 'ਚ ਕੀ ਕਰੇ?

**ਜਿਸੁ ਠਾਕੁਰ ਸਿਉ ਨਾਹੀ ਚਾਰਾ ॥**

**ਤਾ ਕਉ ਕੀਜੈ ਸਦ ਨਮਸਕਾਰਾ ॥**

ਜਿਸ ਪਰਮਾਤਮਾ ਨਾਲ਼ ਤੂੰ ਕੋਈ ਸੰਬੰਧ/ਚਾਰਾ ਨਹੀਂ ਬਣਾਇਆ (ਨਾ ਸ਼ੁਕਰਾ ਬਣਿਆ ਹੋਇਆ ਹੈਂ); ਉਸ ਪ੍ਰਭੂ ਨੂੰ ਸਦਾ ਨਮਸ਼ਕਾਰ ਕਰਿਆ ਕਰ (ਸ਼ੁਕਰਾਨਾ ਕਰਿਆ ਕਰ)।

**ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥**

**ਸਰਬ ਸੂਖ ਤਾਹੂ ਮਨਿ ਵੂਠਾ ॥**

ਚੇਤੇ ਰੱਖ ਕਿ ਜਿਸ ਦਾ ਵੀ ਪਿਆਰ ਅੰਦਰ ਵੱਸਦੇ ਪਰਮਾਤਮਾ ਨਾਲ਼ ਬਣਿਆ ਹੈ; ਉਸਦੇ ਮਨ ਅੰਦਰ ਹੀ ਸਾਰੇ ਸੁੱਖ ਆ ਵੱਸਦੇ ਨੇ।

**ਜਿਸੁ ਜਨ ਅਪਨਾ ਹੁਕਮੁ ਮਨਾਇਆ ॥**

**ਸਰਬ ਥੋਕ ਨਾਨਕ ਤਿਨਿ ਪਾਇਆ ॥੧॥**

ਜਿਸਨੇ ਵੀ ਉਸ ਪਰਮਾਤਮਾ ਨੂੰ ਅਪਣਾ ਮਾਲਕ ਮੰਨ ਲਿਆ ਹੈ; ਉਸਨੇ ਅਪਣੇ ਅੰਦਰ ਹੀ ਸਾਰੇ ਸੁੱਖ ਥੋਕ ਵਿੱਚ ਹਾਸਲ ਕਰ ਲਏ।

**ਅਗਨਤ ਸਾਹੁ ਅਪਨੀ ਦੇ ਰਾਸਿ ॥**

**ਖਾਤ ਪੀਤ ਬਰਤੈ ਅਨਦ ਉਲਾਸਿ ॥**

(ਰੱਬੀ ਹੁਕਮ 'ਚ ਮਿਲ਼ਿਆ) ਇਹ ਜੀਵਨ/ਸਾਹ ਅਪਣੇ ਖਜ਼ਾਨੇ 'ਚੋਂ ਬਹੁਤ ਕੁਝ ਦੇਂਦਾ ਹੈ; ਜਿਸ ਵਿੱਚ ਅਸੀਂ ਖਾਂਦੇ, ਪੀਂਦੇ, ਵਰਤਦੇ ਖੁਸ਼ੀਆਂ ਤੇ ਅਨੰਦ ਮਾਣਦੇ ਹਾਂ।

**ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥**

**ਅਗਿਆਨੀ ਮਨਿ ਰੋਸੁ ਕਰੇਇ ॥**

ਪਰ ਜਦੋਂ ਏਸੇ ਜੀਵਨ ਦੇ ਨਿਯਮ ਵਿੱਚ ਕੁਝ ਛੁੱਟ/ਚਲਿਆ ਜਾਂਦਾ ਹੈ; ਤਾਂ ਇਹ ਮਨ ਜ਼ਿੰਦਗੀ ਤੋਂ ਹੀ ਨਰਾਜ਼/ਨਿਰਾਸ਼ ਹੋ ਕੇ ਬਹਿ ਜਾਂਦਾ ਹੈ।

**ਅਪਨੀ ਪਰਤੀਤਿ ਆਪ ਹੀ ਖੋਵੈ ॥**

**ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥**

ਆਪ ਹੀ ਅਪਣਾ ਆਤਮ-ਵਿਸ਼ਵਾਸ ਗੁਆ ਲੈਂਦਾ ਹੈ; ਫਿਰ ਇਹ ਮਨ ਉਸ (ਜੀਵਨ) 'ਤੇ ਭਰੋਸਾ ਨਹੀਂ ਕਰ ਪਾਉਂਦਾ।

**ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥**

**ਪ੍ਰਭ ਕੀ ਆਗਿਆ ਮਾਨੈ ਮਾਥੈ ॥**

ਪਰ ਜੇ ਅਸੀਂ ਇਹ ਜੀਵਨ ਦੇਣ ਵਾਲ਼ੇ ਪਰਮਾਤਮਾ ਨੂੰ ਅੱਗੇ (ਧਿਆਨ ਵਿੱਚ) ਰੱਖੀਏ; ਤੇ ਉਸਦੇ ਹੁਕਮ ਨੂੰ ਸਿਰ ਮੱਥੇ ਮੰਨੀਏ (ਉਸ ਅਨੁਸਾਰ ਚੱਲੀਏ)।

**ਉਸ ਤੇ ਚਉਗੁਨ ਕਰੈ ਨਿਹਾਲੁ ॥**

**ਨਾਨਕ ਸਾਹਿਬੁ ਸਦਾ ਦਇਆਲੁ ॥੨॥**

ਉਸ ਰੱਬੀ ਹੁਕਮ 'ਤੇ ਚੱਲਣ ਨਾ਼ਲ ਜੀਵਨ 'ਚ ਕਈ ਗੁਣਾਂ ਹੋਰ ਅਨੰਦ ਆ ਜਾਂਦਾ ਹੈ। (ਤੇ ਮਨ ਜਾਣ ਲੈਂਦਾ ਹੈ ਕਿ) ਇਹ ਸਭ ਦਾਤਾਂ ਦੇਣ ਵਾਲ਼ਾ ਪ੍ਰਭੂ ਸਦਾ ਤੋਂ ਮੇਰੇ 'ਤੇ ਦਇਆ ਕਰ ਰਿਹਾ ਹੈ।

**ਅਨਿਕ ਭਾਤਿ ਮਾਇਆ ਕੇ ਹੇਤ॥**

**ਸਰਪਰ ਹੋਵਤ ਜਾਨੁ ਅਨੇਤ॥**

ਮਨਾ! ਇਹ ਜੋ ਬਾਹਰੀ ਸੁੱਖਾਂ ਦੇ ਭਰਮਾਂ ਨਾ਼ਲ ਹੇਤ/ਪਿਆਰ ਹੈ, ਇਹ ਜਾਣ ਕਿ ਇਹ ਬਦਲਦਾ ਰਹਿੰਦਾ ਹੈ। ਸਦਾ ਇੱਕ ਜਿਹਾ ਨਹੀਂ ਰਹਿੰਦਾ।

**ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥**

**ਓਹ ਬਿਨਸੈ ਉਹੁ ਮਨਿ ਪਛੁਤਾਵੈ ॥**

ਜਿਵੇਂ ਰੁੱਖ ਦੀ ਛਾਂ ਨਾ਼ਲ ਪਿਆਰ ਪਾਓ, ਤੇ ਉਸਦੇ ਬਦਲਣ/ਮੁੱਕਣ ਨਾ਼ਲ ਮਨ ਦੁਖੀ ਹੀ ਹੋਵੇਗਾ।

**ਜੋ ਦੀਸੈ ਸੋ ਚਾਲਨਹਾਰੁ ॥**

**ਲਪਟਿ ਰਹਿਓ ਤਹ ਅੰਧ ਅੰਧਾਰੁ ॥**

ਜੋ ਬਾਹਰ ਦਿੱਸਦਾ ਹੈ ਇਹ ਸਭ ਸਦਾ ਰਹਿਣ ਵਾਲ਼ਾ ਨਹੀਂ। ਪਰ ਮਨਾ! ਤੂੰ ਸਿਰਫ ਇਸ ਬਾਹਰੀ ਸੰਸਾਰ ਨਾਲ਼ ਹੀ ਲਿਪਟਿਆ ਹੋਇਆ ਹੈਂ।

**ਬਟਾਊ ਸਿਉ ਜੋ ਲਾਵੈ ਨੇਹ ॥**

**ਤਾ ਕਉ ਹਾਥਿ ਨ ਆਵੈ ਕੇਹ ॥**

ਜਿਵੇਂ ਰਾਹ ਜਾਂਦੇ ਮੁਸਾਫਰ ਨਾਲ਼ ਪਿਆਰ ਪਾਓ, (ਉਸਨੇ ਤਾਂ ਰੁਕਣਾ ਨਹੀਂ)। ਉਸਦੇ ਜਾਣ ਤੋਂ ਪਛਤਾਵੇ ਤੋਂ ਸਿਵਾ ਕੁਝ ਨਹੀਂ ਮਿਲਣਾ।

**ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥**

**ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥**

ਮਨਾ! ਰੱਬੀ ਹੁਕਮ/ਨਾਮ ਨਾਲ਼ ਪਿਆਰ ਹੀ ਸੁਖ ਦੇਣ ਵਾਲ਼ੀ ਹੈ। ਖੁਦ 'ਤੇ ਦਇਆ ਕਰਕੇ ਅਪਣੇ ਆਪ ਨੂੰ ਇਸ (ਹੁਕਮ ਮੰਨਣ ਵਾਲ਼ੇ) ਪਾਸੇ ਲਗਾ ਲੈ।

**ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥**

**ਮਿਥਿਆ ਹਉਮੈ ਮਮਤਾ ਮਾਇਆ ॥**

ਮੇਰੇ ਮਨਾ! ਇਹ ਸ਼ਰੀਰ, ਧਨ-ਪਦਾਰਥ-ਪਰਵਾਰ, ਇਹ ਸਦਾ ਨਹੀਂ ਰਹਿੰਦੇ। ਇਨ੍ਹਾਂ ਦਾ ਅਹੰਕਾਰ ਤੇ ਮੋਹ ਸਭ ਵਿਅਰਥ ਭਰਮ ਹੈ।

**ਮਿਥਿਆ ਰਾਜ ਜੋਬਨ ਧਨ ਮਾਲ ॥**

**ਮਿਥਿਆ ਕਾਮ ਕ੍ਰੋਧ ਬਿਕਰਾਲ ॥**

ਬਾਹਰੀ ਰਾਜਪਾਟ, ਜੁਆਨੀ, ਦੌਲਤ ਸਦਾ ਨਹੀਂ ਰਹਿੰਦੀ। ਜ਼ਰੂਰਤ ਤੋਂ ਜ਼ਿਆਦਾ ਇਨ੍ਹਾਂ 'ਚ ਉਲਝ ਕੇ ਕਾਮ-ਕ੍ਰੋਧ 'ਚ ਜੀਊਣਾ ਫਜ਼ੂਲ ਹੈ।

**ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥**

**ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥**

ਇਹ ਸੁਖ ਦੇ ਸਾਧਨ -ਰਥ, ਹਾਥੀ, ਘੋੜੇ, ਕਪੜੇ- ਸਭ ਸਦਾ ਨਹੀਂ ਰਹਿੰਦੇ। ਸਿਰਫ ਇਨ੍ਹਾਂ ਦੇ ਰੰਗ/ਪ੍ਰੇਮ ਵਿੱਚ ਇਨ੍ਹਾ ਨੂੰ ਦੇਖ ਦੇਖ ਕੇ ਖੁਸ਼ ਹੋਈ ਜਾਣਾ ਵੀ ਵਿਅਰਥ ਹੈ।

**ਮਿਥਿਆ ਧ੍ਰੋਹ ਮੋਹ ਅਭਿਮਾਨੁ ॥**

**ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥**

ਬਾਹਰੀ ਸੰਸਾਰ ਦੀ ਮੈਂ-ਮੇਰੀ (ਸੁਆਰਥ) ਵਿੱਚ ਦਗਾ/ਧੋਖਾ ਕਰਨਾ, ਤੇ ਫਿਰ ਅਪਣੀਆਂ ਚਲਾਕੀਆਂ ਉੱਪਰ ਗੁਮਾਨ ਕਰਨਾ ਫਜ਼ੂਲ ਹੈ।

**ਅਸਥਿਰੁ ਭਗਤਿ ਸਾਧ ਕੀ ਸਰਨ ॥**

**ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥**

ਗੁਰੂ (ਦੇ ਗਿਆਨ) ਦੀ ਸ਼ਰਣ (ਸਮਰਪਣ) ਵਿੱਚ ਕੀਤੀ ਭਗਤੀ (ਅੰਦਰੋਂ ਸੁਧਾਰ) ਹੀ ਸਦਾ ਸਾਥ ਨਿਭਦੀ ਹੈ। ਅੰਦਰ ਵੱਸਦੇ ਪਰਮਾਤਮਾ ਦੇ ਚਰਣ ਜਪ ਕੇ (ਰੱਬੀ ਹੁਕਮ ਨੂੰ ਸਮਰਪਤ ਹੋ ਕੇ) ਹੀ ਜੀਊਂਦੇ ਹਾਂ। (ਨਹੀਂ ਤਾਂ ਝੂਠੇ ਮਾਣ-ਗੁਮਾਨ 'ਚ ਖਤਮ ਹੋ ਰਹੇ ਹਾਂ)।

**ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥**

**ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥**

ਉਹ ਕੰਨ ਵਿਅਰਥ ਨੇ ਜੋ ਪਰਾਈ ਨਿੰਦਿਆ ਸੁਣਨ ਦੇ ਰਸ 'ਚ ਪਏ ਨੇ। ਉਹ ਹੱਥ ਫਜ਼ੂਲ ਨੇ ਜੋ ਪਰਾਇਆ ਧਨ-ਪਦਾਰਥ ਹਥਿਆਉਣ ਵੱਲ ਲੱਗੇ ਹੋਏ ਨੇ।

**ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥**

**ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥**

ਉਹ ਅੱਖਾਂ ਵਿਅਰਥ ਨੇ ਜੋ ਪਰਾਇਆ ਰੂਪ-ਸ਼ਰੀਰ ਦੇਖ ਕੇ ਵਿਕਾਰੀ ਹੋਈਆਂ ਨੇ। ਉਹ ਜੀਭ ਵਿਅਰਥ ਹੈ ਜਿਸਨੂੰ ਸਿਰਫ ਖਾਣ 'ਤੇ ਵਿਕਾਰੀ ਬੋਲ ਬੋਲਣ ਦਾ ਸੁਆਦ ਲੱਗਿਆ ਹੈ।

**ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥**

**ਮਿਥਿਆ ਮਨ ਪਰ ਲੋਭ ਲੁਭਾਵਹਿ ॥**

ਉਹ ਪੈਰ ਫਜ਼ੂਲ ਨੇ ਜੋ ਕਿਸੇ ਦਾ ਬੁਰਾ ਕਰਨ ਦੇ ਰਾਹੇ ਪਏ ਨੇ। ਉਹ ਮਨ ਝੂਠਾ ਹੈ ਜੋ ਦੂਜਿਆਂ ਦੇ ਸੁੱਖਾਂ ਨੂੰ ਖੋਹਣ ਦੇ ਲੋਭ-ਲਾਲਚ 'ਚ ਪਿਆ ਹੈ।

**ਮਿਥਿਆ ਤਨ ਨਹੀ ਪਰਉਪਕਾਰਾ ॥**

**ਮਿਥਿਆ ਬਾਸੁ ਲੇਤ ਬਿਕਾਰਾ ॥**

ਉਹ ਸ਼ਰੀਰ ਫਜ਼ੂਲ ਹੈ ਜੋ ਕਿਸੇ ਦੇ ਭਲੇ ਲਈ ਕੋਈ ਕੰਮ ਨਹੀਂ ਕਰਦਾ। ਝੂਠਾ ਹੈ ਉਹ ਜੀਵਨ ਜੋ ਵਿਕਾਰਾਂ 'ਚ ਹੀ ਵੱਸ ਗਿਆ ਹੈ।

**ਬਿਨੁ ਬੂਝੇ ਮਿਥਿਆ ਸਭ ਭਏ ॥**

**ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥**

ਬਿਨਾਂ ਸਮਝ ਤੋਂ ਸਾਡਾ ਸਭ ਕੁਝ ਫਜ਼ੂਲ/ਵਿਅਰਥ ਹੋਇਆ ਪਿਆ ਹੈ। ਇਹ ਦੇਹ/ਜੀਵਨ ਓਦੋਂ ਹੀ ਸਫਲ ਹੈ ਜੇ ਰੱਬੀ ਨਾਮ/ਹੁਕਮ ਨੂੰ ਲੈਂਦਾ ਹੈ।

**ਬਿਰਥੀ ਸਾਕਤ ਕੀ ਆਰਜਾ ॥**

**ਸਾਚ ਬਿਨਾ ਕਹ ਹੋਵਤ ਸੂਚਾ ॥**

ਰੱਬੀ ਹੁਕਮ ਤੋਂ ਟੁੱਟੇ (ਸਾਕਤ) ਜੀਵਨ ਦੀ ਆਰਜਾ/ਸਮਾਂ ਵਿਅਰਥ ਜਾਂਦਾ ਹੈ। ਅੰਦਰੋਂ ਸੱਚੇ ਰੱਬ ਨਾਲ ਰਿਸ਼ਤਾ ਨਾ ਹੋਣ ਕਰਕੇ ਉਹ ਕਦੀ ਸੁੱਚਾ ਨਹੀਂ ਹੁੰਦਾ।

**ਬਿਰਥਾ ਨਾਮ ਬਿਨਾ ਤਨੁ ਅੰਧ ॥**

**ਮੁਖਿ ਆਵਤ ਤਾ ਕੈ ਦੁਰਗੰਧ ॥**

ਰੱਬੀ ਨਾਮ/ਹੁਕਮ (ਨੂੰ ਮੰਨਣ) ਤੋਂ ਬਿਨਾਂ ਵਿਕਾਰਾਂ 'ਚ ਅੰਨ੍ਹਾ ਹੋਇਆ ਸ਼ਰੀਰ ਵਿਅਰਥ ਹੈ। ਉਸਦੇ ਮੁਖ/ਵਿਹਾਰ ਤੋਂ ਸਦਾ (ਵਿਕਾਰਾਂ ਦੀ) ਦੁਰਗੰਧ/ਮੁਸ਼ਕ ਔਂਦੀ ਹੈ।

**ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥**

**ਮੇਘ ਬਿਨਾ ਜਿਉ ਖੇਤੀ ਜਾਇ ॥**

ਜਿਵੇਂ ਮੀਂਹ ਨਾ ਪੈਣ 'ਤੇ ਖੇਤ ਸੁੱਕ ਜਾਂਦਾ ਹੈ, ਪਰਮਾਤਮਾ ਦਾ ਸਿਮਰਨ/ਚੇਤਾ ਨਾ ਹੋਣ ਕਰਕੇ ਜੀਵਨ ਦੇ ਦਿਨ-ਰਾਤ (ਵਿਕਾਰਾਂ 'ਚ) ਫਜ਼ੂਲ਼ ਜਾਂਦੇ ਨੇ।

**ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥**

**ਜਿਉ ਕਿਰਪਨ ਕੇ ਨਿਰਾਰਥ ਦਾਮ ॥**

ਪਰਮਾਤਮਾ ਦੇ ਭਜਨ (ਰੱਬੀ ਹੁਕਮ ਨੂੰ ਦ੍ਰਿੜ੍ਹ) ਕੀਤੇ ਬਿਨਾਂ (ਕੇਵਲ ਬਾਹਰੀ ਸੁਖਾਂ ਲਈ ਕੀਤੇ) ਸਾਰੇ ਕੰਮ ਵਿਅਰਥ ਨੇ, ਜਿਵੇਂ ਕੰਜੂਸ ਧਨ-ਦੌਲਤ ਇਕੱਠਾ ਕਰਦਾ ਰਹਿੰਦਾ ਹੈ, ਪਰ ਉਸ ਵਿੱਚੋਂ ਕੋਈ ਸੁਖ ਨਹੀਂ ਲੈ ਪਾਉਂਦਾ।

**ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥**

**ਨਾਨਕ ਤਾ ਕੈ ਬਲਿ ਬਲਿ ਜਾਉ ॥੬॥**

ਧੰਨ ਨੇ ਉਹ ਜਿਨ੍ਹਾਂ ਦੇ ਹਿਰਦੇ/ਸੁਰਤ ਵਿੱਚ ਰੱਬੀ ਹੁਕਮ ਵੱਸ ਗਿਆ ਹੈ। ਮੈਂ ਉਨ੍ਹਾਂ (ਦੀ ਜੀਵਨ ਜਾਚ) ਤੋਂ ਬਲਿਹਾਰ ਜਾਂਦਾ ਹਾਂ।

**ਰਹਤ ਅਵਰ ਕਛੁ ਅਵਰ ਕਮਾਵਤ ॥**

**ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥**

ਮਨਾ! ਤੂੰ ਬਾਹਰੋਂ ਧਾਰਮਕ ਚਿੰਨ੍ਹ ਤੇ ਰਹਿਤ ਕੁਝ ਹੋਰ ਰੱਖੀ ਹੈ, ਪਰ ਕਰਮ/ਕਰਤੂਤ ਕੁਝ ਹੋਰ ਕਰਦਾ ਹੈਂ। ਮਨ ਅੰਦਰ ਪਰਮਾਤਮਾ ਨਾਲ਼ ਪ੍ਰੀਤ ਨਹੀਂ ਹੈ, ਬਸ ਗੱਲਾਂ 'ਚ ਹੀ ਰੱਬ ਨਾਲ਼ ਗੰਢਾਂ/ਪਿਆਰ ਦਖਾਉਂਦਾ ਹੈਂ।

**ਜਾਨਨਹਾਰ ਪ੍ਰਭੂ ਪਰਬੀਨ ॥**

**ਬਾਹਰਿ ਭੇਖ ਨ ਕਾਹੂ ਭੀਨ ॥**

ਜਿਸ ਪਰਮਾਤਮਾ ਨੂੰ ਸਭ ਕੁਝ ਜਾਨਣਹਾਰ ਕਹਿੰਦਾ ਹੈਂ, ਤੇ ਇਹ ਕਹਿੰਦਾ ਹੈਂ ਕਿ ਉਹ ਬਾਹਰੀ ਭੇਖ-ਅਡੰਬਰ ਨਾਲ਼ ਨਹੀਂ ਭਿੱਜਦਾ।

**ਅਵਰ ਉਪਦੇਸੈ ਆਪਿ ਨ ਕਰੈ ॥**

**ਆਵਤ ਜਾਵਤ ਜਨਮੈ ਮਰੈ ॥**

ਉਸ ਰੱਬ ਬਾਰੇ ਹੋਰਨਾਂ ਨੂੰ ਉਪਦੇਸ਼ ਕਰਦਾ ਹੈਂ, ਪਰ ਆਪ ਇਨ੍ਹਾਂ ਗੱਲਾਂ 'ਤੇ ਅਮਲ ਨਹੀਂ ਕਰਦਾ। ਏਸੇ ਕਰਕੇ ਨਿੱਤ ਵਿਕਾਰਾਂ 'ਚ ਪਿਆ ਜੰਮਦਾ-ਮਰਦਾ ਰਹਿੰਦਾ ਹੈਂ।

**ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥**

**ਤਿਸ ਕੀ ਸੀਖ ਤਰੈ ਸੰਸਾਰੁ ॥**

ਜਿਸਦੇ ਅੰਦਰ ਰੱਬੀ ਪਿਆਰ ਆ ਵੱਸਦਾ ਹੈ, ਉਸਦਾ ਅੰਦਰਲਾ ਸਾਰਾ ਸੰਸਾਰ ਉਸ ਪ੍ਰਭੂ ਦੀ ਸਿੱਖਿਆ/ਹੁਕਮ ਨਾਲ਼ (ਵਿਕਾਰਾਂ ਤੋਂ) ਤਰ/ਛੁੱਟ ਜਾਂਦਾ ਹੈ।

**ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥**

**ਨਾਨਕ ਉਨ ਜਨ ਚਰਨ ਪਰਾਤਾ ॥੭॥**

ਜਿਨ੍ਹਾਂ ਨੂੰ, ਹੇ ਪ੍ਰਭੂ! ਤੂੰ ਭਾ ਗਿਆ, ਉਨ੍ਹਾਂ ਨੇ ਹੀ ਤੈਨੂੰ ਜਾਣਿਆ ਹੈ। ਮੈਂ ਉਨ੍ਹਾਂ ਦੇ ਚਰਣਾਂ 'ਚ ਪੈ ਜਾਵਾਂ (ਉਨ੍ਹਾਂ ਦੀ ਜੀਵਨ ਜਾਚ ਨੂੰ ਸਮਰਪਤ ਹੋ ਜਾਵਾਂ)।

**ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥**

**ਅਪਨਾ ਕੀਆ ਆਪਹਿ ਮਾਨੈ ॥**

ਮੈਂ ਅਪਣੇ ਅੰਦਰ ਵੱਸਦੇ ਪਰਮਾਤਮਾ ਨੂੰ ਬੇਨਤੀ ਕਰਾਂ ਜੋ ਸਭ ਜਾਣਦਾ ਹੈ। ਓਸੇ ਦਾ ਮੈਂ ਬਣਾਇਆ ਹੋਇਆ ਹਾਂ, ਉਹ ਆਪ ਹੀ ਮੈਨੂੰ ਮਾਣ ਦੇਂਦਾ ਹੈ।

**ਆਪਹਿ ਆਪ ਆਪਿ ਕਰਤ ਨਿਬੇਰਾ ॥**

**ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ ॥**

ਉਹ ਆਪ ਹੀ (ਅਪਣੇ ਹੁਕਮ ਰਾਹੀਂ) ਮੈਨੂੰ ਅਪਣੀ ਸਮਝ ਦੇਂਦਾ ਹੈ (ਅਪਣੀ ਹੋਂਦ ਦਾ ਨਿਬੇੜਾ ਕਰਦਾ ਹੈ)। ਪਰ ਅਪਣੀ ਛੋਟੀ ਮੱਤ ਕਰਕੇ ਕਿਸੇ ਨੂੰ ਰੱਬ ਦੂਰ, ਕਿਸੇ ਨੂੰ ਨੇੜੇ ਜਾਪਦਾ ਹੈ।

**ਉਪਾਵ ਸਿਆਨਪ ਸਗਲ ਤੇ ਰਹਤ ॥**

**ਸਭੁ ਕਛੁ ਜਾਨੈ ਆਤਮ ਕੀ ਰਹਤ ॥**

ਸਾਡੀ ਛੋਟੀ ਮੱਤ ਦੇ ਸਾਰੇ ਜਤਨ ਤੇ ਸਿਆਣਪਾਂ ਉਸ ਪ੍ਰਭੂ ਦੇ ਅਹਿਸਾਸ ਤੋਂ ਖਾਲੀ ਨੇ। ਸਿਰਫ ਆਤਮ/ਅੰਦਰੂਨੀ ਰਹਿਤ ਨਾਲ਼ ਹੀ ਅਪਣੇ ਅੰਦਰ ਦਾ ਸਭ ਗਿਆਨ/ਸਮਝ ਹੁੰਦੀ ਹੈ।

**ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥**

**ਥਾਨ ਥਨੰਤਰਿ ਰਹਿਆ ਸਮਾਇ ॥**

ਜਿਸਨੂੰ ਆਤਮ ਦੀ ਰਹਤ (ਅੰਦਰੂਨੀ ਪਵਿੱਤਰਤਾ ਦਾ ਰਾਹ) ਭਾ ਜਾਵੇ ਉਹ ਹੀ ਅਪਣੇ ਮਨ ਨੂੰ ਰੱਬੀ ਹੁਕਮ ਦੇ ਲੜ ਲਾਉਂਦਾ ਹੈ। ਉਸ ਮਨ ਨੂੰ ਹੀ ਹਰ ਥਾਂ ਸਮਾਏ ਪਰਮਾਤਮਾ ਦਾ ਅਹਿਸਾਸ ਹੁੰਦਾ ਹੈ।

**ਸੋ ਸੇਵਕੁ ਜਿਸੁ ਕਿਰਪਾ ਕਰੀ ॥**

**ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥**

ਹਰ ਪਲ ਹਰ ਥਾਂ ਵੱਸਦੇ ਪਰਮਾਤਮਾ ਵੱਲ ਧਿਆਨ ਕਰਣ ਵਾਲ਼ੇ ਰੱਬੀ ਕਿਰਪਾ ਲੈ ਕੇ ਪ੍ਰਭੂ ਦੇ ਸੇਵਕ ਬਣਦੇ ਨੇ।

## ਸਲੋਕੁ ॥

**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**

**ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ ॥੧॥**

ਜਦ ਅੰਦਰ ਵੱਸਦੇ ਪ੍ਰਭੂ ਦੀ ਸ਼ਰਣ 'ਚ ਪਈਏ (ਹੁਕਮ ਨੂੰ ਸਿਰ ਮੱਥੇ ਮੰਨ ਲਈਏ) ਤਾਂ ਉਸਦੀ ਕਿਰਪਾ ਨਾਲ਼ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵਿਕਾਰ ਖਤਮ ਹੁੰਦੇ ਨੇ।

## ਅਸਟਪਦੀ ॥

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥**

**ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥**

ਮੇਰੇ ਮਨਾ! ਜਿਸ ਪਰਮਾਤਮਾ ਦੀ ਕਿਰਪਾ ਨਾਲ਼ ਅਨੇਕਾਂ ਤਰ੍ਹਾਂ ਦੇ ਸੁਆਦ ਖਾਂਦਾ ਹੈਂ, ਉਸ ਨੂੰ ਸਦਾ ਮਨ 'ਚ ਯਾਦ ਰੱਖ।

**ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥**

**ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥**

ਜਿਸਦੀ ਕਿਰਪਾ ਨਾਲ਼ ਸ਼ਰੀਰ ਨੂੰ ਖੁਸ਼ਬੋਆਂ ਮਿਲ਼ਦੀਆਂ ਨੇ, ਉਸ ਪ੍ਰਭੂ ਨੂੰ ਚੇਤੇ ਰੱਖ ਕੇ ਸਭ ਤੋਂ ਉੱਤਮ ਅਨੰਦ ਮਿਲ਼ਦਾ ਹੈ।

**ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥**

**ਤਿਸਹਿ ਧਿਆਇ ਸਦਾ ਮਨ ਅੰਦਰਿ ॥**

ਜਿਸਦੀ ਕਿਰਪਾ ਨਾਲ਼ ਸੁਖ ਦੇ ਘਰ/ਅਵਸਥਾ ਵਿਚ ਰਹਿੰਦੇ ਹਾਂ, ਮਨ ਅੰਦਰ ਸਦਾ ਉਸਦਾ ਧਿਆਨ ਕਰੀਏ।

**ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥**

**ਆਠ ਪਹਰ ਸਿਮਰਹੁ ਤਿਸੁ ਰਸਨਾ ॥**

ਜਿਸਦੀ ਮਿਹਰ ਨਾਲ਼ ਘਰ ਵਿੱਚ ਸੁੱਖ ਨਾਲ਼ ਰਹਿੰਦੇ ਹਾਂ, ਅੱਠੇ-ਪਹਿਰ ਉਸਦਾ ਸ਼ੁਕਰਾਨਾ ਕਰੀਏ।

**ਜਿਹ ਪ੍ਰਸਾਦਿ ਰੰਗ ਰਸ ਭੋਗ ॥**

**ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥**

ਜਿਸਦੀ ਕਿਰਪਾ ਨਾਲ਼ ਹਰ ਤਰ੍ਹਾਂ ਦੇ ਸੁਖ ਭੋਗਦੇ ਹਾਂ, ਉਸ ਪਰਮਾਤਮਾ ਵੱਲ ਸਦਾ ਧਿਆਨ ਰੱਖੀਏ।

**ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥**

**ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥**

ਜਿਸਦੀ ਮਿਹਰ ਨਾਲ਼ ਸੋਹਣੇ ਕਪੜੇ ਹੰਢਾਉਂਦੇ ਹਾਂ, ਉਸ ਪ੍ਰਭੂ ਨੂੰ ਭੁੱਲ ਕੇ ਏਧਰ-ਓਧਰ ਨਾ ਭਟਕੀਏ।

**ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥**

**ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥**

ਜਿਸਦੀ ਕਿਰਪਾ ਨਾਲ਼ ਸੋਹਣੇ ਪਲੰਘ ਤੇ ਨੀਂਦ ਮਾਣਦੇ ਹਾਂ, ਉਸ ਮਾਲਕ ਦਾ ਹਰ ਵੇਲ਼ੇ ਸ਼ੁਕਰਾਨਾ ਕਰੀਏ।

**ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥**

**ਮੁਖਿ ਤਾ ਕੋ ਜਸੁ ਰਸਨ ਬਖਾਨੈ ॥**

ਜਿਸਦੀ ਕਿਰਪਾ ਨਾਲ਼ ਸਾਨੂੰ ਹਰ ਤਰ੍ਹਾਂ ਦਾ ਮਾਣ ਮਿਲ਼ਿਆ ਹੈ, ਸਾਡੇ ਮੂੰਹ ਤੋਂ ਉਸਦਾ ਸ਼ੁਕਰਾਨਾ ਹੀ ਹੋਣਾ ਚਾਹੀਦਾ ਹੈ।

ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥

ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥

ਜਿਸ ਪ੍ਰਭੂ ਦੀ ਮਿਹਰ ਨਾਲ਼ ਸਾਡਾ ਈਮਾਨ ਬਣਦਾ ਹੈ, ਮੇਰੇ ਮਨਾ! ਸਿਰਫ ਉਸਨੂੰ ਸਦਾ ਧਿਆਨ ਵਿੱਚ ਰੱਖ।

ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥

ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥

ਪਰਮਾਤਮਾ ਨੂੰ ਚੇਤੇ ਰੱਖਣ ਨਾਲ਼ ਧੁਰ ਅੰਦਰ ਉਹ ਮਾਣ-ਵਡਿਆਈ ਮਿਲ਼ਦੀ ਹੈ ਜਿਸ ਨਾਲ਼ ਅਪਣੇ ਅੰਦਰ ਪੱਤ ਹੁੰਦੀ ਹੈ।

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥

ਲਿਵ ਲਾਵਹੁ ਤਿਸੁ ਰਾਮ ਸਨੇਹੀ ॥

ਜਿਸ ਪਰਮਾਤਮਾ ਦੀ ਮਿਹਰ ਨਾਲ਼ ਇਹ ਸੋਹਣਾ ਅਰੋਗ ਸ਼ਰੀਰ ਮਿਲ਼ਿਆ ਹੈ, ਉਸ ਸਰਬ-ਵਿਆਪਕ ਨਾਲ਼ ਪਿਆਰ ਪਾਈਏ।

ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥

ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥

ਜਿਸ ਪਰਮਾਤਮਾ ਦੀ ਕਿਰਪਾ ਨਾਲ਼ ਸਾਡੇ ਪਰਦੇ ਕੱਜੇ ਹੋਏ ਨੇ, ਮੇਰੇ ਮਨਾ! ਉਸਦਾ ਸ਼ੁਕਰਾਨਾ ਕਰੇਂ ਤਾਂ ਸਦਾ ਸੁਖੀ ਰਹੇਂ।

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥

ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥

ਅਨੇਕਾਂ ਕਮੀਆਂ ਹੋਣ ਦੇ ਬਾਵਜ਼ੂਦ ਜੋ ਪਰਮਾਤਮਾ ਮਿਹਰ ਕਰੀ ਜਾਂਦਾ ਹੈ, ਮਨਾ! ਸਦਾ ਉਸ ਮਾਲਕ ਦੀ ਸ਼ਰਣ (ਹੁਕਮ) 'ਚ ਰਿਹਾ ਕਰ।

ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥
ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥

ਜਿਸਦੀ ਕਿਰਪਾ ਨਾਲ਼ ਤੂੰ ਵਿਕਾਰਾਂ ਤੋਂ ਬੱਚਦਾ ਹੈਂ, ਮੇਰੇ ਮਨਾ! ਉਸ ਪ੍ਰਭੂ ਨੂੰ ਹਰ ਸਾਹ ਨਾਲ਼ ਚੇਤੇ ਰੱਖ।

ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥
ਨਾਨਕ ਤਾ ਕੀ ਭਗਤਿ ਕਰੇਹ ॥੩॥

ਜਿਸਦੀ ਕਿਰਪਾ ਨਾਲ਼ ਇਹ ਦੁਰਲੱਭ ਸ਼ਰੀਰ ਮਿਲ਼ਿਆ ਹੈ, ਉਸ ਪਰਮਾਤਮਾ ਦੀ ਭਗਤੀ ਕਰ (ਮਨ ਕਰਕੇ ਉਸਦੇ ਹੁਕਮ ਨੂੰ ਸਮਰਪਤ ਹੋ ਜਾ)।

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥
ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥

ਜਿਸ ਪਰਮਾਤਮਾ ਦੀ ਕਿਰਪਾ ਨਾਲ਼ ਤੂੰ ਖੁਦ ਨੂੰ ਸ਼ਿੰਗਾਰਦਾ ਹੈਂ, ਮਨਾ! ਉਸ ਨੂੰ ਚੇਤੇ ਕਰਣ ਵਿੱਚ ਆਲਸ ਨਾ ਕਰਿਆ ਕਰ।

ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥
ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥

ਜਿਸਦੀ ਕਿਰਪਾ ਨਾਲ਼ ਸਾਰੇ ਘੋੜੇ-ਹਾਥੀ ਦੀ ਸਵਾਰੀ (ਬਾਹਰੀ ਸੁਖ-ਸਹੂਲਤ) ਮਾਣਦਾ ਹੈਂ, ਉਸ ਪ੍ਰਭੂ ਨੂੰ ਮਨ ਤੋਂ ਭੁੱਲਿਆ ਨਾ ਕਰ।

ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥
ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥

ਜਿਸਦੀ ਕਿਰਪਾ ਨਾਲ਼ ਬਾਗ-ਜ਼ਮੀਨਾਂ-ਧਨ (ਬਾਹਰੀ ਧਨ-ਦੌਲਤ) ਭੋਗਦਾ ਹੈਂ, ਉਸ ਪ੍ਰਭੂ ਨੂੰ ਸਦਾ ਚੇਤੇ ਰੱਖਿਆ ਕਰ।

ੴ

**ਜਿਨਿ ਤੇਰੀ ਮਨ ਬਨਤ ਬਨਾਈ ॥**

**ਊਠਤ ਬੈਠਤ ਸਦ ਤਿਸਹਿ ਧਿਆਈ ॥**

ਮੇਰੇ ਮਨਾ! ਜਿਸ ਪਰਮਾਤਮਾ ਨੇ ਤੇਰੀ ਰਚਨਾ ਕੀਤੀ ਹੈ, ਉਠਦਿਆਂ-ਬਹਿੰਦਿਆਂ ਸਦਾ ਉਸ ਵੱਲ ਧਿਆਨ ਰੱਖਿਆ ਕਰ।

**ਤਿਸਹਿ ਧਿਆਇ ਜੋ ਏਕ ਅਲਖੈ ॥**

**ਈਹਾ ਊਹਾ ਨਾਨਕ ਤੇਰੀ ਰਖੈ ॥੪॥**

ਪਰਮਾਤਮਾ, ਜੋ ਇੱਕ ਹੈ ਤੇ ਬੇਅੰਤ ਹੈ, ਵੱਲ ਧਿਆਨ ਕਰ ਜੋ ਏਥੇ-ਓਥੇ (ਹਰ ਥਾਂ) ਤੇਰੀ ਰੱਖਿਆ ਕਰਦਾ ਹੈ।

**ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥**

**ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥**

ਮੇਰੇ ਮਨਾ! ਅੱਠੇ ਪਹਿਰ ਉਸ ਪ੍ਰਭੂ ਵੱਲ ਧਿਆਨ ਕਰ ਜਿਸਦੀ ਮਿਹਰ ਨਾਲ਼ ਤੂੰ ਕਿਸੇ ਨੂੰ ਕੁਝ ਦੇਣ ਜੋਗਾ ਹੋਇਆ ਹੈਂ।

**ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥**

**ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥**

ਉਸ ਪ੍ਰਭੂ ਨੂੰ ਹਰ ਸਾਹ ਨਾਲ਼ ਚੇਤੇ ਰੱਖ ਜਿਸਦੀ ਕਿਰਪਾ ਨਾਲ਼ ਤੂੰ ਚੰਗੇ ਆਚਰਣ/ਵਿਹਾਰ ਵਾਲ਼ਾ ਬਣਦਾ ਹੈਂ।

**ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥**

**ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥**

ਜਿਸਦੀ ਮਿਹਰ ਨਾਲ਼ ਤੈਨੂੰ ਇਹ ਸੋਹਣਾ ਰੂਪ ਮਿਲ਼ਿਆ ਹੈ, ਉਸ ਸੋਹਣੇ ਪਰਮਾਤਮਾ ਨੂੰ ਸਦਾ ਚੇਤੇ ਰੱਖ।

**ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥**

**ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥**

ਰਾਤ-ਦਿਨ ਉਸ ਮਾਲਕ ਨੂੰ ਸਦਾ ਚੇਤੇ ਰੱਖ ਜਿਸ ਕਰਕੇ ਤੈਨੂੰ ਇਹ ਸੋਹਣੀ ਮਨੁੱਖਾ ਜੂਨ ਮਿਲ਼ੀ ਹੈ।

**ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥**

**ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥**

ਜਿਸਦੀ ਮਿਹਰ ਨਾਲ਼ ਤੇਰੀ ਪੱਤ ਰਹਿੰਦੀ ਹੈ, ਗੁਰੂ ਗਿਆਨ ਤੋਂ ਸੋਝੀ ਲੈਕੇ ਸਦਾ ਉਸ ਪਰਮਾਤਮਾ ਦਾ ਧੰਨਵਾਦੀ ਹੋ।

**ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥**

**ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥**

ਜਿਸ ਪ੍ਰਭੂ ਦੀ ਕਿਰਪਾ ਨਾਲ਼ ਤੂੰ ਅਵਾਜ਼ਾਂ ਸੁਣਦਾ ਹੈਂ। ਜਿਸਦੀ ਮਿਹਰ ਨਾਲ਼ ਤੂੰ ਸੋਹਣੇ ਨਜ਼ਾਰੇ ਵੇਖਦਾ ਹੈਂ।

**ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥**

**ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥**

ਜਿਸਦੀ ਬਖਸ਼ਿਸ਼ ਨਾਲ਼ ਤੂੰ ਬੋਲਣ ਦੀ ਸ਼ਕਤੀ ਰੱਖਦਾ ਹੈਂ। ਜਿਸਦੀ ਕਿਰਪਾ ਨਾਲ਼ ਸੁੱਖ ਮਾਣ ਰਿਹਾ ਹੈਂ।

**ਜਿਹ ਪ੍ਰਸਾਦਿ ਹਸਤ ਕਰ ਚਲਹਿ ॥**

**ਜਿਹ ਪ੍ਰਸਾਦਿ ਸੰਪੂਰਨ ਫਲਹਿ ॥**

ਜਿਸ ਪ੍ਰਭੂ ਦੀ ਮਿਹਰ ਨਾਲ਼ ਹੱਥ ਪੈਰ ਚੱਲ ਰਹੇ ਨੇ। ਜਿਸਦੀ ਕਿਰਪਾ ਨਾਲ਼ ਤੂੰ ਪੂਰਨ/ਮੁਕੰਮਲ ਮਨੁੱਖ ਹੋਣ ਦਾ ਫਲ ਲਈ ਬੈਠਾ ਹੈਂ।

**ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥**

**ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥**

ਜਿਸਦੀ ਮਿਹਰ ਨਾਲ਼ ਤੂੰ ਪਰਮ ਗਤੀ (ਗਿਆਨ) ਪ੍ਰਾਪਤ ਕਰਦਾ ਹੈਂ। ਜਿਸਦੀ ਕਿਰਪਾ ਨਾਲ਼ ਸਦਾ ਸੁੱਖ ਵਿੱਚ ਸਮਾਇਆ ਰਹਿੰਦਾ ਹੈਂ।

**ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥**

**ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥**

ਐਸੇ ਪਰਮਾਤਮਾ ਨੂੰ ਛੱਡ ਕੇ ਹੋਰ (ਥੋੜ੍ਹਚਿਰੇ ਬਾਹਰੀ) ਆਸਰਿਆਂ ਵੱਲ ਕਿਉਂ ਤੱਕਦਾ ਹੈਂ? ਮੇਰੇ ਮਨਾ! ਗੁਰੂ ਕੋਲ਼ੋਂ ਮੱਤ ਲੈ ਕੇ ਜਾਗ/ਸਮਝ (ਉਸ ਪਰਮਾਤਮਾ ਦੇ ਸ਼ੁਕਰਾਨੇ ਵਿੱਚ ਜੀਵਿਆ ਕਰ)।

**ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥**

**ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥**

ਉਸ ਪ੍ਰਭੂ ਨੂੰ ਕਦੀ ਵੀ ਅਪਣੇ ਮਨ 'ਚੋਂ ਨਾ ਵਿਸਾਰ, ਜੀਹਦੇ ਕਰਕੇ ਤੂੰ ਦੁਨੀਆਂ 'ਚ ਪਰਗਟ (ਤੁਰਿਆ-ਫਿਰਦਾ) ਹੈਂ।

**ਜਿਹ ਪ੍ਰਸਾਦਿ ਤੇਰਾ ਪਰਤਾਪੁ ॥**

**ਰੇ ਮਨ ਮੂੜ ਤੂ ਤਾ ਕਉ ਜਾਪੁ ॥**

ਮੇਰੇ ਮੂਰਖ ਮਨਾ! ਹਰ ਵੇਲ਼ੇ ਉਸ ਪਰਮਾਤਮਾ ਨੂੰ ਚੇਤੇ ਰੱਖ ਜੀਹਦੇ ਕਰਕੇ ਤੈਨੂੰ (ਮਨੁੱਖ ਹੋਣ ਦਾ) ਪਰਤਾਪ/ਵਡਿਆਈ ਮਿਲ਼ੀ ਹੈ।

**ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥**

**ਤਿਸਹਿ ਜਾਨੁ ਮਨ ਸਦਾ ਹਜੂਰੇ ॥**

ਉਸ ਮਾਲਕ ਨੂੰ ਸਦਾ ਅਪਣੇ ਨਾਲ਼ ਜਾਣ ਜਿਸਦੇ ਕਰਕੇ ਤੇਰੇ ਸਾਰੇ ਕਾਰਜ ਪੂਰੇ ਹੁੰਦੇ ਨੇ।

**ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥**

**ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥**

ਮੇਰੇ ਮਨਾ! ਉਸ ਪਰਮਾਤਮਾ ਨਾਲ਼ ਪਿਆਰ ਪਾ ਜਿਸ ਵੱਲ਼ ਧਿਆਨ ਕੀਤਿਆਂ ਤੂੰ ਸਚਿਆਰ/ਪਵਿੱਤਰ ਹੁੰਦਾ ਹੈਂ।

**ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥**

**ਨਾਨਕ ਜਾਪੁ ਜਪੈ ਜਪੁ ਸੋਇ ॥੭॥**

ਸਦਾ ਉਸ ਪਰਾਮਤਮਾ ਵੱਲ ਧਿਆਨ ਕਰ ਜਿਸਦੀ ਕਿਰਪਾ ਨਾਲ਼ ਤੇਰੀ ਪੂਰੀ ਹੋਂਦ ਦੀ ਗਤੀ ਹੁੰਦੀ ਹੈ (ਚੰਗਿਆਈ ਮਿਲ਼ਦੀ ਹੈ)।

**ਆਪਿ ਜਪਾਏ ਜਪੈ ਸੋ ਨਾਉ ॥**

**ਆਪਿ ਗਾਵਾਏ ਸੁ ਹਰਿ ਗੁਨ ਗਾਉ ॥**

ਮਨਾ! ਜੇ ਉਸ ਪ੍ਰਭੂ ਨੂੰ ਜਪ/ਚੇਤੇ ਕਰ ਪਾ ਰਿਹਾ ਹੈਂ, ਤਾਂ ਇਹ ਵੀ ਓਸੇ ਦੀ ਕਿਰਪਾ ਜਾਣ। ਜੇ ਉਸਦੇ ਗੁਣ/ਸ਼ੁਕਰਾਨਾ ਗਾ ਪਾ ਰਿਹਾ ਹੈਂ ਤਾਂ ਇਹ ਵੀ ਓਸੇ ਦੀ ਮਿਹਰ ਹੈ।

**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥**

**ਪ੍ਰਭੂ ਦਇਆ ਤੇ ਕਮਲ ਬਿਗਾਸੁ ॥**

ਉਸ ਦੀ ਕਿਰਪਾ ਹੀ ਹੈ ਜੇ ਤੈਨੂੰ ਗਿਆਨ ਦਾ ਚਾਨਣ ਮਿਲ਼ਿਆ ਹੈ। ਮਨ ਦੇ ਅੰਦਰ ਦਾ ਖਿੜਾਅ ਵੀ ਉਸ ਦੀ ਦਇਆ ਨਾਲ਼ ਹੀ ਮਿਲ਼ਿਆ ਹੈ।

**ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥**

**ਪ੍ਰਭ ਦਇਆ ਤੇ ਮਤਿ ਊਤਮ ਹੋਇ ॥**

ਜੇ ਤੇਰੇ ਅੰਦਰ ਰੱਬੀ ਯਾਦ ਵੱਸ ਗਈ ਹੈ, ਤਾਂ ਇਹ ਪਰਮਾਤਮਾ ਦੀ ਖ਼ੁਸ਼ੀ/ਕਿਰਪਾ ਨਾਲ਼ ਹੀ ਮਿਲ਼ੀ ਹੈ। ਤੇਰੀ ਮੱਤ ਜੇ ਉੱਚੀ/ਚੰਗੀ ਹੋਈ ਹੈ, ਤਾਂ ਇਹ ਵੀ ਰੱਬੀ ਦਇਆ ਨਾਲ਼ ਹੀ ਹੋਇਆ ਹੈ।

ਸਰਬ ਨਿਧਾਨ ਪ੍ਰਭ ਤੇਰੀ ਮਇਆ ॥

ਆਪਹੁ ਕਛੂ ਨ ਕਿਨਹੂ ਲਇਆ ॥

ਸਾਰੇ ਖਜ਼ਾਨੇ (ਗੁਣ-ਵਡਿਆਈਆਂ) ਪਰਮਾਤਮਾ ਦੀ ਮਿਹਰ ਵਿੱਚ ਹੀ ਹਨ; ਅਪਣੀ ਮੱਤ ਨਾਲ਼, ਮੇਰੇ ਮਨਾ! ਕੁਝ ਵੀ ਨਹੀਂ ਲਿਆ ਜਾ ਸਕਦਾ।

ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿ ਨਾਥ ॥

ਨਾਨਕ ਇਨ ਕੈ ਕਛੂ ਨ ਹਾਥ ॥੮॥੬॥

ਇਸ ਕਰਕੇ ਇਹ ਆਖ ਕਿ, ਹੇ ਪਰਮਾਤਮਾ! ਤੂੰ ਜਿੱਥੇ ਮੈਨੂੰ (ਗਿਆਨ ਵੱਲ) ਲਗਾਉਂਦਾ ਹੈਂ, ਮੈਂ ਓਥੇ ਹੀ ਲੱਗਿਆ ਰਹਾਂ। ਮੇਰੀਆਂ ਅਪਣੀਆਂ ਸਿਆਣਪਾਂ ਦੇ ਹੱਥ ਕੁੱਝ ਵੀ ਨਹੀਂ ਹੈ।

ਸਲੋਕੁ ॥

ਅਗਮ ਅਗਾਧਿ ਪਾਰਬ੍ਰਹਮੁ ਸੋਇ ॥

ਜੋ ਜੋ ਕਹੈ ਸੁ ਮੁਕਤਾ ਹੋਇ ॥

ਸਾਡੇ ਅੰਦਰ ਹੀ ਵੱਸਦਾ ਰੱਬ (ਸਾਡੇ ਵਿਕਾਰਾਂ ਕਰਕੇ) ਸਾਡੀ ਪਹੁੰਚ ਤੋਂ ਪਰੇ ਹੋ ਗਿਆ ਹੈ। ਜੋ ਉਸ ਗੁਰੂ ਗਿਆਨ ਨੂੰ ਕਹਿੰਦਾ (ਅਮਲ ਕਰਦਾ) ਹੈ, ਉਹ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ।

ਸੁਨਿ ਮੀਤਾ ਨਾਨਕੁ ਬਿਨਵੰਤਾ ॥

ਸਾਧ ਜਨਾ ਕੀ ਅਚਰਜ ਕਥਾ ॥੧॥

ਮੇਰੇ ਮਿੱਤਰ (ਮਨਾ), ਮੇਰੀ ਬੇਨਤੀ/ਅਰਜ਼ ਸੁਣ। ਗੁਰੂ ਦਾ ਗਿਆਨ ਹੀ ਇਹ (ਪ੍ਰਭੂ ਸਿਮਰਨ ਨਾਲ਼ ਮੁਕਤੀ ਵਾਲ਼ਾ) ਅਚਰਜ/ਕੌਤਕ ਕਰਦਾ ਹੈ।

## ਅਸਟਪਦੀ ॥

**ਸਾਧ ਕੈ ਸੰਗਿ ਮੁਖ ਊਜਲ ਹੋਤ ॥**

**ਸਾਧ ਸੰਗਿ ਮਲੁ ਸਗਲੀ ਖੋਤ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ (ਵਿਕਾਰਾਂ ਤੋਂ ਛੁੱਟਣ ਕਰਕੇ) ਮੁੱਖ ਉੱਜਲਾ ਹੁੰਦਾ ਹੈ (ਵਿਹਾਰ 'ਚ ਸੁੰਦਰਤਾ ਪਰਗਟ ਹੁੰਦੀ ਹੈ)। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਚੋਂ ਸਾਰੀ ਮੈਲ਼ ਖਤਮ ਹੁੰਦੀ ਹੈ।

**ਸਾਧ ਕੈ ਸੰਗਿ ਮਿਟੈ ਅਭਿਮਾਨੁ ॥**

**ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਚੋਂ ਹੰਕਾਰ ਮੁੱਕਦਾ ਹੈ। ਗੁਰੂ ਦੇ ਸੰਗ/ਗਿਆਨ ਨਾ਼ਲ ਅੰਦਰ ਚੰਗੀ ਸਮਝ ਪੈਦਾ ਹੁੰਦੀ ਹੈ।

**ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥**

**ਸਾਧਸੰਗਿ ਸਭੁ ਹੋਤ ਨਿਬੇਰਾ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਪਰਮਾਤਮਾ ਦੇ ਸਦਾ ਨੇੜੇ ਹੋਣ ਦੀ ਸਮਝ ਪੈਂਦੀ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ (ਅੰਦਰੋਂ ਬੁਰਾਈਆਂ ਦਾ) ਨਿਬੇੜਾ ਹੋ ਜਾਂਦਾ ਹੈ।

**ਸਾਧ ਕੈ ਸੰਗਿ ਪਾਏ ਨਾਮ ਰਤਨੁ ॥**

**ਸਾਧ ਕੈ ਸੰਗਿ ਏਕ ਊਪਰਿ ਜਤਨੁ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਰੱਬੀ ਨਾਮ/ਗੁਣਾਂ ਦੇ ਰਤਨ ਮਿ਼ਲਦੇ ਨੇ

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਇੱਕ (ਪਰਮਾਤਮਾ ਨਾ਼ਲ ਇਕਮਿਕਤਾ) ਵੱਲ ਯਤਨ ਕਰਦਾ ਹੈ

ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥

ਗੁਰੂ ਦੀ ਮਹਿਮਾ/ਵਡਿਆਈ ਕੋਈ ਵਿਅਕਤੀ ਨਹੀਂ ਕਹਿ ਸਕਦਾ। ਗੁਰੂ ਦੀ ਮਹਿਮਾ ਏਹੀ ਹੈ ਕਿ ਉਸਦੇ (ਗਿਆਨ ਨੂੰ ਦ੍ਰਿੜ੍ਹ) ਕਰਕੇ ਪ੍ਰਭੂ ਵਿੱਚ ਸਮਾ ਜਾਈਦਾ ਹੈ।

ਸਾਧ ਕੈ ਸੰਗਿ ਅਗੋਚਰੁ ਮਿਲੈ ॥
ਸਾਧ ਕੈ ਸੰਗਿ ਸਦਾ ਪਰਫੁਲੈ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਪਰਮਾਤਮਾ ਨੂੰ ਮਿਲਿਆ ਜਾਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਸਦਾ ਖਿੜਿਆ ਰਹਿੰਦਾ ਹੈ।

ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥
ਸਾਧ ਸੰਗਿ ਅੰਮ੍ਰਿਤ ਰਸੁ ਭੁੰਚਾ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਅੰਦਰਲੇ ਵਿਕਾਰਾਂ ਨੂੰ ਕਾਬੂ ਕੀਤਾ ਜਾਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਆਤਮਿਕ ਮੌਤ ਤੋਂ ਬਚਣ ਵਾਲ਼ਾ ਗਿਆਨ ਅੰਮ੍ਰਿਤ ਮਿਲ਼ਦਾ ਹੈ।

ਸਾਧ ਸੰਗਿ ਹੋਇ ਸਭ ਕੀ ਰੇਨ ॥
ਸਾਧ ਕੈ ਸੰਗਿ ਮਨੋਹਰ ਬੈਨ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਵਿੱਚ ਨਿਮਰਤਾ/ਹਲੀਮੀ ਆਉਂਦੀ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਸਭ ਨੂੰ ਮੋਹ ਲੈਣ ਵਾਲ਼ਾ ਬੋਲ-ਬਾਣੀ (ਵਿਹਾਰ) ਬਣਦਾ ਹੈ।

ਸਾਧ ਕੈ ਸੰਗਿ ਨ ਕਤਹੂੰ ਧਾਵੈ ॥
ਸਾਧ ਸੰਗਿ ਅਸਥਿਤਿ ਮਨੁ ਪਾਵੈ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਦੀ ਫਜ਼ੂਲ ਦੌੜ-ਭੱਜ ਮੁੱਕਦੀ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਵਿੱਚ ਟਿਕਾਅ ਆਉਂਦਾ ਹੈ।

ਸਾਧ ਕੈ ਸੰਗਿ ਮਾਇਆ ਤੇ ਭਿੰਨ ॥
ਸਾਧ ਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਬਾਹਰੀ ਸੁੱਖ-ਦੁੱਖ ਦੇ ਭਰਮਾਂ ਤੋਂ ਛੁੱਟ ਜਾਈਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਅੰਦਰ ਵੱਸਦੇ ਪ੍ਰਭੂ ਦੀ ਖੁਸ਼ੀ ਹਾਸਲ ਹੁੰਦੀ ਹੈ।

ਸਾਧ ਸੰਗਿ ਦੁਸਮਨ ਸਭਿ ਮੀਤ ॥
ਸਾਧੂ ਕੈ ਸੰਗਿ ਮਹਾ ਪੁਨੀਤ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਵਿਕਾਰਾਂ 'ਚ ਪੈ ਕੇ ਵੈਰੀ ਬਣ ਚੁੱਕੇ ਗਿਆਨ ਇੰਦ੍ਰੇ ਵੀ ਭਲੇ ਮਿੱਤਰ ਬਣ ਜਾਂਦੇ ਨੇ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਅੰਦਰੋਂ ਪਵਿੱਤਰਤਾ ਆਉਂਦੀ ਹੈ।

ਸਾਧ ਸੰਗਿ ਕਿਸ ਸਿਉ ਨਹੀ ਬੈਰੁ ॥
ਸਾਧ ਕੈ ਸੰਗਿ ਨ ਬੀਗਾ ਪੈਰੁ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਕਿਸੇ ਤਰ੍ਹਾਂ ਦਾ ਵੈਰ ਨਹੀਂ ਰਹਿੰਦਾ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਗਲਤ ਪਾਸੇ ਨੂੰ ਪੈਰ ਨਹੀਂ ਧਰਦਾ।

ਸਾਧ ਕੈ ਸੰਗਿ ਨਾਹੀ ਕੋ ਮੰਦਾ ॥
ਸਾਧ ਸੰਗਿ ਜਾਨੇ ਪਰਮਾਨੰਦਾ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਮੰਦੇ ਕੰਮਾਂ ਵੱਲ ਨਹੀਂ ਜਾਂਦਾ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਸਭ ਅਨੰਦ ਦੇਣ ਵਾਲ਼ੇ ਪਰਮਾਤਮਾ ਦੀ ਸਮਝ ਪੈਂਦੀ ਹੈ।

ਸਾਧ ਕੈ ਸੰਗਿ ਨਾਹੀ ਹਉ ਤਾਪੁ ॥
ਸਾਧ ਕੈ ਸੰਗਿ ਤਜੈ ਸਭੁ ਆਪੁ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਹੰਕਾਰ ਦੀ ਬਿਮਾਰੀ ਨਹੀਂ ਲੱਗਦੀ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਮੈਂ-ਮੇਰੀ ਛੱਡ ਦੇਂਦਾ ਹੈ।

ਆਪੇ ਜਾਨੈ   ਸਾਧ ਬਡਾਈ ॥

ਨਾਨਕ   ਸਾਧ ਪ੍ਰਭੂ ਬਨਿ ਆਈ ॥੩॥

ਐਸੀ ਹਲੀਮੀ ਵਾਲ਼ੇ ਮਨ ਨੂੰ ਆਪ ਗੁਰੂ ਦੀ ਇਸ ਵਡਿਆਈ ਦਾ ਪਤਾ ਹੁੰਦਾ ਹੈ ਕਿ, ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਪਰਮਾਤਮਾ ਨਾਲ਼ ਇੱਕਮਿਕਤਾ ਬਣ ਜਾਂਦੀ ਹੈ।

ਸਾਧ ਕੈ ਸੰਗਿ   ਨ ਕਬਹੂ ਧਾਵੈ ॥

ਸਾਧ ਕੈ ਸੰਗਿ   ਸਦਾ ਸੁਖੁ ਪਾਵੈ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਨ ਵਾਲ਼ਾ ਮਨ ਵਿਕਾਰਾਂ ਪਿੱਛੇ ਦੌੜਨਾ ਛੱਡ ਦੇਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਸਦਾ ਸੁੱਖ ਪਾਉਂਦਾ ਹੈ।

ਸਾਧ ਸੰਗਿ   ਬਸਤੁ ਅਗੋਚਰ ਲਹੈ ॥

ਸਾਧੂ ਕੈ ਸੰਗਿ   ਅਜਰੁ ਸਹੈ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਅਪਣੇ ਅੰਦਰ ਦੀ ਅਸਲ ਰੱਬੀ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਔਖੇ ਤੋਂ ਔਖੇ ਸਮੇਂ ਨੂੰ ਸਹਿਣ ਕਰਨ ਦੀ ਤਾਕਤ ਹਾਸਲ ਕਰਦਾ ਹੈ।

ਸਾਧ ਕੈ ਸੰਗਿ   ਬਸੈ ਥਾਨਿ ਊਚੈ ॥

ਸਾਧੂ ਕੈ ਸੰਗਿ   ਮਹਲਿ ਪਹੂਚੈ ॥

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਵਿਕਾਰਾਂ (ਨੀਵੀਂ ਸੋਚ) ਤੋਂ ਉੱਪਰ ਉੱਠ ਜਾਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਉੱਚਾ ਹੋ ਕੇ ਪ੍ਰਭੂ ਨਾਲ਼ ਇੱਕਮਿਕਤਾ ਵਾਲ਼ੇ ਟਿਕਾਣੇ 'ਤੇ ਪੁੱਜਦਾ ਹੈ।

**ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥**

**ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਚੰਗਿਆਈਆ ਨੂੰ ਅਮਲ 'ਚ ਲਿਆਉਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਕੇਵਲ ਪਰਮਾਤਮਾ ਵੱਲ ਧਿਆਨ ਕਰਦਾ ਹੈ।

**ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥**

**ਨਾਨਕ ਸਾਧੂ ਕੈ ਕੁਰਬਾਨ ॥੪॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਰੱਬੀ ਗੁਣਾਂ ਦੇ ਖਜ਼ਾਨਾ ਪ੍ਰਾਪਤ ਹੁੰਦਾ ਹੈ। ਮੈਂ ਐਸੇ ਗੁਰੂ ਤੋਂ ਸਦਾ ਕੁਰਬਾਨ ਜਾਵਾਂ (ਅਪਣਾ ਮਨ ਸਮਰਪਤ ਕਰ ਦੇਵਾਂ)।

**ਸਾਧ ਕੈ ਸੰਗਿ ਸਭ ਕੁਲ ਉਧਾਰੈ ॥**

**ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਸੁਰਤ-ਮੱਤ-ਮਨ ਆਦਿ ਸਭ ਦਾ ਬੁਰਾਈਆਂ ਤੋਂ ਛੁਟਕਾਰਾ ਹੁੰਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਇਹ ਅੰਦਰਲਾ ਪਰਿਵਾਰ ਸੱਜਣ-ਮਿੱਤਰ ਬਣ ਕੇ ਸਾਨੂੰ (ਵਿਕਾਰਾਂ ਤੋਂ) ਤਾਰ ਲੈਂਦਾ ਹੈ।

**ਸਾਧੂ ਕੈ ਸੰਗਿ ਸੋ ਧਨੁ ਪਾਵੈ ॥**

**ਜਿਸੁ ਧਨ ਤੇ ਸਭੁ ਕੋ ਵਰਸਾਵੈ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਰੱਬੀ ਗੁਣਾਂ ਦੀ ਉਹ ਦੌਲਤ ਮਿਲ਼ਦੀ ਹੈ, ਜਿਸ ਧਨ-ਦੌਲਤ ਨਾਲ਼ ਸੁਰਤ-ਮੱਤ-ਮਨ ਸਭ (ਵਿਕਾਰਾਂ ਦੇ ਖਿਲਾਫ) ਤਾਕਤਵਰ/ ਦਲੇਰ ਹੋ ਜਾਂਦੇ ਨੇ।

**ਸਾਧ ਸੰਗਿ ਧਰਮਰਾਇ ਕਰੇ ਸੇਵਾ ॥**

**ਸਾਧ ਕੈ ਸੰਗਿ ਸੋਭਾ ਸੁਰਦੇਵਾ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਹਰ ਥਾਂ ਵੱਸਦੇ ਧਰਮ/ਚੰਗਿਆਈ ਦੇ ਰਾਇ/ਮਾਲਕ ਪ੍ਰਭੂ ਦੀ ਸੇਵਾ ਕਰਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਰੱਬੀ ਗੁਣਾਂ ਨਾ਼ਲ ਸ਼ੋਭਾ ਪਾਉਣ ਵਾ਼ਲਾ ਦੇਵਤਾ ਬਣ ਜਾਂਦਾ ਹੈ।

**ਸਾਧੂ ਕੈ ਸੰਗਿ ਪਾਪ ਪਲਾਇਨ ॥**

**ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਅੰਦਰੋਂ ਪਾਪ/ਵਿਕਾਰ ਨਿਕਲ ਜਾਂਦੇ ਨੇ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਅੰਮ੍ਰਿਤ ਰੂਪ ਰੱਬੀ ਗੁਣਾਂ ਨੂੰ ਗਾਉਂਦਾ/ਹਾਸਲ ਕਰਦਾ ਹੈ।

**ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥**

**ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਉੱਚੀ ਤੋਂ ਉੱਚੀ ਸਮਝ ਤੱਕ ਪੁੱਜਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਜੀਵਨ ਸਫਲ ਹੋ ਜਾਂਦਾ ਹੈ।

**ਸਾਧ ਕੈ ਸੰਗਿ ਨਹੀ ਕਛੁ ਘਾਲ ॥**

**ਦਰਸਨੁ ਭੇਟਤ ਹੋਤ ਨਿਹਾਲ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਨ ਵਾ਼ਲੇ ਮਨ ਨੂੰ ਧਾਰਮਕ ਕਰਮ-ਕਾਂਡਾਂ ਵਾ਼ਲੀ ਮਸ਼ੱਕਤ ਨਹੀਂ ਕਰਨੀ ਪੈਂਦੀ। ਉਹ ਤਾਂ ਗੁਰੂ ਦੇ ਗਿਆਨ (ਦਰਸ਼ਨ) ਨੂੰ ਮਿ਼ਲ (ਦ੍ਰਿੜ੍ਹ ਕਰ) ਕੇ ਹੀ ਨਿਹਾਲ ਹੋ ਜਾਂਦਾ ਹੈ।

**ਸਾਧ ਕੈ ਸੰਗਿ ਕਲੂਖਤ ਹਰੈ ॥**

**ਸਾਧ ਕੈ ਸੰਗਿ ਨਰਕ ਪਰਹਰੈ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਅੰਦਰੋਂ (ਵਿਕਾਰਾਂ ਦੀ) ਕਾ਼ਲਖ ਲਹਿ ਜਾਂਦੀ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਉਸ ਨਰਕ ਤੋਂ ਵੀ ਛੁੱਟ ਜਾਈਦਾ ਹੈ ਜੋ ਵਿਕਾਰਾਂ ਕਰਕੇ ਅੰਦਰ ਬਣਿਆ ਹੈ।

**ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥**

**ਸਾਧ ਸੰਗਿ ਬਿਛੁਰਤ ਹਰਿ ਮੇਲਾ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਅਸੀਂ ਅੰਦਰੋਂ-ਬਾਹਰੋਂ ਸੌਖੇ ਹੋ ਜਾਂਦੇ ਹਾਂ। ਅਪਣੇ ਨਿੱਜ ਸਰੂਪ ਤੋਂ ਵਿਛੜਿਆ ਮਨ ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਫਿਰ ਮਿ਼ਲ ਜਾਂਦਾ ਹੈ।

**ਜੋ ਇਛੈ ਸੋਈ ਫਲੁ ਪਾਵੈ ॥**

**ਸਾਧ ਕੈ ਸੰਗਿ ਨ ਬਿਰਥਾ ਜਾਵੈ ॥**

ਜੋ ਵੀ ਗੁਰੂ ਦੇ ਗਿਆਨ ਤੋਂ ਰੱਬੀ ਮਿਲਾਪ ਦੀ ਇੱਛਾ/ਆਸ ਰੱਖਦਾ ਹੈ, ਉਸੇ ਨੂੰ ਫ਼ਲ ਮਿ਼ਲਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਨ ਵਾ਼ਲਾ ਮਨ ਕਦੀ ਵੀ ਵਿਅਰਥ ਕੰਮਾਂ ਵੱਲ ਨਹੀਂ ਜਾਂਦਾ।

**ਪਾਰਬ੍ਰਹਮੁ ਸਾਧ ਰਿਦ ਬਸੈ ॥**

**ਨਾਨਕ ਉਧਰੈ ਸਾਧ ਸੁਨਿ ਰਸੈ ॥੬॥**

ਗੁਰੂ ਦੇ ਹਿਰਦੇ (ਗਿਆਨ ਦੇ ਧੁਰ ਵਿੱਚ) ਪਰਮਾਤਮਾ ਆਪ ਵੱਸਿਆ ਹੈ। ਗੁਰੂ ਦੇ ਗਿਆਨ ਨੂੰ ਸੁਣ ਕੇ (ਅਮਲ ਵਿੱਚ ਲਿਆ ਕੇ) ਮਨ ਦਾ (ਵਿਕਾਰਾਂ ਤੋਂ) ਪਾਰ ਉਤਾਰਾ ਹੁੰਦਾ ਹੈ।

**ਸਾਧ ਕੈ ਸੰਗਿ ਸੁਨਉ ਹਰਿ ਨਾਉ ॥**

**ਸਾਧ ਸੰਗਿ ਹਰਿ ਕੇ ਗੁਨ ਗਾਉ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਰੱਬੀ ਹੁਕਮ ਨੂੰ ਸੁਣਨਾ/ਮੰਨਣਾ ਆਉਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਅਸੀਂ ਰੱਬੀ ਗੁਣਾਂ ਨੂੰ ਗਾਉਂਦੇ (ਜੀਵਨ 'ਚ ਉਤਾਰਦੇ) ਹਾਂ।

**ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥**

**ਸਾਧ ਸੰਗਿ ਸਰਪਰ ਨਿਸਤਰੈ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰੀਏ ਤਾਂ ਮਨ 'ਚੋਂ ਕਦੀ ਪਰਮਾਤਮਾ ਨਹੀਂ ਵਿਸਰਦਾ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਵਿਕਾਰਾਂ ਵਿਚੋਂ ਨਿਕਲ਼ ਜਾਂਦਾ ਹੈ।

**ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥**

**ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਪਰਮਾਤਮਾ ਨਾ਼ਲ ਪਿਆਰ ਪੈਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਹਰ ਪਾਸੇ ਸਾਰਿਆਂ 'ਚ ਪਰਮਾਤਮਾ ਦੇਖ ਲਈਦਾ ਹੈ।

**ਸਾਧ ਸੰਗਿ ਭਏ ਆਗਿਆਕਾਰੀ ॥**

**ਸਾਧ ਸੰਗਿ ਗਤਿ ਭਈ ਹਮਾਰੀ ॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਰੱਬੀ ਹੁਕਮ ਨੂੰ ਮੰਨਣ ਲੱਗ ਜਾਂਦਾ ਹੈ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਹੀ ਸਾਨੂੰ ਉੱਚੀ ਆਤਮਕ ਸਮਝ ਆਉਂਦੀ ਹੈ।

**ਸਾਧ ਕੈ ਸੰਗਿ ਮਿਟੇ ਸਭਿ ਰੋਗ ॥**

**ਨਾਨਕ ਸਾਧ ਭੇਟੇ ਸੰਜੋਗ ॥੭॥**

ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਮਨ ਅੰਦਰੋਂ ਵਿਕਾਰਾਂ ਦੇ ਰੋਗ ਮਿਟ ਜਾਂਦੇ ਨੇ। ਗੁਰੂ ਦਾ ਸੰਗ (ਗਿਆਨ ਨੂੰ ਦ੍ਰਿੜ੍ਹ) ਕਰਕੇ ਅਪਣੇ ਅੰਦਰ ਹੀ ਪਰਮਾਤਮਾ ਨੂੰ ਮਿਲਣ ਦੇ ਸੰਜੋਗ ਬਣਦੇ ਨੇ।

**ਸਾਧ ਕੀ ਮਹਿਮਾ ਬੇਦ ਨ ਜਾਨਹਿ ॥**

**ਜੇਤਾ ਸੁਨਹਿ ਤੇਤਾ ਬਖਿਆਨਹਿ ॥**

ਗੁਰੂ ਦੀ ਵਡਿਆਈ ਕਿਸੇ ਬਾਹਰੀ ਗਿਆਨ ਦੀ ਮੁਹਤਾਜ ਨਹੀਂ। ਬਾਹਰੀ ਗ੍ਰੰਥ ਲਿਖਣ ਵਾਲ਼ੇ ਤਾਂ ਜਿੰਨਾ 'ਕੁ ਸੁਣਦੇ ਓਨਾਂ 'ਕੁ ਲਿਖ ਜਾਂਦੇ ਨੇ।

**ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥**

**ਸਾਧ ਕੀ ਉਪਮਾ ਰਹੀ ਭਰਪੂਰਿ ॥**

ਗੁਰੂ ਦੀ ਵਡਿਆਈ ਸੰਸਾਰ ਦੀ ਅਧੂਰੀ ਸੋਚ-ਸਮਝ ਤੋਂ ਦੂਰ ਦੀ ਗੱਲ ਹੈ। ਗੁਰੂ ਦੀ ਵਡਿਆਈ ਭਰਪੂਰ ਹੈ (ਗੁਰੂ ਦਾ ਗਿਆਨ ਸਾਨੂੰ ਮੁਕੰਮਲ ਕਰ ਦੇਂਦਾ ਹੈ)।

**ਸਾਧ ਕੀ ਸੋਭਾ ਕਾ ਨਾਹੀ ਅੰਤ ॥**

**ਸਾਧ ਕੀ ਸੋਭਾ ਸਦਾ ਬੇਅੰਤ ॥**

ਗੁਰੂ ਦੀ ਵਡਿਆਈ ਦਾ ਕੋਈ ਅੰਤ ਨਹੀਂ ਹੈ (ਗੁਰੂ ਦੇ ਗਿਆਨ ਤੋਂ ਮਿਲਣ ਵਾਲ਼ੀ ਵਡਿਆਈ ਕਿਤੇ ਮੁੱਕਦੀ ਨਹੀਂ) ਗੁਰੂ ਦੇ ਗਿਆਨ ਤੋਂ ਹਮੇਸ਼ਾ ਬੇਅੰਤ ਵਡਿਆਈਆਂ ਮਿਲ਼ਦੀਆਂ ਨੇ।

**ਸਾਧ ਕੀ ਸੋਭਾ ਊਚ ਤੇ ਊਚੀ ॥**

**ਸਾਧ ਕੀ ਸੋਭਾ ਮੂਚ ਤੇ ਮੂਚੀ ॥**

ਗੁਰੂ ਦੀ ਸ਼ੋਭਾ ਸਭ ਤੋਂ ਉੱਚੀ ਹੈ (ਗੁਰੂ ਦੇ ਗਿਆਨ ਨਾਲ਼ ਮਨ ਨੂੰ ਸਭ ਤੋਂ ਉੱਚੀ ਅਵਸਥਾ ਮਿਲ਼ਦੀ ਹੈ)। ਗੁਰੂ ਦੇ ਗਿਆਨ ਤੋਂ ਮਿਲਣ ਵਾਲ਼ੀ ਵਡਿਆਈ ਸਭ ਤੋਂ ਵੱਡੀ ਹੈ।

ਸਾਧ ਕੀ ਸੋਭਾ ਸਾਧ ਬਨਿ ਆਈ ॥

ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥

ਗੁਰੂ ਦੀ ਵਡਿਆਈ (ਗਿਆਨ) ਸਾਡੇ ਅੰਦਰ ਗੁਰੂ ਹੀ ਬਣ ਕੇ ਉਤਰ ਜਾਂਦੀ ਹੈ। ਗੁਰੂ ਤੇ ਪਰਮਾਤਮਾ ਵਿੱਚ ਕੋਈ ਫਰਕ ਨਹੀਂ ਹੁੰਦਾ (ਸਾਡੇ ਅੰਦਰ ਗਿਆਨ-ਗੁਰੂ ਆ ਕੇ ਸਾਨੂੰ ਰੱਬ ਨਾਲ਼ ਇੱਕ ਕਰ ਦੇਂਦਾ ਹੈ)।

ਸਲੋਕੁ ॥

ਮਨਿ ਸਾਚਾ ਮੁਖਿ ਸਾਚਾ ਸੋਇ ॥

ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥

ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥

ਪਰਮਾਤਮਾ ਨੂੰ ਜਾਣ/ਸਮਝ ਲੈਣ ਦੇ ਇਹ ਲੱਛਣ/ਗੁਣ ਹੁੰਦੇ ਨੇ: ਅੰਦਰੋਂ ਮਨ ਵੀ ਸੱਚਾ/ਪਵਿੱਤਰ ਹੋਵੇ, ਤੇ ਬਾਹਰੋਂ ਮੁੱਖ (ਬੋਲ-ਬਾਣੀ-ਵਿਹਾਰ) ਵੀ; ਤੇ ਸਾਰਿਆਂ ਵਿੱਚ ਹਰ ਸਮੇਂ ਇੱਕ ਪਰਮਾਤਮਾ ਨੂੰ ਜਾਨਣਾ।

ਅਸਟਪਦੀ ॥

ਬ੍ਰਹਮ ਗਿਆਨੀ ਸਦਾ ਨਿਰਲੇਪ ॥

ਜੈਸੇ ਜਲ ਮਹਿ ਕਮਲ ਅਲੇਪ ॥

ਜਿਵੇਂ ਕਮਲ ਦਾ ਫੁੱਲ ਪਾਣੀ 'ਚ ਰਹਿ ਕੇ ਵੀ ਪਾਣੀ ਨਾਲ਼ ਗਲ਼ਦਾ ਨਹੀਂ, ਰੱਬੀ ਗਿਆਨ ਵਾਲ਼ਾ ਮਨ ਵਿਕਾਰਾਂ ਤੋਂ ਬਚ ਕੇ ਰਹਿੰਦਾ ਹੈ।

ਬ੍ਰਹਮਗਿਆਨੀ ਸਦਾ ਨਿਰਦੋਖ ॥

ਜੈਸੇ ਸੂਰੁ ਸਰਬ ਕਉ ਸੋਖ ॥

ਜਿਵੇਂ ਸੂਰਜ ਦੀ ਗਰਮੀ ਹਰ ਚੀਜ਼ ਨੂੰ ਸੁਕਾ ਦੇਂਦੀ ਹੈ, ਰੱਬੀ ਗਿਆਨ ਵਾਲ਼ਾ ਮਨ ਦੋਖ/ਵਿਕਾਰਾਂ ਨੂੰ ਖਤਮ ਕਰ ਲੈਂਦਾ ਹੈ।

**ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥**

**ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥**

ਜਿਵੇਂ ਹਵਾ ਅਮੀਰ-ਗਰੀਬ ਸਭ ਨੂੰ ਬਰਾਬਰ ਲੱਗਦੀ ਹੈ, ਰੱਬੀ ਗਿਆਨ ਵਾਲ਼ਾ ਮਨ ਸਭ ਵਿੱਚ ਇੱਕ ਰੱਬ ਨੂੰ ਦੇਖਦਾ ਹੈ।

**ਬ੍ਰਹਮ ਗਿਆਨੀ ਕੈ ਧੀਰਜੁ ਏਕ ॥**

**ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥**

ਜਿਵੇਂ ਧਰਤੀ ਇਸ ਗੱਲ ਤੋਂ ਦੁਖੀ ਨਹੀਂ ਹੁੰਦੀ ਕਿ ਕੋਈ ਉਸਨੂੰ ਖੋਤਰੇ ਜਾਂ ਚੰਦਨ ਦਾ ਪੋਚਾ ਕਰੇ, ਰੱਬੀ ਗਿਆਨ ਵਾਲ਼ਾ ਮਨ ਇੱਕਸਾਰ ਧੀਰਜ/ਸਬਰ ਰੱਖਦਾ ਹੈ।

**ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥**

**ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥**

ਰੱਬੀ ਗਿਆਨ ਵਾਲ਼ਾ ਮਨ ਅਪਣੇ ਅੰਦਰੋਂ ਵਿਕਾਰਾਂ ਨੂੰ ਇੰਝ ਸਹਿਜਤਾ ਨਾਲ਼ ਖਤਮ ਕਰਦਾ ਜਾਂਦਾ ਹੈ ਜਿਵੇਂ ਅੱਗ ਕੁਦਰਤੀ ਤੌਰ ਤੇ ਹਰ ਸ਼ੈ ਨੂੰ ਸਾੜ ਦੇਂਦੀ ਹੈ।

**ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥**

**ਜੈਸੇ ਮੈਲੁ ਨ ਲਾਗੈ ਜਲਾ ॥**

ਜਿਵੇਂ ਪਾਣੀ ਅੱਗੇ ਮੈਲ਼ ਨਹੀਂ ਟਿਕਦੀ, ਰੱਬੀ ਗਿਆਨ ਵਾਲ਼ੇ ਮਨ ਅੱਗੇ ਵਿਕਾਰਾਂ ਦੀ ਮੈਲ਼ ਨਹੀਂ ਟਿਕਦੀ, ਉਹ ਸਦਾ ਪਵਿੱਤਰ ਰਹਿੰਦਾ ਹੈ।

**ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥**

**ਜੈਸੇ ਧਰ ਊਪਰਿ ਆਕਾਸੁ ॥**

ਜਿਵੇਂ ਧਰਤੀ ਉੱਤੇ ਖੁੱਲ੍ਹਾ ਬੇਅੰਤ ਅਸਮਾਨ ਹੈ, ਰੱਬੀ ਗਿਆਨ ਵਾਲ਼ੇ ਮਨ ਅੰਦਰ ਬੇਅੰਤ ਖਿੜਾਅ ਰਹਿੰਦਾ ਹੈ।

**ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥**

**ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥**

ਰੱਬੀ ਗਿਆਨ ਵਾਲ਼ੇ ਮਨ ਵਿੱਚ ਦੋਸਤ-ਦੁਸ਼ਮਣ ਵਾਲ਼ਾ ਵਿਤਕਰਾ ਨਹੀਂ ਹੁੰਦਾ। ਰੱਬੀ ਗਿਆਨ ਵਾਲ਼ੇ ਮਨ ਵਿੱਚ ਕੋਈ ਅਹੰਕਾਰ ਨਹੀਂ ਰਹਿੰਦਾ।

**ਬ੍ਰਹਮ ਗਿਆਨੀ ਊਚ ਤੇ ਊਚਾ ॥**

**ਮਨਿ ਅਪਨੈ ਹੈ ਸਭ ਤੇ ਨੀਚਾ ॥**

ਰੱਬੀ ਗਿਆਨ ਵਾਲ਼ਾ ਮਨ ਗੁਣਾਂ ਕਰਕੇ ਉੱਚੇ ਤੋਂ ਉੱਚਾ ਹੁੰਦਾ ਜਾਂਦਾ ਹੈ। ਰੱਬੀ ਗਿਆਨ ਵਾਲ਼ਾ ਮਨ ਸਦਾ ਨਿਮਰਤਾ/ਹਲੀਮੀ ਵਿੱਚ ਰਹਿੰਦਾ ਹੈ।

**ਬ੍ਰਹਮ ਗਿਆਨੀ ਸੇ ਜਨ ਭਏ ॥**

**ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥**

ਰੱਬੀ ਗਿਆਨ ਵਾਲ਼ਾ ਮਨ ਹੀ ਪਰਮਾਤਮਾ ਦਾ ਜਨ/ਸੇਵਕ ਹੁੰਦਾ ਹੈ, ਜਿਸ ਨੇ ਪ੍ਰਭੂ ਨੂੰ ਅਪਣਾ ਕਰ ਲਿਆ ਹੈ।

**ਬ੍ਰਹਮ ਗਿਆਨੀ ਸਗਲ ਕੀ ਰੀਨਾ ॥**

**ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥**

ਰੱਬੀ ਗਿਆਨ ਵਾਲ਼ਾ ਮਨ ਸਦਾ ਹਲੀਮੀ ਵਿੱਚ ਰਹਿੰਦਾ ਹੈ। ਰੱਬੀ ਗਿਆਨ ਵਾਲ਼ਾ ਮਨ ਅਪਣੇ ਅੰਦਰ ਅਨੰਦ ਨੂੰ ਪਛਾਣ ਲੈਂਦਾ ਹੈ।

**ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥**

**ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥**

ਰੱਬੀ ਗਿਆਨ ਵਾਲ਼ੇ ਮਨ ਦੀ ਅਪਣੇ ਸਾਰੇ ਅੰਦਰੂਨੀ ਸੰਸਾਰ (ਸੁਰਤ, ਮੱਤ, ਵਿਚਾਰ) ਕਿਰਪਾ ਵਰਸਦੀ ਹੈ। ਰੱਬੀ ਗਿਆਨ ਵਾਲ਼ਾ ਮਨ ਕਦੀ ਕੁੱਝ ਬੁਰਾ ਨਹੀਂ ਕਰਦਾ।

**ਬ੍ਰਹਮ ਗਿਆਨੀ ਸਦਾ ਸਮਦਰਸੀ ॥**

**ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥**

ਰੱਬੀ ਗਿਆਨ ਵਾਲ਼ਾ ਮਨ ਸਭ ਨੂੰ ਇੱਕ ਕਰਕੇ ਦੇਖਦਾ ਹੈ। ਰੱਬੀ ਗਿਆਨ ਵਾਲ਼ੇ ਮਨ ਦੀ ਦ੍ਰਿਸ਼ਟੀ (ਦੇਖਣ ਦੇ ਢੰਗ) ਵਿੱਚ ਅੰਮ੍ਰਿਤ ਵਰਸਦਾ ਹੈ (ਸਭ ਨਾਲ਼ ਭਲਾ ਕਰਦਾ ਹੈ)।

**ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥**

**ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥**

ਰੱਬੀ ਗਿਆਨ ਵਾਲ਼ਾ ਮਨ ਵਿਕਾਰਾਂ ਦੇ ਬੰਧਨਾਂ ਤੋਂ ਅਜ਼ਾਦ ਹੁੰਦਾ ਹੈ। ਰੱਬੀ ਗਿਆਨ ਵਾਲ਼ੇ ਮਨ ਦੇ ਰਾਹ/ਵਿਚਾਰ ਸਦਾ ਪਵਿੱਤਰ ਹੁੰਦੇ ਨੇ।

**ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥**

**ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥**

ਰੱਬੀ ਗਿਆਨ ਵਾਲ਼ਾ ਮਨ ਸਦਾ ਗਿਆਨ ਨਾਲ਼ ਰੱਜਦਾ ਹੈ (ਫਜ਼ੂਲ ਕਰਮ-ਕਾਂਡ ਦੀ ਭੁੱਖ/ਆਹਰ ਨਹੀਂ ਕਰਦਾ)। ਰੱਬੀ ਗਿਆਨ ਵਾਲ਼ੇ ਮਨ ਦਾ ਧਿਆਨ ਇੱਕ ਪਰਮਾਤਮਾ ਵੱਲ ਰਹਿੰਦਾ ਹੈ।

**ਬ੍ਰਹਮ ਗਿਆਨੀ ਏਕ ਊਪਰਿ ਆਸ ॥**

**ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥**

ਰੱਬੀ ਗਿਆਨ ਵਾਲ਼ਾ ਮਨ ਇੱਕ ਪਰਮਾਤਮਾ ਉੱਪਰ ਆਸ ਰੱਖਦਾ ਹੈ। ਰੱਬੀ ਗਿਆਨ ਵਾਲ਼ਾ ਮਨ ਵਿਕਾਰਾਂ 'ਚ ਨਾਸ਼ ਹੋਣ ਵਾਲ਼ੇ ਰਾਹ 'ਤੇ ਨਹੀਂ ਜਾਂਦਾ।

**ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥**

**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥**

ਰੱਬੀ ਗਿਆਨ ਵਾਲ਼ਾ ਮਨ ਹਲੀਮੀ 'ਚ ਸਮਾਇਆ ਰਹਿੰਦਾ ਹੈ। ਰੱਬੀ ਗਿਆਨ ਵਾਲ਼ਾ ਮਨ ਭਲਾਈ 'ਚ ਅਨੰਦ ਮਾਣਦਾ ਹੈ।

**ਬ੍ਰਹਮ ਗਿਆਨੀ ਕੈ   ਨਾਹੀ ਧੰਧਾ ॥**

**ਬ੍ਰਹਮ ਗਿਆਨੀ  ਲੇ ਧਾਵਤੁ ਬੰਧਾ ॥**

ਰੱਬੀ ਗਿਆਨ ਵਾਲ਼ਾ ਮਨ ਬੇਕਾਰ ਕਰਮ-ਕਾਂਡਾਂ ਵਿੱਚ ਨਹੀਂ ਰੁੱਝਦਾ। ਰੱਬੀ ਗਿਆਨ ਵਾਲ਼ਾ ਮਨ ਫਜ਼ੂਲ ਭਰਮਾਂ ਦੀ ਦੌੜ-ਭੱਜ ਤੋਂ ਰੁਕ ਜਾਂਦਾ ਹੈ।

**ਬ੍ਰਹਮ ਗਿਆਨੀ ਕੈ   ਹੋਇ ਸੁ ਭਲਾ ॥**

**ਬ੍ਰਹਮ ਗਿਆਨੀ   ਸੁਫਲ ਫਲਾ ॥**

ਰੱਬੀ ਗਿਆਨ ਵਾਲ਼ਾ ਮਨ ਕੇਵਲ ਭਲਾ ਹੀ ਕਰਦਾ ਹੈ। ਰੱਬੀ ਗਿਆਨ ਵਾਲ਼ੇ ਮਨ ਵਿੱਚ ਸੋਹਣੇ ਫ਼ਲ (ਰੱਬੀ ਗੁਣ) ਫ਼ਲਦੇ/ਖਿੜਦੇ ਨੇ।

**ਬ੍ਰਹਮ ਗਿਆਨੀ ਸੰਗਿ   ਸਗਲ ਉਧਾਰੁ ॥**

**ਨਾਨਕ   ਬ੍ਰਹਮ ਗਿਆਨੀ  ਜਪੈ ਸਗਲ ਸੰਸਾਰੁ ॥੪॥**

ਰੱਬੀ ਗਿਆਨ ਵਾਲ਼ੇ ਮਨ ਨਾਲ਼ ਸਭ (ਸੁਰਤ-ਮੱਤ, ਵਿਚਾਰ-ਵਿਹਾਰ) ਦਾ ਵੀ ਭਲਾ ਹੋ ਜਾਂਦਾ ਹੈ। ਰੱਬੀ ਗਿਆਨ ਵਾਲ਼ੇ ਮਨ ਦਾ ਸਾਰਾ ਅੰਦਰੂਨੀ ਸੰਸਾਰ ਰੱਬੀ ਗੁਣਾਂ ਨੂੰ ਜਪਦਾ (ਦ੍ਰਿੜ੍ਹ ਕਰਦਾ) ਹੈ।

**ਬ੍ਰਹਮ ਗਿਆਨੀ ਕੈ   ਏਕੈ ਰੰਗ ॥**

**ਬ੍ਰਹਮ ਗਿਆਨੀ ਕੈ   ਬਸੈ ਪ੍ਰਭੁ ਸੰਗ ॥**

ਰੱਬੀ ਗਿਆਨ ਵਾਲ਼ਾ ਮਨ ਇੱਕ ਰੱਬੀ ਪਿਆਰ 'ਚ ਰੰਗਿਆ ਰਹਿੰਦਾ ਹੈ। ਰੱਬੀ ਗਿਆਨ ਵਾਲ਼ਾ ਮਨ ਹਰ ਵੇਲ਼ੇ ਪਰਮਾਤਮਾ ਦੇ ਨਾਲ਼ ਰਹਿੰਦਾ ਹੈ।

**ਬ੍ਰਹਮ ਗਿਆਨੀ ਕੈ   ਨਾਮੁ ਆਧਾਰੁ ॥**

**ਬ੍ਰਹਮ ਗਿਆਨੀ ਕੈ   ਨਾਮੁ ਪਰਵਾਰੁ ॥**

ਰੱਬੀ ਗਿਆਨ ਵਾਲ਼ਾ ਮਨ ਕੇਵਲ ਰੱਬੀ ਗੁਣਾਂ ਨੂੰ ਅਪਣਾ ਆਸਰਾ ਬਣਾਉਂਦਾ ਹੈ। ਰੱਬੀ ਗਿਆਨ ਵਾਲ਼ਾ ਮਨ ਰੱਬੀ ਗੁਣਾਂ ਨੂੰ ਹੀ ਅਪਣਾ ਪਰਿਵਾਰ ਬਣਾਉਂਦਾ ਹੈ।

**ਬ੍ਰਹਮ ਗਿਆਨੀ ਸਦਾ ਸਦ ਜਾਗਤ ॥**

**ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥**

ਰੱਬੀ ਗਿਆਨ ਵਾਲ਼ਾ ਮਨ ਹਰ ਵੇਲ਼ੇ ਵਿਕਾਰਾਂ ਵੱਲੋਂ ਜਾਗਰੂਕ ਰਹਿੰਦਾ ਹੈ। ਰੱਬੀ ਗਿਆਨ ਵਾਲ਼ਾ ਮਨ ਅਪਣੇ ਅੰਦਰੋਂ ਹੰਕਾਰ ਵਾਲ਼ੀ ਮੱਤ ਛੱਡ ਦੇਂਦਾ ਹੈ।

**ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥**

**ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥**

ਰੱਬੀ ਗਿਆਨ ਵਾਲ਼ਾ ਮਨ ਅਨੰਦ ਦੇ ਸੋਮੇ ਪਰਮਾਤਮਾ 'ਚ ਸਮਾਇਆ ਰਹਿੰਦਾ ਹੈ। ਰੱਬੀ ਗਿਆਨ ਵਾਲ਼ੇ ਮਨ ਅੰਦਰ ਸਦਾ ਅਨੰਦ ਬਣਿਆ ਰਹਿੰਦਾ ਹੈ।

**ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥**

**ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥**

ਰੱਬੀ ਗਿਆਨ ਵਾਲ਼ੇ ਮਨ ਅੰਦਰ ਸੁੱਖ ਅਤੇ ਸ਼ਾਂਤੀ ਦਾ ਨਿਵਾਸ ਹੁੰਦਾ ਹੈ। ਰੱਬੀ ਗਿਆਨ ਵਾਲ਼ਾ ਮਨ ਵਿਕਾਰਾਂ 'ਚ ਨਸ਼ਟ ਨਹੀਂ ਹੁੰਦਾ।

**ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥**

**ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥**

ਰੱਬੀ ਗਿਆਨ ਵਾਲ਼ਾ ਮਨ ਪਰਮਾਤਮਾ ਨੂੰ ਜਾਣਦਾ ਹੈ। ਰੱਬੀ ਗਿਆਨ ਵਾਲ਼ਾ ਮਨ ਇੱਕ ਪਰਮਾਤਮਾ ਨਾਲ਼ ਪਿਆਰ ਪਾਉਂਦਾ ਹੈ।

**ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥**

**ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥**

ਰੱਬੀ ਗਿਆਨ ਵਾਲ਼ਾ ਮਨ ਚਿੰਤਾ ਮੁਕਤ ਹੋ ਜਾਂਦਾ ਹੈ। ਰੱਬੀ ਗਿਆਨ ਵਾਲ਼ਾ ਮਨ ਪਵਿੱਤਰ ਖਿਆਲਾਂ ਵਾਲ਼ਾ ਹੁੰਦਾ ਹੈ।

**ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥**

**ਬ੍ਰਹਮ ਗਿਆਨੀ ਕਾ ਬਡ ਪਰਤਾਪ ॥**

ਰੱਬੀ ਗਿਆਨ ਵਾਲ਼ਾ ਮਨ ਜਿਸਨੂੰ ਆਪ ਪਰਮਾਤਮਾ ਨੇ ਹੀ ਬਣਾਇਆ ਹੈ। ਐਸਾ ਰੱਬੀ ਗਿਆਨ ਵਾਲ਼ਾ ਮਨ ਵੱਡੇ ਪਰਤਾਪ/ਸ਼ਕਤੀ ਵਾਲ਼ਾ ਹੈ।

**ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥**

**ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥**

ਰੱਬੀ ਗਿਆਨ ਵਾਲ਼ੇ ਮਨ ਦੀ ਅਪਣੇ ਅੰਦਰ ਝਲਕ/ਪ੍ਰਾਪਤੀ ਕਰ ਲੈਣਾ ਹੀ ਵੱਡੇ ਭਾਗ ਨੇ। ਰੱਬੀ ਗਿਆਨ ਵਾਲ਼ੇ ਮਨ ਤੋਂ ਬਲਿਹਾਰ ਜਾਈਏ।

**ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥**

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥**

ਰੱਬੀ ਗਿਆਨ ਵਾਲ਼ੇ ਮਨ ਨੂੰ ਅਪਣੇ ਅੰਦਰ ਖੋਜਣ/ਘੜਣ ਵਾਲ਼ੇ ਹੀ ਦੇਵਤੇ ਨੇ। ਰੱਬੀ ਗਿਆਨ ਵਾਲ਼ਾ ਮਨ ਆਪ ਪਰਮੇਸ਼ਰ ਦਾ ਰੂਪ ਹੈ।

**ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥**

**ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥**

ਰੱਬੀ ਗਿਆਨ ਵਾਲ਼ਾ ਮਨ ਬੇਸ਼ਕੀਮਤੀ ਹੁੰਦਾ ਹੈ। ਰੱਬੀ ਗਿਆਨ ਵਾਲ਼ੇ ਮਨ ਅੰਦਰ ਸਭ ਕੁੱਝ (ਹਰ ਮਸਲੇ ਦਾ ਹੱਲ) ਹੈ।

**ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥**

**ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥**

ਰੱਬੀ ਗਿਆਨ ਵਾਲ਼ੇ ਮਨ (ਦੀ ਵਡਿਆਈ) ਦਾ ਭੇਤ/ਅੰਤ ਬਿਆਨ ਨਹੀਂ ਕੀਤਾ ਜਾ ਸਕਦਾ। ਰੱਬੀ ਗਿਆਨ ਵਾਲ਼ੇ ਮਨ ਨੂੰ ਨਮਸਕਾਰ ਕਰਨਾ (ਸਮਰਪਤ ਹੋ ਜਾਣਾ) ਚਾਹੀਦਾ ਹੈ।

ੴ

**ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਹਰੁ ॥**

**ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥**

ਰੱਬੀ ਗਿਆਨ ਵਾਲ਼ੇ ਮਨ ਦੀ ਵਡਿਆਈ ਬਾਰੇ ਲਫਜ਼ਾਂ ਵਿੱਚ ਕਿਹਾ ਨਹੀਂ ਜਾ ਸਕਦਾ। ਰੱਬੀ ਗਿਆਨ ਵਾਲ਼ੇ ਮਨ ਨੂੰ ਹੀ ਅਪਣੀ ਸਾਰੀ ਹੋਂਦ ਦਾ ਮਾਲਕ ਮੰਨਣਾ ਚਾਹੀਦਾ ਹੈ।

**ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥**

**ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥**

ਰੱਬੀ ਗਿਆਨ ਵਾਲ਼ੇ ਮਨ ਦੀ ਉਚਿਆਈ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਰੱਬੀ ਗਿਆਨ ਵਾਲ਼ੇ ਮਨ ਦੀ ਵਡਿਆਈ ਉਹ ਆਪ ਹੀ ਜਾਣਦਾ ਹੈ।

**ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥**

**ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥**

ਰੱਬੀ ਗਿਆਨ ਵਾਲ਼ੇ ਮਨ ਦੀਆਂ ਵਡਿਆਈਆਂ ਦਾ ਕੋਈ ਹੱਦ-ਬੰਨਾ ਨਹੀਂ। ਰੱਬੀ ਗਿਆਨ ਵਾਲ਼ੇ ਮਨ ਨੂੰ ਨਮਸਕਾਰ ਕਰਨਾ (ਸਮਰਪਤ ਹੋ ਜਾਣਾ) ਚਾਹੀਦਾ ਹੈ।

**ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥**

**ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥**

ਰੱਬੀ ਗਿਆਨ ਵਾਲ਼ਾ ਮਨ ਸਾਡੇ ਅੰਦਰ (ਸ਼ੁਭ ਗੁਣਾਂ) ਦੀ ਸੋਹਣੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਰੱਬੀ ਗਿਆਨ ਵਾਲ਼ਾ ਮਨ ਰੱਬੀ ਗੁਣਾਂ ਵਿੱਚ ਜੀਊਣ ਕਰਕੇ ਕਦੀ ਵਿਕਾਰਾਂ 'ਚ ਨਹੀਂ ਮਰਦਾ।

**ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥**

**ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥**

ਰੱਬੀ ਗਿਆਨ ਵਾਲ਼ਾ ਮਨ ਸਾਡੇ ਜੀਵਨ ਨੂੰ ਵਿਕਾਰਾਂ/ਦੁੱਖਾਂ ਤੋਂ ਮੁਕਤ ਹੋਣ ਦੀ ਜਾਚ ਦੇਂਦਾ ਹੈ। ਰੱਬੀ ਗਿਆਨ ਵਾਲ਼ਾ ਮਨ ਸਾਨੂੰ ਪੂਰਨ ਪੁਰਖ (ਸਚਿਆਰ/ਗੁਣਵੰਤ) ਬਣਾਉਣ ਲਈ ਸਮਰੱਥ ਹੈ।

ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥

ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥

ਰੱਬੀ ਗਿਆਨ ਵਾਲ਼ਾ ਮਨ ਹੀ ਵਿਕਾਰਾਂ 'ਚ ਅਨਾਥ ਹੋਈ ਮੱਤ ਦਾ ਸਹੀ ਨਾਥ/ ਮਾਲਕ ਬਣਦਾ ਹੈ। ਰੱਬੀ ਗਿਆਨ ਵਾਲ਼ਾ ਮਨ ਸਾਡੇ ਅੰਦਰਲੇ ਸਾਰੇ ਸੰਸਾਰ (ਸੁਰਤ-ਮੱਤ-ਵਿਚਾਰਾਂ) ਨੂੰ ਸੰਭਾਲ਼ਦਾ ਹੈ।

ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥

ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥

ਰੱਬੀ ਗਿਆਨ ਵਾਲ਼ਾ ਮਨ ਸਾਡੇ ਅੰਦਰ ਚੰਗੇ ਆਚਰਣ ਦਾ ਅਕਾਰ/ਘਾੜਤ ਕਰਦਾ ਹੈ। ਰੱਬੀ ਗਿਆਨ ਵਾਲ਼ਾ ਮਨ ਆਪ ਨਿਰੰਕਾਰ ਪਰਮਾਤਮਾ ਦਾ ਰੂਪ ਹੈ।

ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥

ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥

ਰੱਬੀ ਗਿਆਨ ਵਾਲ਼ੇ ਮਨ ਦੀ ਸ਼ੋਭਾ ਰੱਬੀ ਗਿਆਨ ਨਾਲ਼ ਹੀ ਬਣਦੀ ਹੈ। ਰੱਬੀ ਗਿਆਨ ਵਾਲ਼ਾ ਮਨ (ਰੱਬੀ ਗੁਣਾਂ ਵਾਲ਼ੀ) ਅਸਲ ਦੌਲਤ ਦਾ ਮਾਲਕ ਹੁੰਦਾ ਹੈ।

ਸਲੋਕੁ ॥

ਉਰਿ ਧਾਰੈ ਜੋ ਅੰਤਰਿ ਨਾਮੁ ॥

ਸਰਬ ਮੈ ਪੇਖੈ ਭਗਵਾਨੁ ॥

ਜੋ ਆਪਣੇ ਅੰਦਰ ਰੱਬੀ ਨਾਮ/ਗੁਣਾਂ ਨੂੰ ਧਾਰਣ ਕਰਦਾ ਹੈ। ਜੋ ਸਾਰਿਆਂ ਵਿੱਚ ਇੱਕ ਭਗਵਾਨ ਨੂੰ ਦੇਖਦਾ ਹੈ।

ਨਿਮਖ ਨਿਮਖ ਠਾਕੁਰ ਨਮਸਕਾਰੈ ॥

ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥

ਜੋ ਹਰ ਸਮੇਂ ਪਰਮਾਤਮਾ ਨੂੰ ਸਮਰਪਤ ਹੈ। ਉਹ ਸਹੀ ਮਾਇਨਿਆਂ ਵਿੱਚ ਸੁੱਚਾ ਹੈ। ਉਸਦਾ ਵਿਕਾਰਾਂ ਵੱਲੋਂ ਪੂਰੀ ਤਰ੍ਹਾਂ ਨਿਸਤਾਰਾ/ਛੁਟਕਾਰਾ ਹੋ ਜਾਂਦਾ ਹੈ।

## ਅਸਟਪਦੀ ॥

**ਮਿਥਿਆ  ਨਾਹੀ ਰਸਨਾ ਪਰਸ ॥**

**ਮਨ ਮਹਿ ਪ੍ਰੀਤਿ  ਨਿਰੰਜਨ ਦਰਸ ॥**

ਝੂਠ ਨੂੰ ਅਪਣੀ ਬੋਲ-ਬਾਣੀ (ਵਿਹਾਰ) ਦਾ ਹਿੱਸਾ ਨਹੀਂ ਬਣਾਉਂਦਾ, ਸਗੋਂ ਅਪਣੇ ਅੰਦਰ ਪ੍ਰਭੂ ਨੂੰ ਖੋਜਣ ਦੀ ਤਾਂਘ ਰੱਖਦਾ ਹੈ।

**ਪਰ ਤ੍ਰਿਅ ਰੂਪੁ  ਨ ਪੇਖੈ ਨੇਤ੍ਰ ॥**

**ਸਾਧ ਕੀ ਟਹਲ  ਸੰਤਸੰਗਿ ਹੇਤ ॥**

ਪਰਾਏ ਸ਼ਰੀਰ ਤੇ ਰੂਪ ਵੱਲ ਮਾੜੀ ਨਿਗਾਹ ਨਹੀਂ ਰੱਖਦਾ, ਸਗੋਂ ਗੁਰੂ ਦੇ ਗਿਆਨ ਦੀ ਸੰਗਤ ਵਿੱਚ ਗੁਰੂ ਉਪਦੇਸ਼ ਦੀ ਸੇਵਾ/ਅਮਲ ਨਾ਼ਲ ਪਿਆਰ ਪਾਉਂਦਾ ਹੈ।

**ਕਰਨ ਨ ਸੁਨੈ  ਕਾਹੂ ਕੀ ਨਿੰਦਾ ॥**

**ਸਭ ਤੇ ਜਾਨੈ  ਆਪਸ ਕਉ ਮੰਦਾ ॥**

ਕੰਨਾਂ ਨਾ਼ਲ ਕਿਸੇ ਦੀ ਨਿੰਦਿਆ/ਬੁਰਾਈ ਸੁਣਨ 'ਚ ਸਮਾਂ ਖਰਾਬ ਨਹੀਂ ਕਰਦਾ, ਸਗੋਂ ਅਪਣੇ ਅੰਦਰ ਦੀਆਂ ਕਮੀਆਂ ਨੂੰ ਜਾਨਣ ਵੱਲ ਧਿਆਨ ਕਰਦਾ ਹੈ।

**ਗੁਰ ਪ੍ਰਸਾਦਿ  ਬਿਖਿਆ ਪਰਹਰੈ ॥**

**ਮਨ ਕੀ ਬਾਸਨਾ  ਮਨ ਤੇ ਟਰੈ ॥**

ਗੁਰੂ ਦੀ ਕਿਰਪਾ/ਗਿਆਨ ਨਾ਼ਲ ਵਿਕਾਰਾਂ ਨੂੰ ਛੱਡਦਾ ਹੈ, ਤੇ ਮਨ ਦੀਆਂ ਕਮਜੋਰੀਆਂ ਨੂੰ ਮਨ 'ਚ ਹੀ ਮੁਕਾ ਦੇਂਦਾ ਹੈ।

**ਇੰਦ੍ਰੀ ਜਿਤ  ਪੰਚ ਦੋਖ ਤੇ ਰਹਤ ॥**

**ਨਾਨਕ  ਕੋਟਿ ਮਧੇ ਕੋ  ਐਸਾ ਅਪਰਸ ॥੧॥**

ਜੋ ਅਪਣੀਆਂ ਇੰਦ੍ਰੀਆਂ (ਦੇਖਣ, ਸੁਣਨ ਬੋਲਣ ਆਦਿ) ਨੂੰ ਵਿਕਾਰਾਂ ਤੋਂ ਬਚਾ ਲੈਂਦਾ ਹੈ, ਕਰੋੜਾਂ ਵਿੱਚ ਇੱਕ ਉਹ ਅਸਲ ਸੁੱਚਾ ਹੁੰਦਾ ਹੈ।

**ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥**

**ਬਿਸਨ ਕੀ ਮਾਇਆ ਤੇ ਹੋਇ ਭਿੰਨ ॥**

ਰੱਬ ਦਾ ਭਗਤ ਉਹ ਹੈ ਜੋ ਖੁਦ ਨੂੰ ਦੁਨਿਆਵੀ ਸੁੱਖ-ਦੁੱਖ ਦੇ ਭਰਮ ਤੋਂ ਅਲੱਗ ਰੱਖ ਕੇ ਰੱਬ ਦੀ ਖੁਸ਼ੀ ਲੈਂਦਾ ਹੈ।

**ਕਰਮ ਕਰਤ ਹੋਵੈ ਨਿਹਕਰਮ ॥**

**ਤਿਸੁ ਬੈਸਨੋ ਕਾ ਨਿਰਮਲ ਧਰਮ ॥**

ਓਹੀ ਭਗਤ ਪਵਿੱਤਰ ਧਰਮ ਵਾਲ਼ਾ ਹੈ ਜੋ ਬਾਹਰੀ ਦਿਖਾਵੇ ਵਾਲ਼ੇ ਕਰਮ-ਕਾਂਡ ਦੀ ਜਗ੍ਹਾ ਅੰਦਰੋਂ (ਪਵਿੱਤਰ ਹੋਣ ਵਾਲ਼ੇ) ਉੱਦਮ ਕਰਦਾ ਹੈ।

**ਕਾਹੂ ਫਲ ਕੀ ਇਛਾ ਨਹੀ ਬਾਛੈ ॥**

**ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥**

ਕਿਸੇ (ਬਾਹਰੀ) ਫਲ਼ ਦੀ ਇੱਛਾ ਨਾਲ਼ ਧਰਮ-ਕਰਮ ਨਹੀਂ ਕਰਦਾ, ਸਿਰਫ ਰੱਬੀ ਗੁਣਾਂ ਵਿੱਚ ਰਚਿਆ ਰਹਿੰਦਾ ਹੈ।

**ਮਨ ਤਨ ਅੰਤਰਿ ਸਿਮਰਨ ਗੋਪਾਲ ॥**

**ਸਭ ਊਪਰਿ ਹੋਵਤ ਕਿਰਪਾਲ ॥**

ਮਨ-ਤਨ (ਵਿਚਾਰ ਤੇ ਵਿਹਾਰ) ਵਿੱਚ ਸਦਾ ਪਰਮਾਤਮਾ ਵੱਲ ਧਿਆਨ ਰੱਖਦਾ ਹੈ ਜੋ ਉਸਦੇ ਸਾਰੇ ਵਿਚਾਰ-ਵਿਹਾਰ 'ਤੇ ਕਿਰਪਾ ਕਰਦਾ ਹੈ।

**ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥**

**ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ ॥੨॥**

ਆਪ ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰਦਾ ਹੈ ਤੇ ਹੋਰਨਾਂ ਨੂੰ ਵੀ ਏਸੇ ਰਾਹ ਪਾਉਂਦਾ ਹੈ, ਐਸਾ ਰੱਬ ਦਾ ਪਿਆਰਾ ਅੰਦਰੋਂ ਉੱਚਾ ਉੱਠਦਾ ਜਾਂਦਾ ਹੈ।

ਭਗਉਤੀ ਭਗਵੰਤ ਭਗਤਿ ਕਾ ਰੰਗੁ ॥
ਸਗਲ ਤਿਆਗੈ ਦੁਸਟ ਕਾ ਸੰਗੁ ॥

ਰੱਬ ਦਾ ਭਗਤ ਭਗਤੀ (ਰੱਬੀ ਗੁਣਾਂ ਨੂੰ ਧਾਰਣ ਕਰਨ) ਦੇ ਰੰਗ 'ਚ ਜੀਉਂਦਾ ਹੈ, ਤੇ ਹਰ ਤਰ੍ਹਾਂ ਦੇ ਦੁਸ਼ਟਾਂ/ਵਿਕਾਰਾਂ ਦਾ ਸਾਥ ਛੱਡ ਦੇਂਦਾ ਹੈ।

ਮਨ ਤੇ ਬਿਨਸੈ ਸਗਲਾ ਭਰਮੁ ॥
ਕਰਿ ਪੂਜੈ ਸਗਲ ਪਾਰਬ੍ਰਹਮੁ ॥

ਅਪਣੇ ਮਨ ਅੰਦਰੋਂ ਭਰਮ-ਭੁਲੇਖੇ ਲਾਹ ਕੇ ਹਰ ਥਾਂ ਵੱਸਦੇ ਪਰਮਾਤਮਾ ਨੂੰ ਪੂਜਦਾ (ਸਮਰਪਤ ਹੋਇਆ) ਰਹਿੰਦਾ ਹੈ।

ਸਾਧ ਸੰਗਿ ਪਾਪਾ ਮਲੁ ਖੋਵੈ ॥
ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥

ਗੁਰੂ ਦੀ ਸੰਗਤ/ਗਿਆਨ ਰਾਹੀਂ ਪਾਪਾਂ/ਵਿਕਾਰਾਂ ਦੀ ਮੈਲ ਨੂੰ ਧੋਂਦਾ ਹੈ, ਐਸੇ ਭਗਤ ਦੀ ਮੱਤ ਉੱਚੀ ਹੁੰਦੀ ਹੈ।

ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥
ਮਨੁ ਤਨੁ ਅਰਪੈ ਬਿਸਨ ਪਰੀਤਿ ॥

ਸਦਾ ਪਰਮਾਤਮਾ ਦੀ ਸੇਵਾ (ਹੁਕਮ ਨੂੰ ਦ੍ਰਿੜ੍ਹ) ਕਰਦਾ ਹੈ, ਤੇ ਅਪਣਾ ਮਨ-ਤਨ (ਵਿਚਾਰ ਅਤੇ ਵਿਹਾਰ) ਰੱਬੀ ਪਿਆਰ ਨੂੰ ਸੌਂਪ ਦੇਂਦਾ ਹੈ।

ਹਰਿ ਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥

ਜੋ ਅਪਣੇ ਹਿਰਦੇ 'ਚ ਪਰਮਾਤਮਾ ਦੇ ਚਰਣ (ਹੁਕਮ) ਨੂੰ ਵਸਾਉਂਦਾ ਹੈ, ਐਸਾ ਭਗਤ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ।

**ਸੋ ਪੰਡਿਤੁ   ਜੋ ਮਨੁ ਪਰਬੋਧੈ ॥**

**ਰਾਮ ਨਾਮੁ   ਆਤਮ ਮਹਿ ਸੋਧੈ ॥**

ਅਸਲੀ ਪੰਡਤ (ਵਿਦਵਾਨ) ਉਹ ਹੈ ਜੋ ਅਪਣੇ ਮਨ ਨੂੰ ਗਿਆਨ ਦੇਂਦਾ ਹੈ, ਤੇ ਰੱਬੀ ਗੁਣਾਂ ਨੂੰ ਅੰਦਰ ਧਾਰਣ ਕਰਦਾ ਹੈ।

**ਰਾਮ ਨਾਮ   ਸਾਰੁ ਰਸੁ ਪੀਵੈ ॥**

**ਉਸੁ ਪੰਡਿਤ ਕੈ ਉਪਦੇਸਿ   ਜਗੁ ਜੀਵੈ ॥**

ਰੱਬੀ ਗੁਣਾਂ ਦੇ ਰਸ ਨੂੰ ਮਾਨਣ ਵਾਲ਼ੇ ਵਿਦਵਾਨ ਦੇ ਉਪਦੇਸ਼/ਸਿੱਖਿਆ ਨਾਲ਼ ਉਸਦੇ ਅੰਦਰ ਦਾ ਸੰਸਾਰ (ਸੁਰਤ-ਮੱਤ-ਮਨ) ਸਦਾ ਜੀਊਂਦਾ ਹੈ, ਵਿਕਾਰਾਂ 'ਚ ਨਹੀਂ ਮਰਦਾ।

**ਹਰਿ ਕੀ ਕਥਾ   ਹਿਰਦੈ ਬਸਾਵੈ ॥**

**ਸੋ ਪੰਡਿਤੁ   ਫਿਰਿ ਜੋਨਿ ਨ ਆਵੈ ॥**

ਰੱਬੀ ਗਿਆਨ ਨੂੰ ਹਿਰਦੇ 'ਚ ਵਸਾਉਣ ਵਾਲ਼ਾ ਪੰਡਤ/ਵਿਦਵਾਨ ਫੇਰ (ਵਿਕਾਰਾਂ 'ਚ ਬਾਰ-ਬਾਰ ਮਰਨ ਵਾਲ਼ੇ) ਗੇੜ 'ਚ ਨਹੀਂ ਪੈਂਦਾ।

**ਬੇਦ ਪੁਰਾਨ ਸਿਮ੍ਰਿਤਿ   ਬੂਝੈ ਮੂਲ ॥**

**ਸੂਖਮ ਮਹਿ   ਜਾਨੈ ਅਸਥੂਲੁ ॥**

ਸਭ ਧਾਰਮਕ ਗ੍ਰੰਥਾਂ ਦਾ ਜੋ ਵਿਸ਼ਾਲ/ਵੱਡਾ ਗਿਆਨ ਹੈ ਉਸਦੇ ਸੂਖਮ/ਸਰਲ ਮੂਲ ਨੂੰ ਅਪਣੇ ਅੰਦਰ ਹੀ ਜਾਣ ਲੈਂਦਾ ਹੈ।

**ਚਹੁ ਵਰਨਾ ਕਉ   ਦੇ ਉਪਦੇਸੁ ॥**

**ਨਾਨਕ   ਉਸੁ ਪੰਡਿਤ ਕਉ ਸਦਾ ਅਦੇਸੁ ॥੪॥**

ਉਸ ਪੰਡਤ/ਵਿਦਵਾਨ ਨੂੰ ਸਦਾ ਨਮਸਕਾਰ ਹੈ ਜੋ ਨਿਰਪੱਖ ਹੋ ਕੇ ਸਾਰਿਆਂ ਨੂੰ ਸਹੀ ਰਾਹ ਦੱਸਦਾ ਹੈ।

**ਬੀਜ ਮੰਤ੍ਰੁ ਸਰਬ ਕੋ ਗਿਆਨੁ ॥**

**ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥**

ਸਾਰੇ ਅੰਦਰੂਨੀ ਖਿਆਲ ਦਾ ਅਸਲ ਮੰਤਰ ਰੱਬੀ ਗਿਆਨ ਹੈ ਜਿਸ ਰਾਹੀਂ ਰੱਬੀ ਗੁਣਾਂ ਨੂੰ ਜਪਿਆ (ਧਾਰਣ ਕੀਤਾ) ਜਾਂਦਾ ਹੈ।

**ਜੋ ਜੋ ਜਪੈ ਤਿਸ ਕੀ ਗਤਿ ਹੋਇ ॥**

**ਸਾਧਸੰਗਿ ਪਾਵੈ ਜਨੁ ਕੋਇ ॥**

ਜੋ ਵੀ ਗੁਰੂ ਦੀ ਸੰਗਤ (ਗਿਆਨ) ਰਾਹੀਂ ਇਹ ਗੁਣ ਲੈ ਕੇ ਜਪਦਾ (ਦ੍ਰਿੜ੍ਹ ਕਰਦਾ ਹੈ) ਉਸਦੀ ਵਿਕਾਰਾਂ ਤੋਂ ਮੁਕਤੀ/ਗਤੀ ਹੋ ਜਾਂਦੀ ਹੈ।

**ਕਰਿ ਕਿਰਪਾ ਅੰਤਰਿ ਉਰ ਧਾਰੈ ॥**

**ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥**

ਗੁਰੂ ਨੇ ਕਿਰਪਾ ਕਰਕੇ ਜੋ ਗਿਆਨ ਦਿੱਤਾ ਹੈ ਉਸਨੂੰ ਹਿਰਦੇ 'ਚ ਧਾਰਣ ਕਰਕੇ ਅੰਦਰੋਂ ਪਸ਼ੂਆਂ, ਭੂਤਾਂ, ਮੂਰਖਾਂ ਤੇ ਪੱਥਰਾਂ ਵਾਲ਼ੇ ਸੁਭਾਅ ਤੋਂ ਪਾਰ/ਮੁਕਤ ਹੋ ਜਾਈਦਾ ਹੈ

**ਸਰਬ ਰੋਗ ਕਾ ਅਉਖਦੁ ਨਾਮੁ ॥**

**ਕਲਿਆਣ ਰੂਪ ਮੰਗਲ ਗੁਣ ਗਾਮ ॥**

ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰਨਾ ਅੰਦਰਲੇ ਸਾਰੇ ਰੋਗਾਂ/ਵਿਕਾਰਾਂ ਦਾ ਇਲਾਜ ਹੈ, ਰੱਬੀ ਗੁਣਾਂ ਨੂੰ ਗਾਉਣ/ਧਾਰਣ ਕਰਨ ਨਾਲ਼ ਭਲਾ ਹੁੰਦਾ ਹੈ।

**ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥**

**ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ ॥੫॥**

ਅਪਣੇ ਧੁਰ ਅੰਦਰ ਰੱਬੀ ਗਿਆਨ ਨੂੰ ਲਿਖਣ/ਉਤਾਰਨ ਨਾਲ਼ ਰੱਬੀ ਗੁਣ ਮਿਲ਼ਦੇ ਨੇ, ਹੋਰ ਕਿਸੇ ਬਾਹਰੀ ਕਰਮ-ਕਾਂਡ/ਜੁਗਤ ਨਾਲ਼ ਧਰਮ/ਪਵਿੱਤਰਤਾ ਨਹੀਂ ਹੁੰਦੀ

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥
ਤਿਸ ਕਾ ਨਾਮੁ ਸਤਿ ਰਾਮਦਾਸੁ ॥

ਜਿਸਦੇ ਮਨ ਵਿੱਚ ਪਾਰਬ੍ਰਹਮ ਦਾ ਵਾਸਾ (ਨਿਰੰਤਰ ਖਿਆਲ) ਹੈ ਓਹੀ ਪਰਮਾਤਮਾ ਦਾ ਸੱਚਾ ਸੇਵਕ ਹੈ।

ਆਤਮ ਰਾਮੁ ਤਿਸੁ ਨਦਰੀ ਆਇਆ ॥
ਦਾਸ ਦਸੰਤਣ ਭਾਇ ਤਿਨਿ ਪਾਇਆ ॥

ਮਨ ਅੰਦਰ ਨਿਮਰਤਾ/ਹਲੀਮੀ ਵਾ਼ਲੇ ਭਾਉ/ਪ੍ਰੇਮ ਨਾ਼ਲ ਅੰਦਰ ਵੱਸਦੇ ਪਰਮਾਤਮਾ ਦੇ ਦਰਸ਼ਨ/ਪ੍ਰਾਪਤੀ ਹੁੰਦੀ ਹੈ।

ਸਦਾ ਨਿਕਟਿ ਨਿਕਟਿ ਹਰਿ ਜਾਨੁ ॥
ਸੋ ਦਾਸੁ ਦਰਗਹ ਪਰਵਾਨੁ ॥

ਉਹ ਸੇਵਕ ਰੱਬੀ ਦਰਗਾਹ ਪਰਵਾਨ ਹੁੰਦਾ ਹੈ ਜੋ ਸਦਾ ਪ੍ਰਭੂ ਨੂੰ ਅਪਣੇ ਨੇੜੇ ਜਾਣਦਾ ਹੈ।

ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥
ਤਿਸੁ ਦਾਸ ਕਉ ਸਭ ਸੋਝੀ ਪਰੈ ॥

ਸੱਚੇ ਸੇਵਕ ਨੂੰ ਇਹ ਸੋਝੀ ਪੈਂਦੀ ਹੈ ਕਿ ਪਰਮਾਤਮਾ ਅਪਣੇ ਸੇਵਕਾਂ 'ਤੇ ਆਪ ਕਿਰਪਾ ਕਰਦਾ ਹੈ।

ਸਗਲ ਸੰਗਿ ਆਤਮ ਉਦਾਸੁ ॥
ਐਸੀ ਜੁਗਤਿ ਨਾਨਕ ਰਾਮਦਾਸੁ ॥੬॥

ਪਰਮਾਤਮਾ ਦਾ ਸੇਵਕ ਬਣਨ ਦੀ ਏਹੋ ਜੁਗਤ ਹੈ ਕਿ ਅਪਣੀ ਸਾਰੀ ਹੋਂਦ (ਸੁਰਤ, ਮੱਤ, ਮਨ) ਨੂੰ ਵਿਕਾਰਾਂ ਵੱਲੋਂ ਹਟਾ ਲਿਆ ਜਾਵੇ।

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥**

**ਜੀਵਨ ਮੁਕਤਿ ਸੋਊ ਕਹਾਵੈ ॥**

ਜੀਊਂਦੇ ਜੀ ਉਹ ਮੁਕਤ ਹੈ ਜੋ ਰੱਬੀ ਹੁਕਮ ਨੂੰ ਮਨ ਕਰਕੇ ਕਬੂਲ ਕਰ ਲਵੇ।

**ਤੈਸਾ ਹਰਖੁ ਤੈਸਾ ਉਸੁ ਸੋਗੁ ॥**

**ਸਦਾ ਅਨੰਦੁ ਤਹ ਨਹੀ ਬਿਓਗੁ ॥**

ਸੁੱਖ-ਦੁੱਖ ਨੂੰ ਜੀਵਨ ਦਾ ਬਰਾਬਰ ਹਿੱਸਾ ਜਾਨਣ ਵਾਲ਼ਾ ਸਦਾ ਅਨੰਦ 'ਚ ਜੀਊਂਦਾ ਹੈ।

**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥**

**ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**

**ਤੈਸਾ ਮਾਨੁ ਤੈਸਾ ਅਭਿਮਾਨੁ ॥**

**ਤੈਸਾ ਰੰਕੁ ਤੈਸਾ ਰਾਜਾਨੁ ॥**

ਸੋਨਾ ਤੇ ਮਿੱਟੀ, ਅੰਮ੍ਰਿਤ ਤੇ ਜ਼ਹਿਰ, ਮਾਨ-ਅਪਮਾਨ, ਅਮੀਰੀ ਤੇ ਗਰੀਬੀ- ਇਨ੍ਹਾਂ ਸਭ ਬਾਹਰੀ ਘਾਟਿਆਂ-ਵਾਧਿਆਂ ਨੂੰ ਇੱਕ ਬਰਾਬਰ (ਜੀਵਨ ਦਾ ਹਿੱਸਾ) ਜਾਨਣਾ।

**ਜੋ ਵਰਤਾਏ ਸਾਈ ਜੁਗਤਿ ॥**

**ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥**

ਜੀਵਨ ਦੇ ਬਾਹਰੀ ਵਰਤਾਰਿਆਂ ਵਿੱਚ ਇੱਕ-ਰਸ ਜੀਊਣ ਦੀ ਜੁਗਤ/ਰਾਹ ਜਿਸਨੇ ਜਾਣ ਲਈ ਉਹ ਜੀਊਂਦੇ ਜੀ ਮੁਕਤ ਹੁੰਦਾ ਹੈ।

**ਪਾਰਬ੍ਰਹਮ ਕੇ ਸਗਲੇ ਠਾਉ ॥**

**ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥**

ਹਰ ਥਾਂ ਵੱਸ ਰਹੇ ਪਰਮਾਤਮਾ ਨੂੰ ਮਨ ਜਿਸ-ਜਿਸ ਤਰ੍ਹਾਂ ਅਪਣੇ ਅੰਦਰ ਚੇਤੇ ਰੱਖਦਾ ਹੈ ਓਹੋ ਗੁਣ ਉਸਨੂੰ ਹਾਸਲ ਹੁੰਦੇ ਨੇ।

**ਆਪੇ ਕਰਨ ਕਰਾਵਨ ਜੋਗੁ ॥**

**ਪ੍ਰਭ ਭਾਵੈ ਸੋਈ ਫੁਨਿ ਹੋਗੁ ॥**

ਸਾਡੇ ਅੰਦਰ ਦੀ ਸੋਹਣੀ ਗੁਣਾਂ ਵਾਲ਼ੀ ਰਚਨਾ ਉਹ ਪ੍ਰਭੂ ਆਪ ਕਰਦਾ ਹੈ, ਫਿਰ ਮਨ ਓਹੋ ਜਿਹਾ ਹੁੰਦਾ ਜਾਂਦਾ ਹੈ ਜੈਸਾ ਪਰਮਾਤਮਾ ਨੂੰ ਭਾਉਂਦਾ ਹੈ।

**ਪਸਰਿਓ ਆਪਿ ਹੋਇ ਅਨਤ ਤਰੰਗ ॥**

**ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥**

ਐਸੇ ਸੋਹਣੇ ਮਨ ਅੰਦਰ ਆਪ ਪਰਮਾਤਮਾ ਬੇਅੰਤ ਰੰਗਾਂ-ਲਹਿਰਾਂ (ਗੁਣਾਂ) ਦੇ ਰੂਪ 'ਚ ਵੱਸਿਆ ਰਹਿੰਦਾ ਹੈ।

**ਜੈਸੀ ਮਤਿ ਦੇਇ ਤੈਸਾ ਪਰਗਾਸ ॥**

**ਪਾਰਬ੍ਰਹਮੁ ਕਰਤਾ ਅਬਿਨਾਸ ॥**

ਜਿਵੇਂ ਜਿਵੇਂ ਅੰਦਰ ਵੱਸਿਆ ਪ੍ਰਭੂ ਮੱਤ ਦੇਂਦਾ ਹੈ ਤਿਵੇਂ ਤਿਵੇਂ ਚਾਨਣ/ਗਿਆਨ ਅੰਦਰ ਹੁੰਦਾ ਹੈ। ਪਰਮਾਤਮਾ ਦੇ ਹੁਕਮ ਨਾ਼ਲ ਰੌਸ਼ਨ ਕੀਤਾ ਮਨ ਅਬਿਨਾਸੀ ਹੋ ਜਾਂਦਾ ਹੈ (ਵਿਕਾਰਾਂ 'ਚ ਨਾਸ਼ ਨਹੀਂ ਹੁੰਦਾ)।

**ਸਦਾ ਸਦਾ ਸਦਾ ਦਇਆਲ ॥**

**ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥੯॥**

ਸਦਾ ਮੱਤ ਦੇ ਕੇ ਰਾਹ ਪਾਉਣ ਵਾ਼ਲਾ ਪਰਮਾਤਮਾ ਸਦਾ ਇਹ ਦਇਆ ਕਰਦਾ ਹੈ; ਤੇ ਉਸਦੇ ਹੁਕਮ ਨੂੰ ਸਿਮਰ/ਮੰਨ ਕੇ ਮਨ ਸਦਾ ਨਿਹਾਲ ਹੁੰਦਾ ਹੈ।

ਸਲੋਕੁ ॥

ਉਸਤਤਿ ਕਰਹਿ ਅਨੇਕ ਜਨ   ਅੰਤੁ ਨ ਪਾਰਾਵਾਰ ॥

ਨਾਨਕ   ਰਚਨਾ ਪ੍ਰਭਿ ਰਚੀ   ਬਹੁ ਬਿਧਿ ਅਨਿਕ ਪ੍ਰਕਾਰ ॥੧॥

ਅਸੀਂ ਪਰਮਾਤਮਾ ਦੁਆਰਾ ਅਨੇਕਾਂ ਭਾਂਤ ਦੇ ਬਣਾਏ ਇਸ ਬਾਹਰੀ ਸੰਸਾਰ ਦੀ ਉਸਤਤ/ਵਡਿਆਈ ਕਰ ਕਰ ਕੇ ਵੀ ਰਚਨਹਾਰ ਤੇ ਉਸਦੀ ਰਚਨਾ ਦਾ ਅੰਤ ਨਹੀਂ ਪਾ ਸਕਦੇ।

ਅਸਟਪਦੀ ॥

ਕਈ ਕੋਟਿ   ਹੋਏ ਪੂਜਾਰੀ ॥

ਕਈ ਕੋਟਿ   ਆਚਾਰ ਬਿਉਹਾਰੀ ॥

ਕ੍ਰੋੜਾਂ ਹੀ ਵਾਰ ਅਸੀਂ ਰੱਬ ਦੀ ਪੂਜਾ ਕਰਦੇ ਹਾਂ, ਕ੍ਰੋੜਾਂ ਹੀ ਵਾਰ ਵੱਖੋ-ਵੱਖ ਧਰਮ-ਕਰਮ ਕਰਦੇ ਹਾਂ (ਫਿਰ ਵੀ ਰੱਬ ਦਾ ਅੰਤ ਨਹੀਂ ਪਾ ਸਕਦੇ)।

ਕਈ ਕੋਟਿ   ਭਏ ਤੀਰਥ ਵਾਸੀ ॥

ਕਈ ਕੋਟਿ   ਬਨ ਭ੍ਰਮਹਿ ਉਦਾਸੀ ॥

ਕ੍ਰੋੜਾਂ ਹੀ ਵਾਰ ਸਿਰਫ ਤੀਰਥਾਂ ਜੋਗੇ ਹੀ ਹੋ ਕੇ ਰਹਿ ਗਏ, ਕ੍ਰੋੜਾਂ ਹੀ ਵਾਰ ਜੰਗਲਾਂ ਵਿੱਚ ਸੰਨਿਆਸੀ ਹੋ ਭਟਕਦੇ ਹਾਂ (ਪਰ ਇੰਜ ਕਰਕੇ ਵੀ ਰੱਬ ਨਹੀਂ ਮਿਲ਼ਦਾ)।

ਕਈ ਕੋਟਿ   ਬੇਦ ਕੇ ਸ੍ਰੋਤੇ ॥

ਕਈ ਕੋਟਿ   ਤਪੀਸੁਰ ਹੋਤੇ ॥

ਕ੍ਰੋੜਾਂ ਹੀ ਵਾਰ ਧਰਮ-ਗ੍ਰੰਥਾਂ ਨੂੰ ਪੜ੍ਹਦੇ-ਸੁਣਦੇ ਹਾਂ, ਕਰੋੜਾਂ ਹੀ ਵਾਰ ਤਪ ਸਾਧਦੇ ਹਾਂ (ਇਹ ਸਭ ਕਰਕੇ ਵੀ ਪ੍ਰਭੂ ਪ੍ਰਾਪਤੀ ਨਹੀਂ ਹੁੰਦੀ)।

**ਕਈ ਕੋਟਿ ਆਤਮ ਧਿਆਨੁ ਧਾਰਹਿ ॥**

**ਕਈ ਕੋਟਿ ਕਬਿ ਕਾਬਿ ਬੀਚਾਰਹਿ ॥**

ਕ੍ਰੋੜਾਂ ਹੀ ਵਾਰ ਪਰਮਾਤਮਾ ਦਾ ਧਿਆਨ ਧਰਦੇ ਹਾਂ, ਕ੍ਰੋੜਾਂ ਹੀ ਵਾਰ ਉਸ 'ਤੇ ਗੀਤ-ਕਵਿਤਾਵਾਂ ਲਿਖਦੇ-ਵੀਚਾਰਦੇ ਹਾਂ (ਇਹ ਕਰਕੇ ਵੀ ਉਸਦਾ ਅੰਤ ਨਹੀਂ ਪਾ ਸਕਦੇ)

**ਕਈ ਕੋਟਿ ਨਵਤਨ ਨਾਮ ਧਿਆਵਹਿ ॥**

**ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥**

ਕ੍ਰੋੜਾਂ ਹੀ ਵਾਰ ਪਰਮਾਤਮਾ ਦੇ ਨਵੇਂ ਨਵੇਂ ਨਾਮ ਰੱਖ ਕੇ ਉਸਨੂੰ ਧਿਆਉਂਦੇ ਹਾਂ, ਪਰ ਇਹ ਸਭ ਕਰਕੇ ਵੀ ਉਸਨੂੰ ਪਾ ਨਹੀਂ ਸਕਦੇ।

**ਕਈ ਕੋਟਿ ਭਏ ਅਭਿਮਾਨੀ ॥**

**ਕਈ ਕੋਟਿ ਅੰਧ ਅਗਿਆਨੀ ॥**

ਕਰੋੜਾਂ ਹੀ ਤਰ੍ਹਾਂ ਅੰਦਰੋਂ ਹੰਕਾਰ ਅਤੇ ਅਗਿਆਨਤਾ ਨਾਲ਼ ਭਰੇ ਹੋਏ ਹਾਂ (ਸਾਡੇ ਔਗੁਣਾਂ ਦਾ ਕੋਈ ਅੰਤ ਨਹੀਂ)।

**ਕਈ ਕੋਟਿ ਕਿਰਪਨ ਕਠੋਰ ॥**

**ਕਈ ਕੋਟਿ ਅਭਿਗ ਆਤਮ ਨਿਕੋਰ ॥**

ਕਰੋੜਾਂ ਵਾਰ ਅਸੀਂ ਸੂਮ, ਤੇ ਦਇਆ ਤੋਂ ਕੋਰੇ ਹੁੰਦੇ ਹਾਂ (ਭਾਵੇਂ ਬਾਹਰੋਂ ਧਰਮ-ਕਰਮ ਕਰਦੇ ਹਾਂ)।

**ਕਈ ਕੋਟਿ ਪਰ ਦਰਬ ਕਉ ਹਿਰਹਿ ॥**

**ਕਈ ਕੋਟਿ ਪਰ ਦੂਖਨਾ ਕਰਹਿ ॥**

ਕਰੋੜਾਂ ਹੀ ਵਾਰ ਅਸੀਂ ਚੋਰੀਆਂ ਕਰਦੇ ਤੇ ਦੂਜਿਆਂ ਨੂੰ ਦੁੱਖ ਦੇਂਦੇ ਹਾਂ।

**ਕਈ ਕੋਟਿ ਮਾਇਆ ਸ੍ਰਮ ਮਾਹਿ ॥**

**ਕਈ ਕੋਟਿ ਪਰਦੇਸ ਭ੍ਰਮਾਹਿ ॥**

ਕ੍ਰੋੜਾਂ ਹੀ ਵਾਰ ਅਸੀਂ ਸਿਰਫ ਬਾਹਰੀ ਸੁੱਖਾਂ ਦੀ ਚਾਹਤ 'ਚ ਹੀ ਅਪਣੇ ਅੰਦਰਲੇ ਨਿੱਜ ਰੂਪ ਤੋਂ ਦੂਰ ਬਾਹਰ ਭੱਜੇ ਫਿਰਦੇ ਹਾਂ।

**ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥**

**ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥**

ਇਨ੍ਹਾਂ ਕਰੋੜਾਂ ਔਗੁਣਾਂ 'ਚ ਜਿੱਥੇ ਜਿੱਥੇ ਮਨ ਨੂੰ ਲਾਉਂਦੇ ਹਾਂ ਓਥੇ ਹੀ ਮਨ ਲੱਗ ਜਾਂਦਾ ਹੈ, ਪਰ ਰੱਬ ਵੱਲ ਨਹੀਂ ਲੱਗਦਾ। ਉਸ ਵੱਲ ਤਾਂ ਉਸ ਵਰਗੇ ਹੋ ਕੇ (ਰੱਬੀ ਗੁਣਾਂ ਨੂੰ ਧਾਰਣ ਕਰਕੇ) ਹੀ ਹੋਈਦਾ ਹੈ

**ਕਈ ਕੋਟਿ ਸਿਧ ਜਤੀ ਜੋਗੀ ॥**

**ਕਈ ਕੋਟਿ ਰਾਜੇ ਰਸ ਭੋਗੀ ॥**

ਕਰੋੜਾਂ ਹੀ ਵਾਰ ਅਸੀਂ ਸਿੱਧ, ਜਤੀ, ਤੇ ਜੋਗੀ (ਤਿਆਗੀ) ਬਣ ਬਣ ਬਹਿੰਦੇ ਹਾਂ, ਤੇ ਕ੍ਰੋੜਾਂ ਵਾਰ ਅਸੀਂ ਰਾਜੇ-ਭੋਗੀ (ਸੰਸਾਰੀ) ਬਣ ਜਾਂਦੇ ਹਾਂ

**ਕਈ ਕੋਟਿ ਪੰਖੀ ਸਰਪ ਉਪਾਏ ॥**

**ਕਈ ਕੋਟਿ ਪਾਥਰ ਬਿਰਖ ਨਿਪਜਾਏ ॥**

ਕ੍ਰੋੜਾਂ ਵਾਰ ਪੰਛੀ (ਅਜ਼ਾਦ ਉਡਾਰੀਆਂ), ਸੱਪ (ਜ਼ਹਿਰੀਲੇ/ਨਫਰਤੀ) ਬਣ ਜਾਂਦੇ ਹਾਂ। ਕ੍ਰੋੜਾਂ ਵਾਰ ਪੱਥਰ (ਸਖਤ/ਨਿਰਦਈ), ਤੇ ਰੁੱਖ ਹੋ (ਇੱਕੋ ਥਾਂ ਅੜ) ਜਾਂਦੇ ਹਾਂ।

**ਕਈ ਕੋਟਿ ਪਵਣ ਪਾਣੀ ਬੈਸੰਤਰ ॥**

**ਕਈ ਕੋਟਿ ਦੇਸ ਭੂ ਮੰਡਲ ॥**

ਕ੍ਰੋੜਾਂ ਹੀ ਵਾਰ ਅਸੀਂ ਹਵਾ (ਵਾਂਗ ਨਾ ਰੁਕਣ ਵਾਲ਼ੇ), ਜਾਂ ਪਾਣੀ (ਵਾਂਗ ਨਿਰਮਲ), ਤੇ ਜਾਂ ਅੱਗ (ਵਾਂਗ ਸਾੜ ਦੇਣ ਵਾਲ਼ੇ) ਹੋ ਜਾਂਦੇ ਹਾਂ। ਕ੍ਰੋੜਾਂ ਹੀ ਵਾਰ ਅਸੀਂ ਧਰਤੀ ਦੇ ਮੰਡਲਾਂ ਵਾਂਗ ਵਿਸ਼ਾਲ (ਖੁੱਲ ਦਿਲੇ) ਹੋ ਜਾਂਦੇ ਹਾਂ।

**ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ ॥**

**ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥**

ਕ੍ਰੋੜਾਂ ਹੀ ਵਾਰ ਚੰਦ੍ਰਮਾਂ ਵਾਂਗ ਸ਼ੀਤਲ, ਜਾਂ ਸੂਰਜ-ਨਛੱਤਰਾਂ ਵਾਂਗ ਤਪਦੇ ਹਾਂ। ਕ੍ਰੋੜਾਂ ਵਾਰ ਅਸੀਂ ਦੇਵਤੇ (ਭਲੇ ਮਨੁੱਖ), ਜਾਂ ਦਾਨਵ (ਬੁਰੇ) ਤੇ ਜਾਂ ਛੱਤ੍ਰਧਾਰੀ ਇੰਦਰ ਵਾਂਗ ਸਭ ਦੇ ਰਾਜੇ ਬਣ ਬਹਿੰਦੇ ਹਾਂ।

**ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥**

**ਨਾਨਕ ਜਿਸੁ ਜਿਸੁ ਭਾਵੈ ਤਿਸੁ ਤਿਸੁ ਨਿਸਤਾਰੈ ॥੩॥**

ਪਰ ਜੇ ਸਾਡੀ ਸਾਰੀ ਅੰਦਰੂਨੀ ਦੁਨੀਆਂ (ਸੁਰਤ-ਮੱਤ-ਮਨ) ਸਮੱਗਰ/ਇੱਕਰਸ ਹੋ ਕੇ ਅਪਣੇ ਅੰਦਰ ਇਹ ਸੂਤਰ/ਸਮਝ ਧਾਰਣ ਕਰ ਲਵੇ (ਕਿ ਰੱਬੀ ਗੁਣਾਂ ਨੂੰ ਅਪਣਾਉਣ ਤੋਂ ਬਿਨਾਂ ਪ੍ਰਭੂ ਨਹੀਂ ਮਿਲਦਾ)। ਤਾਂ ਜਿਸ ਜਿਸ ਵੀ ਅਵਸਥਾ 'ਚ ਸਾਨੂੰ ਇਹ ਸੂਤਰ ਭਾ ਗਿਆ (ਪੱਲੇ ਪੈ ਗਿਆ) ਓਥੇ ਹੀ ਸਾਡਾ ਨਿਸਤਾਰਾ (ਵਿਕਾਰਾਂ ਤੋਂ ਛੁਟਕਾਰਾ) ਹੋ ਜਾਂਦਾ ਹੈ।

**ਕਈ ਕੋਟਿ ਰਾਜਸ ਤਾਮਸ ਸਾਤਕ ॥**

**ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥**

ਕ੍ਰੋੜਾਂ ਵਾਰ ਅਸੀਂ ਰਾਜਸ (ਸਿਰਫ ਬਾਹਰੋਂ ਭਲੇ), ਤਾਮਸ (ਅੰਦਰੋਂ-ਬਾਹਰੋਂ ਬੁਰੇ), ਸਾਤਕ (ਅੰਦਰੋਂ ਬਾਹਰੋਂ ਭਲੇ) ਹੁੰਦੇ ਰਹਿੰਦੇ ਹਾਂ। ਕ੍ਰੋੜਾਂ ਵਾਰ ਅਸੀਂ ਸਿਰਫ ਧਾਰਮਕ ਗ੍ਰੰਥਾਂ ਨੂੰ ਪੜ੍ਹਨ-ਸੁਣਨ ਤੱਕ ਰਹਿ ਜਾਂਦੇ ਹਾਂ।

**ਕਈ ਕੋਟਿ ਕੀਏ ਰਤਨ ਸਮੁਦ ॥**

**ਕਈ ਕੋਟਿ ਨਾਨਾ ਪ੍ਰਕਾਰ ਜੰਤ ॥**

ਕ੍ਰੋੜਾਂ ਵਾਰ ਅਪਣੇ ਅੰਦਰੂਨੀ (ਵਿਚਾਰਾਂ ਦੇ ਵਿਸ਼ਾਲ) ਸਮੁੰਦਰ 'ਚ ਰਤਨ (ਚੰਗਿਆਈ) ਵੀ ਇਕੱਠਾ ਕਰ ਲੈਂਦੇ ਹਾਂ। ਕ੍ਰੋੜਾਂ ਹੀ ਵਾਰ ਅਸੀਂ ਵੱਖ-ਵੱਖ ਤਰ੍ਹਾਂ ਦੇ ਜੰਤੂਆਂ ਵਾਂਗ ਜੀਵਨ ਗੁਜ਼ਾਰਦੇ ਹਾਂ (ਮਨੁੱਖ ਵਾਂਗ ਨਹੀਂ ਜੀਉਂਦੇ)।

ਕਈ ਕੋਟਿ ਕੀਏ ਚਿਰ ਜੀਵੇ ॥

ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥

ਕ੍ਰੋੜਾਂ ਵਾਰ ਪਹਾੜਾਂ ਵਾਂਗ ਉੱਚੇ, ਤੇ ਸੋਨੇ ਵਾਂਗ ਬੇਸ਼ਕੀਮਤੀ ਗੁਣਾਂ ਨਾਲ਼ ਖੁਦ ਨੂੰ ਚਿਰ-ਜੀਵੀ (ਵਿਕਾਰਾਂ 'ਚ ਨਾ ਮਰਨ ਵਾਲ਼ਾ) ਵੀ ਕਰ ਲੈਂਦੇ ਹਾਂ।

ਕਈ ਕੋਟਿ ਜਖੵ ਕਿੰਨਰ ਪਿਸਾਚ ॥

ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥

ਪਰ ਕ੍ਰੋੜਾਂ ਵਾਰ ਅਸੀਂ ਕਮਜ਼ੋਰ ਤੇ ਨੀਵੀਂ ਸੋਚ ਵਾਲ਼ੇ ਹੋ ਜਾਂਦੇ ਹਾਂ। ਕ੍ਰੋੜਾਂ ਹੀ ਵਾਰ ਭੂਤ-ਪ੍ਰੇਤ (ਪਛਤਾਵਿਆਂ 'ਚ ਜੀਊਣ ਵਾਲ਼ੇ), ਸ਼ੂਕਰ (ਗੰਦਗੀ/ਬੁਰਾਈ 'ਚ ਜੀਊਣ ਵਾਲ਼ੇ), ਤੇ ਸ਼ੇਰ (ਨਿਡਰ-ਦਲੇਰ) ਹੋ ਜਾਂਦੇ ਹਾਂ।

ਸਭ ਤੇ ਨੇਰੈ ਸਭਹੂ ਤੇ ਦੂਰਿ ॥

ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥੪॥

ਪਰਮਾਤਮਾ ਤਾਂ ਸਾਡੇ ਸਭ ਤੋਂ ਨੇੜੇ ਹੈ, ਪਰ ਅਸੀਂ ਉਸਨੂੰ ਸਭ ਤੋਂ ਦੂਰ ਦੇਖਦੇ ਹਾਂ (ਇਸੇ ਕਰਕੇ ਇਸ ਕ੍ਰੋੜਾਂ ਵਾਲ਼ੇ ਆਵਾ-ਗਉਣ 'ਚ ਪਏ ਹਾਂ)। ਰੱਬੀ ਗੁਣਾਂ ਵਿੱਚ ਅਪਣੇ ਆਪ ਨੂੰ (ਇਸ ਕ੍ਰੋੜਾਂ ਵਾਲ਼ੇ ਆਵਾਗਉਣ ਤੋਂ) ਅਲਿਪਤ/ਮੁਕਤ ਕਰਕੇ ਮਨ ਅਨੰਦ ਨਾਲ਼ ਭਰਪੂਰ/ਭਰਿਆ ਰਹਿੰਦਾ ਹੈ।

ਕਈ ਕੋਟਿ ਪਾਤਾਲ ਕੇ ਵਾਸੀ ॥

ਕਈ ਕੋਟਿ ਨਰਕ ਸੁਰਗ ਨਿਵਾਸੀ ॥

ਕ੍ਰੋੜਾਂ ਵਾਰ ਅਸੀਂ ਪਾਤਾਲ (ਵਿਕਾਰਾਂ 'ਚ ਡਿੱਗੀ/ਨੀਵੀਂ ਸੋਚ) 'ਚ ਵੱਸਦੇ ਹਾਂ। ਕ੍ਰੋੜਾਂ ਵਾਰ ਅਸੀਂ ਨਰਕ (ਈਰਖਾ-ਨਫਰਤ-ਲਾਲਚ), ਤੇ ਕ੍ਰੋੜਾਂ ਵਾਰ ਸਵਰਗ (ਸਬਰ-ਸ਼ੁਕਰ) 'ਚ ਜੀਊਂਦੇ ਹਾਂ।

**ਕਈ ਕੋਟਿ ਜਨਮਹਿ ਜੀਵਹਿ ਮਰਹਿ ॥**

**ਕਈ ਕੋਟਿ ਬਹੁ ਜੋਨੀ ਫਿਰਹਿ ॥**

ਕ੍ਰੋੜਾਂ ਵਾਰ ਅਸੀਂ ਜੰਮਦੇ (ਖੁਸ਼ ਪ੍ਰਸੰਨ ਹੁੰਦੇ) ਹਾਂ, ਤੇ ਕ੍ਰੋੜਾਂ ਵਾਰ ਜੀਉਂਦੇ ਜੀ (ਵਿਕਾਰਾਂ 'ਚ) ਮਰਦੇ ਹਾਂ। ਕ੍ਰੋੜਾਂ ਵਾਰ ਵਿਕਾਰਾਂ 'ਚ ਪਏ ਕਿੰਨੀਆਂ ਹੀ ਜੂਨਾਂ (ਮਾਨਸਿਕ ਅਵਸਥਾਵਾਂ) 'ਚ ਭਟਕਦੇ ਹਾਂ (ਜੀਵਨ 'ਚ ਟਿਕਾਅ ਨਹੀਂ ਹੁੰਦਾ)

**ਕਈ ਕੋਟਿ ਬੈਠਤ ਹੀ ਖਾਹਿ ॥**

**ਕਈ ਕੋਟਿ ਘਾਲਹਿ ਥਕਿ ਪਾਹਿ ॥**

ਕ੍ਰੋੜਾਂ ਵਾਰ ਟਿਕ ਕੇ ਜੀਵਨ ਦਾ ਅਨੰਦ ਮਾਣਦੇ ਹਾਂ, ਤੇ ਕ੍ਰੋੜਾਂ ਵਾਰ ਬੇਸਬਰ ਹੋ ਭੱਜਦੇ-ਥਕਦੇ ਹਾਂ।

**ਕਈ ਕੋਟਿ ਕੀਏ ਧਨਵੰਤ ॥**

**ਕਈ ਕੋਟਿ ਮਾਇਆ ਮਹਿ ਚਿੰਤ ॥**

ਕ੍ਰੋੜਾਂ ਵਾਰ (ਕੁੱਝ ਹੋਵੇ ਨਾ ਹੋਵੇ) ਅਸੀਂ ਖੁਦ 'ਚ ਧਨੀ/ਅਮੀਰ ਹੁੰਦੇ ਹਾਂ, ਤੇ ਕ੍ਰੋੜਾਂ ਵਾਰ (ਸਭ ਕੁੱਝ ਹੁੰਦਿਆਂ ਵੀ) ਸਦਾ ਹੋਰ ਲੈਣ ਦੀ ਸੋਚ 'ਚ ਪਏ ਰਹਿੰਦੇ ਹਾਂ।

**ਜਹ ਜਹ ਭਾਣਾ ਤਹ ਤਹ ਰਾਖੇ ॥**

**ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥੫॥**

ਜਿੱਥੇ-ਜਿੱਥੇ ਇਸ ਮਨ ਨੂੰ ਭਾਉਂਦਾ ਹੈ ਓਥੇ-ਓਥੇ ਸਾਨੂੰ ਭਜਾਈ ਰੱਖਦਾ ਹੈ। (ਇਸ ਦੌੜ-ਭੱਜ ਤੋਂ ਛੁਟਕਾਰਾ ਓਦੋਂ ਹੁੰਦਾ ਹੈ ਜਦੋਂ) ਅਸੀਂ ਅਪਣਾ ਸਾਰਾ ਕੁੱਝ (ਸੁਰਤ-ਮੱਤ-ਮਨ) ਪਰਮਾਤਮਾ ਦੇ ਹੱਥ ਸੌਂਪ ਦੇਂਦੇ ਹਾਂ (ਰੱਬੀ ਹੁਕਮ ਨੂੰ ਸਮਰਪਤ ਹੋ ਜਾਂਦੇ ਹਾਂ)।

**ਕਈ ਕੋਟਿ ਭਏ ਬੈਰਾਗੀ ॥**

**ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥**

ਕ੍ਰੋੜਾਂ ਵਾਰ ਮਨ ਐਸਾ ਬੈਰਾਗੀ (ਵਿਕਾਰਾਂ ਨੂੰ ਛੱਡਣ ਵਾਲ਼ਾ) ਹੋ ਜਾਂਦਾ ਹੈ ਜਿਸਦੀ ਲਿਵ ਰੱਬੀ ਨਾਮ/ਗੁਣਾਂ ਨਾਲ਼ ਲੱਗ ਜਾਂਦੀ ਹੈ।

**ਕਈ ਕੋਟਿ ਪ੍ਰਭ ਕਉ ਖੋਜੰਤੇ ॥**

**ਆਤਮ ਮਹਿ ਪਾਰਬ੍ਰਹਮੁ ਲਹੰਤੇ ॥**

ਕ੍ਰੋੜਾਂ ਵਾਰ ਮਨ ਰੱਬ ਨੂੰ ਇਸ ਤਰ੍ਹਾਂ ਵੀ ਖੋਜਦਾ ਹੈ ਕਿ ਅਪਣੇ ਅੰਦਰ ਹੀ ਪਰਮੇਸ਼ਰ ਨੂੰ ਪਾ ਲੈਂਦਾ ਹੈ।

**ਕਈ ਕੋਟਿ ਦਰਸਨ ਪ੍ਰਭ ਪਿਆਸ ॥**

**ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥**

ਕ੍ਰੋੜਾਂ ਵਾਰ ਜਦ ਮਨ ਅੰਦਰ ਪ੍ਰਭੂ ਦਰਸ਼ਨ ਦੀ ਸੱਚੀ ਤਾਂਘ ਬਣਦੀ ਹੈ, ਤਾਂ ਅੰਦਰ ਹੀ ਪ੍ਰਭੂ ਮਿਲ਼ ਪੈਂਦਾ ਹੈ।

**ਕਈ ਕੋਟਿ ਮਾਗਹਿ ਸਤਸੰਗੁ ॥**

**ਪਾਰਬ੍ਰਹਮ ਤਿਨ ਲਾਗਾ ਰੰਗੁ ॥**

ਕ੍ਰੋੜਾਂ ਵਾਰ ਜਦ ਮਨ ਗੁਰੂ (ਦੇ ਗਿਆਨ) ਦਾ ਸੰਗ ਮੰਗਦਾ/ਮਾਣਦਾ ਹੈ ਤਾਂ ਇਸਨੂੰ ਰੱਬੀ ਪਿਆਰ ਦਾ ਰੰਗ ਲੱਗ ਜਾਂਦਾ ਹੈ।

**ਜਿਨ ਕਉ ਹੋਏ ਆਪਿ ਸੁਪ੍ਰਸੰਨ ॥**

**ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥**

ਜਿਸ ਮਨ ਨੂੰ ਅਪਣੇ ਨਿੱਜ ਸਰੂਪ ਪਰਮਾਤਮਾ ਵੱਲ ਮੁੜ ਕੇ ਪ੍ਰਸੰਨਤਾ/ਖੁਸ਼ੀ ਮਿਲ਼ਦੀ ਹੈ, ਉਹ ਰੱਬ ਦਾ ਸੇਵਕ ਸਦਾ ਧੰਨ ਹੈ।

**ਕਈ ਕੋਟਿ ਖਾਣੀ ਅਰੁ ਖੰਡ ॥**

**ਕਈ ਕੋਟਿ ਅਕਾਸ ਬ੍ਰਹਮੰਡ ॥**

ਕ੍ਰੋੜਾਂ ਵਾਰ ਅਸੀਂ ਇਸ ਵਿਸ਼ਾਲ ਅੰਦਰਲੀ ਤੇ ਬਾਹਰਲੀ ਰਚਨਾ ਦੇ ਵੱਖ-ਵੱਖ ਖੰਡ/ਹਿੱਸਿਆਂ ਨੂੰ ਦੇਖਦੇ ਰਹਿ ਜਾਂਦੇ ਹਾਂ।

ਕਈ ਕੋਟਿ ਹੋਏ ਅਵਤਾਰ ॥

ਕਈ ਜੁਗਤਿ ਕੀਨੋ ਬਿਸਥਾਰ ॥

ਕ੍ਰੋੜਾਂ ਵਾਰ ਜਦ ਅਸੀਂ ਫਿਰ ਮਨੁੱਖੀ ਜੀਵਨ-ਜਾਚ ਵੱਲ ਮੁੜਦੇ (ਅਵਤਾਰ ਲੈਂਦੇ) ਹਾਂ ਤਾਂ ਕਈ ਤਰੀਕਿਆਂ ਨਾਲ਼ ਸਾਡਾ ਵਿਸਤਾਰ/ਵਾਧਾ ਹੁੰਦਾ ਹੈ।

ਕਈ ਬਾਰ ਪਸਰਿਓ ਪਾਸਾਰ ॥

ਸਦਾ ਸਦਾ ਇਕੁ ਏਕੰਕਾਰ ॥

ਕ੍ਰੋੜਾਂ ਹੀ ਵਾਰ ਅਸੀਂ ਬਾਹਰੀ ਨੱਠ-ਭੱਜ ਦੇ ਪਸਾਰੇ/ਖਲਾਰੇ ਵਿੱਚ ਖਿੰਡ ਜਾਂਦੇ ਹਾਂ, ਪਰ ਸਾਡੇ ਅੰਦਰ ਪਰਮਾਤਮਾ ਸਦਾ ਇੱਕ ਰਸ ਨਾਲ਼ ਰਹਿੰਦਾ ਹੈ।

ਕਈ ਕੋਟਿ ਕੀਨੇ ਬਹੁ ਭਾਤਿ ॥

ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥

ਕ੍ਰੋੜਾਂ ਵਾਰ ਸਾਡਾ ਮਨ ਸਾਨੂੰ ਅੰਦਰਲੇ ਪ੍ਰਭੂ ਤੋਂ ਤੋੜ ਕੇ ਕੁੱਝ ਦਾ ਕੁੱਝ ਬਣਾਉਂਦਾ ਹੈ, ਪਰ ਅਖੀਰ ਓਸੇ 'ਚ ਸਮਾ ਜਾਣਾ ਹੀ ਸਾਡੀ ਮੰਜ਼ਿਲ ਹੈ।

ਤਾ ਕਾ ਅੰਤੁ ਨ ਜਾਨੈ ਕੋਇ ॥

ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥

ਰੱਬ 'ਚ ਸਮਾਏ ਹੋਏ ਮਨ ਦਾ ਅੰਤ/ਤੁਲਨਾ ਕੋਈ ਨਹੀਂ ਕਹਿ ਸਕਦਾ। ਉਹ ਤਾਂ ਆਪ ਰੱਬ ਦਾ ਹੀ ਰੂਪ ਹੁੰਦਾ ਹੈ।

ਕਈ ਕੋਟਿ ਪਾਰਬ੍ਰਹਮ ਕੇ ਦਾਸ ॥

ਤਿਨ ਹੋਵਤ ਆਤਮ ਪਰਗਾਸ ॥

ਕ੍ਰੋੜਾਂ ਹੀ ਵਾਰ ਮਨ ਪਰਮਾਤਮਾ ਦਾ ਦਾਸ (ਹੁਕਮ ਮੰਨਣ ਵਾਲ਼ਾ) ਬਣਦਾ ਹੈ; ਐਸਾ ਕਰਕੇ ਹੀ ਅੰਦਰ ਗਿਆਨ ਦਾ ਚਾਨਣ ਹੁੰਦਾ ਹੈ।

ਕਈ ਕੋਟਿ ਤਤ ਕੇ ਬੇਤੇ ॥

ਸਦਾ ਨਿਹਾਰਹਿ ਏਕੋ ਨੇਤ੍ਰੇ ॥

ਕ੍ਰੋੜਾਂ ਵਾਰ ਮਨ ਸਭ ਝੂਠ-ਅਡੰਬਰ ਛੱਡਕੇ ਤੱਤ (ਸੱਚ) ਨੂੰ ਖੋਜਦਾ ਹੈ ਤਾਂ ਸਭ ਵਿੱਚ ਹਮੇਸ਼ਾ ਇੱਕ ਪ੍ਰਭੂ ਨੂੰ ਦੇਖਦਾ ਹੈ।

ਕਈ ਕੋਟਿ ਨਾਮ ਰਸੁ ਪੀਵਹਿ ॥

ਅਮਰ ਭਏ ਸਦ ਸਦ ਹੀ ਜੀਵਹਿ ॥

ਕ੍ਰੋੜਾਂ ਹੀ ਵਾਰ ਜਦ ਮਨ ਰੱਬੀ ਗੁਣਾਂ ਨੂੰ ਪੀਂਦਾ (ਜੀਵਨ 'ਚ ਢਾਲ਼ਦਾ) ਹੈ ਤਾਂ ਅਮਰ ਹੋ ਕੇ ਸਦਾ ਜੀਊਂਦਾ ਹੈ (ਵਿਕਾਰਾਂ 'ਚ ਨਹੀਂ ਮਰਦਾ)।

ਕਈ ਕੋਟਿ ਨਾਮ ਗੁਨ ਗਾਵਹਿ ॥

ਆਤਮ ਰਸਿ ਸੁਖਿ ਸਹਜਿ ਸਮਾਵਹਿ ॥

ਕ੍ਰੋੜਾਂ ਵਾਰ ਮਨ ਰੱਬੀ ਗੁਣਾਂ ਨੂੰ ਗਾਉਂਦਾ (ਦ੍ਰਿੜ੍ਹ ਕਰਦਾ) ਹੈ ਤਾਂ ਅੰਦਰੋਂ ਸੁੱਖ ਤੇ ਟਿਕਾਅ 'ਚ ਸਮਾ ਜਾਂਦਾ ਹੈ।

ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥

ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥

ਅਪਣੇ ਮਨ ਨੂੰ ਸੇਵਕ ਬਣਾ ਕੇ ਜੋ ਹਰ ਸਾਹ ਨਾ਼ਲ ਰੱਬੀ ਹੁਕਮ ਨੂੰ ਸੰਭਾ਼ਲਦੇ/ਮੰਨਦੇ ਨੇ, ਓਹੀ ਪਰਮੇਸ਼ਰ ਦੇ ਪਿਆਰੇ ਨੇ।

ਸਲੋਕੁ ॥

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ ॥੧॥

ਸਾਡੇ ਅੰਦਰ-ਬਾਹਰ ਸਾਰੀ ਘਾੜਤ ਕਰਨ ਵਾ਼ਲਾ ਇੱਕ ਪਰਮਾਤਮਾ ਹੈ, ਦੂਜਾ ਕੋਈ ਨਹੀਂ। ਮੇਰੇ ਮਨਾ! ਉਸ ਤੋਂ ਬਲਿਹਾਰ ਜਾ (ਉਸਦੇ ਹੁਕਮ 'ਚ ਰਹਿ) ਜੋ ਹਰ ਥਾਂ ਤੇਰੇ ਨਾ਼ਲ ਹੈ।

## ਅਸਟਪਦੀ ॥

**ਕਰਨ ਕਰਾਵਨ ਕਰਨੈ ਜੋਗੁ ॥**

**ਜੋ ਤਿਸੁ ਭਾਵੈ ਸੋਈ ਹੋਗੁ ॥**

ਰੱਬੀ ਹੁਕਮ ਸਭ ਕੁੱਝ ਕਰਨ ਦੇ ਸਮਰੱਥ ਹੈ। ਤੂੰ ਓਹੋ ਹੋ ਜਾਵੇਂ ਜੋ ਉਸਨੂੰ ਭਾਉਂਦਾ ਹੈ (ਤਾਂ ਹੀ ਵਡਿਆਈ ਹੈ)।

**ਖਿਨ ਮਹਿ ਥਾਪਿ ਉਥਾਪਨਹਾਰਾ ॥**

**ਅੰਤੁ ਨਹੀ ਕਿਛੁ ਪਾਰਾਵਾਰਾ ॥**

ਉਸਦੇ ਹੁਕਮ ਨੂੰ ਮੰਨਣ ਨਾਲ਼ ਇੱਕ ਖਿਨ/ਪਲ 'ਚ ਹੀ ਉਹ ਸਭ ਕੁੱਝ ਬਣ ਜਾਂਦਾ ਹੈ ਜਿਸਦਾ ਅੰਤ ਨਹੀਂ ਪਾਇਆ ਜਾਂਦਾ।

**ਹੁਕਮੇ ਧਾਰਿ ਅਧਰ ਰਹਾਵੈ ॥**

**ਹੁਕਮੇ ਉਪਜੈ ਹੁਕਮਿ ਸਮਾਵੈ ॥**

ਉਸਦੇ ਹੁਕਮ ਨੂੰ ਧਾਰਣ ਕਰਕੇ (ਅਮਲ 'ਚ ਲਿਆ ਕੇ) ਕਿਸੇ ਹੋਰ ਆਸਰੇ ਦੀ ਲੋੜ ਨਹੀਂ ਰਹਿੰਦੀ। ਹੁਕਮ ਨੂੰ ਮੰਨਣ ਨਾਲ਼ ਰੱਬੀ ਗੁਣ ਉਪਜਦੇ ਨੇ ਤੇ ਮਨ ਪ੍ਰਭੂ 'ਚ ਸਮਾਇਆ ਰਹਿੰਦਾ ਹੈ।

**ਹੁਕਮੇ ਊਚ ਨੀਚ ਬਿਉਹਾਰ ॥**

**ਹੁਕਮੇ ਅਨਿਕ ਰੰਗ ਪਰਕਾਰ ॥**

ਰੱਬੀ ਹੁਕਮ ਨੂੰ ਮੰਨ ਕੇ ਨੀਚਤਾ ਤੋਂ ਉੱਠ ਕੇ ਉੱਚੀ ਮੱਤ/ਵਿਹਾਰ ਆਉਂਦਾ ਹੈ; ਰੱਬੀ ਹੁਕਮ ਵਿੱਚ ਹੀ ਅੰਦਰ ਬੇਅੰਤ ਰੰਗਾਂ (ਸੋਹਣੇ ਗੁਣਾਂ) ਦੀ ਰਚਨਾ ਹੁੰਦੀ ਹੈ।

**ਕਰਿ ਕਰਿ ਦੇਖੈ ਅਪਨੀ ਵਡਿਆਈ ॥**

**ਨਾਨਕ ਸਭ ਮਹਿ ਰਹਿਆ ਸਮਾਈ ॥੧॥**

ਮਨ ਹੁਕਮ 'ਤੇ ਅਮਲ ਕਰ ਕਰਕੇ ਅਪਣੀ ਸਾਰੀ ਹੋਂਦ 'ਚ ਪ੍ਰਭੂ ਦੇ ਸਮਾਏ ਹੋਣ ਦੀ ਵਡਿਆਈ ਦੇਖਦਾ ਹੈ।

**ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥**

**ਪ੍ਰਭ ਭਾਵੈ ਤਾ ਪਾਥਰ ਤਰਾਵੈ ॥**

ਪ੍ਰਭੂ ਦੇ ਭਾਣੇ/ਹੁਕਮ 'ਚ ਜੀਵੀਏ ਤਾਂ ਅਸੀਂ ਮਨੁੱਖਤਾ ਵਾਲ਼ਾ ਉੱਚਾ ਮੁਕਾਮ ਪਾ ਲੈਂਦੇ ਹਾਂ। ਪ੍ਰਭੂ ਦੇ ਹੁਕਮ 'ਚ ਜੀਵੀਏ ਤਾਂ ਵਿਕਾਰਾਂ 'ਚ ਪੱਥਰ ਹੋਇਆ ਮਨ ਵੀ ਤਰ ਜਾਂਦਾ ਹੈ।

**ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥**

**ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥**

ਪ੍ਰਭੂ ਦੇ ਭਾਣੇ 'ਚ ਜੀਵੀਏ ਤਾਂ ਸਾਹ/ਪ੍ਰਾਣ/ਪਰਮਾਤਮਾ ਤੋਂ ਟੁੱਟ ਕੇ (ਵਿਕਾਰਾਂ 'ਚ) ਮਰੇ ਹੋਏ ਮਨ ਨੂੰ ਰੱਖਿਆ/ਬਚਾਇਆ ਜਾਂਦਾ ਹੈ। ਪ੍ਰਭੂ ਦੇ ਹੁਕਮ 'ਚ ਜੀਵੀਏ ਤਾਂ ਮਨ ਰੱਬੀ ਗੁਣਾਂ ਨੂੰ ਅਮਲ 'ਚ ਲਿਆਉਂਦਾ ਹੈ।

**ਪ੍ਰਭ ਭਾਵੈ ਤਾ ਪਤਿਤ ਉਧਾਰੈ ॥**

**ਆਪਿ ਕਰੈ ਆਪਨ ਬੀਚਾਰੈ ॥**

ਪ੍ਰਭੂ ਦੇ ਭਾਣੇ 'ਚ ਜੀਵੀਏ ਤਾਂ ਵਿਕਾਰਾਂ ਨਾਲ਼ ਪਤਿਤ ਹੋਇਆ ਮਨ ਪਵਿੱਤਰ ਹੋ ਜਾਂਦਾ ਹੈ। ਰੱਬੀ ਭਾਣੇ ਨੂੰ ਮੰਨਣ ਵਾਲ਼ਾ ਮਨ ਅਪਣੇ ਕੀਤੇ ਕਰਮਾਂ ਨੂੰ ਆਪ ਵਿਚਾਰਨ ਲੱਗ ਜਾਂਦਾ ਹੈ।

**ਦੁਹਾ ਸਿਰਿਆ ਕਾ ਆਪਿ ਸੁਆਮੀ ॥**

**ਖੇਲੈ ਬਿਗਸੈ ਅੰਤਰਜਾਮੀ ॥**

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਮਨ ਪਰਮਾਤਮਾ ਨੂੰ ਅਪਣੇ ਵਿਚਾਰ ਤੇ ਵਿਹਾਰ (ਦੋਵਾਂ ਸਿਰਿਆਂ) ਦਾ ਮਾਲਕ ਮੰਨਦਾ ਹੈ। ਪਰਮਾਤਮਾ ਨੂੰ ਅੰਤਰਜਾਮੀ ਜਾਨਣ ਵਾਲ਼ਾ ਮਨ ਸਦਾ ਹੁਕਮ ਨੂੰ ਮੰਨਦਾ ਅਨੰਦ 'ਚ ਰਹਿੰਦਾ ਹੈ।

**ਜੋ ਭਾਵੈ ਸੋ ਕਾਰ ਕਰਾਵੈ ॥**

**ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥**

ਜੇ ਓਹੀ ਅਪਣੇ ਮਨ ਤੋਂ ਕਰਾਈਏ ਜੋ ਪ੍ਰਭੂ ਨੂੰ ਭਾਉਂਦਾ ਹੈ, ਤਾਂ ਇਸ ਮਨ ਵਰਗਾ ਹੋਰ ਕੋਈ ਨਜ਼ਰ ਨਹੀਂ ਆਉਂਦਾ।

**ਕਹੁ ਮਾਨੁਖ ਤੇ ਕਿਆ ਹੋਇ ਆਵੈ ॥**

**ਜੋ ਤਿਸੁ ਭਾਵੈ ਸੋਈ ਕਰਾਵੈ ॥**

ਮਨੁੱਖ ਅਪਣੀ ਹੋਛੀ ਮੱਤ ਨਾਲ਼ ਕੁੱਝ (ਅੰਦਰੂਨੀ) ਭਲਾ ਨਹੀਂ ਕਰ ਸਕਦਾ। ਜੋ ਪ੍ਰਭੂ ਨੂੰ ਭਾਉਂਦਾ ਹੈ (ਜੋ ਰੱਬੀ ਹੁਕਮ ਹੈ) ਜੇ ਉਸ ਅਨੁਸਾਰ ਕਰੀਏ ਤਾਂ ਭਲਾ ਹੈ।

**ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ ॥**

**ਜੋ ਤਿਸੁ ਭਾਵੈ ਸੋਈ ਕਰੇਇ ॥**

ਜੇ ਸਾਡੀ ਸੰਸਾਰੀ ਮੱਤ ਦੇ ਵੱਸ ਕੁੱਝ ਹੋਵੇ ਤਾਂ ਅਸੀਂ ਸਭ ਕੁੱਝ (ਅੰਦਰੂਨੀ ਸੁੱਖ-ਸਬਰ-ਸ਼ਾਂਤੀ) ਲੈ ਲਈਏ। ਅੰਦਰੋਂ ਭਲਾ ਓਦੋਂ ਹੀ ਹੁੰਦਾ ਹੈ ਜਦ ਉਹ ਕਰੀਏ ਜੋ ਪ੍ਰਭੂ ਨੂੰ ਭਾਉਂਦਾ ਹੈ।

**ਅਨਜਾਨਤ ਬਿਖਿਆ ਮਹਿ ਰਚੈ ॥**

**ਜੇ ਜਾਨਤ ਆਪਨ ਆਪ ਬਚੈ ॥**

ਸੰਸਾਰੀ ਸਿਆਣਪ ਵਾਲ਼ਾ ਮਨ ਅਨਜਾਣ ਬਣ ਬਣ ਕੇ ਬੁਰਾਈਆਂ 'ਚ ਪੈਂਦਾ ਹੈ। ਜੇ ਇਹ ਸੰਸਾਰੀ ਮੱਤ ਐਨੀ ਹੀ ਜਾਣਕਾਰ ਹੈ ਤਾਂ ਵਿਕਾਰਾਂ ਤੋਂ ਅਪਣੇ ਆਪ ਨੂੰ ਬਚਾ ਲੈਂਦੀ।

**ਭਰਮੇ ਭੂਲਾ ਦਹ ਦਿਸਿ ਧਾਵੈ ॥**

**ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥**

ਸੰਸਾਰੀ ਸਿਆਣਪ ਦੇ ਭਰਮ 'ਚ ਭੁੱਲ ਕੇ ਮਨ ਹਰ ਪਾਸੇ (ਵਿਕਾਰਾਂ ਅਧੀਨ) ਭੱਜਿਆ ਫਿਰਦਾ ਹੈ। ਇੱਕ ਪਲ 'ਚ ਚਾਰੇ ਪਾਸੇ ਫਿਰ ਆਉਂਦਾ ਹੈ (ਵਿਕਾਰਾਂ ਹੇਠ ਪਿਆ ਮਨ ਟਿਕਦਾ ਹੀ ਨਹੀਂ)।

**ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥**

**ਨਾਨਕ ਤੇ ਜਨ ਨਾਮਿ ਮਿਲੇਇ ॥੩॥**

ਰੱਬੀ ਕਿਰਪਾ ਹੈ ਜਿਸਨੂੰ ਭਗਤੀ ਕਰਨਾ (ਗੁਣਾਂ ਨੂੰ ਅਪਨਾਉਣਾ) ਮਿਲ਼ ਗਿਆ ਹੈ। ਉਹ ਸੇਵਕ ਬਣੇ ਮਨ ਨੂੰ ਰੱਬੀ ਨਾਮ/ਗੁਣ ਮਿਲ਼ਦੇ ਨੇ (ਵਿਕਾਰਾਂ ਤੋਂ ਛੁਟਕਾਰਾ ਹੁੰਦਾ ਹੈ)।

**ਖਿਨ ਮਹਿ ਨੀਚ ਕੀਟ ਕਉ ਰਾਜ ॥**

**ਪਾਰਬ੍ਰਹਮ ਗਰੀਬ ਨਿਵਾਜ ॥**

ਪਰਮਾਤਮਾ ਐਸਾ ਗਰੀਬ ਨਿਵਾਜ਼ ਹੈ ਕਿ ਰੱਬੀ ਹੁਕਮ 'ਚ ਜੀਵੀਏ ਤਾਂ ਕੀੜਿਆਂ ਵਰਗਾ ਨੀਵਾਂ ਜੀਵਨ ਜੀਉਂਦਾ ਮਨ ਵੀ ਰਾਜਾ/ਵੱਡਾ ਬਣ ਜਾਂਦਾ ਹੈ।

**ਜਾ ਕਾ ਦ੍ਰਿਸਟਿ ਕਛੂ ਨ ਆਵੈ ॥**

**ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥**

ਜਿਸ ਮਨ ਨੂੰ ਕੋਈ ਰਾਹ ਨਹੀਂ ਦਿਸਦਾ, ਰੱਬੀ ਹੁਕਮ 'ਚ ਆਉਣ ਨਾਲ਼ ਓਸੇ ਵੇਲ਼ੇ ਹਰ ਪਾਸੇ ਹੱਲ ਮਿਲ਼ ਜਾਂਦੇ ਨੇ।

**ਜਾ ਕਉ ਅਪੁਨੀ ਕਰੈ ਬਖਸੀਸ ॥**

**ਤਾ ਕਾ ਲੇਖਾ ਨ ਗਨੈ ਜਗਦੀਸ ॥**

ਜੇ ਮਨ ਰੱਬੀ ਬਖਸ਼ਿਸ਼/ਹੁਕਮ ਨੂੰ ਅਪਣਾ ਲਵੇ ਤਾਂ ਫਿਰ ਰੱਬ ਅੱਗੇ ਕਿਸੇ ਲੇਖੇ/ ਗਿਣਤੀਆਂ ਦੀ ਲੋੜ ਨਹੀਂ ਪੈਂਦੀ।

**ਜੀਉ ਪਿੰਡੁ ਸਭ ਤਿਸ ਕੀ ਰਾਸਿ ॥**

**ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥**

ਰੱਬੀ ਹੁਕਮ 'ਚ ਮਨ ਅਪਣਾ ਜੀਵਨ, ਪਿੰਡਾ/ਸ਼ਰੀਰ ਸਭ ਇਸ ਤਰ੍ਹਾਂ ਸੌਂਪਦਾ ਹੈ ਕਿ ਹਰ ਪਾਸੇ ਪੂਰਨ ਬ੍ਰਹਮ/ਪਰਮਾਤਮਾ ਦਾ ਚਾਨਣ ਹੋ ਜਾਂਦਾ ਹੈ।

**ਅਪਨੀ ਬਣਤ ਆਪਿ ਬਨਾਈ ॥**

**ਨਾਨਕ ਜੀਵੈ ਦੇਖਿ ਬਡਾਈ ॥੪॥**

ਜੋ ਮਨ ਰੱਬੀ ਹੁਕਮ 'ਚ ਅਪਣੇ ਅੰਦਰਲੇ ਸੰਸਾਰ ਦੀ ਬਣਤਰ ਬਣਾਉਂਦਾ ਹੈ ਉਹ ਅੰਦਰ ਰੱਬ ਦੀ ਵਡਿਆਈ ਨੂੰ ਦੇਖਦਾ ਜੀਊਂਦਾ ਹੈ।

**ਇਸ ਕਾ ਬਲੁ ਨਾਹੀ ਇਸੁ ਹਾਥ ॥**

**ਕਰਨ ਕਰਾਵਨ ਸਰਬ ਕੋ ਨਾਥ ॥**

(ਅੰਦਰੋਂ ਪਵਿੱਤਰਤਾ/ਸਚਿਆਰਤਾ ਪ੍ਰਾਪਤ ਕਰਨ ਦੀ) ਕੋਈ ਤਾਕਤ ਸਾਡੇ ਵਿਕਾਰੀ ਮਨ ਕੋਲ਼ ਨਹੀਂ ਹੈ। ਇਹ ਸਾਰੀ ਰਚਨਾ ਤਾਂ ਸਾਡੀ ਪੂਰੀ ਹੋਂਦ ਦੇ ਮਾਲਕ ਪਰਮਾਤਮਾ ਦੇ ਹੁਕਮ ਨੂੰ ਮੰਨਣ 'ਚ ਹੀ ਹੈ।

**ਆਗਿਆਕਾਰੀ ਬਪੁਰਾ ਜੀਉ ॥**

**ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥**

ਇਹ ਮਨ ਪ੍ਰਭੂ ਦਾ ਆਗਿਆਕਾਰੀ ਬਣ ਜਾਵੇ, ਤੇ ਓਹੀ ਬਣ ਜਾਏ ਜੋ ਪਰਮਾਤਮਾ ਨੂੰ ਭਾਉਂਦਾ ਹੈ।

**ਕਬਹੂ ਊਚ ਨੀਚ ਮਹਿ ਬਸੈ ॥**

**ਕਬਹੂ ਸੋਗ ਹਰਖ ਰੰਗਿ ਹਸੈ ॥**

(ਅਪਣੀਆਂ ਸਿਆਣਪਾਂ/ਚਲਾਕੀਆਂ ਨਾ਼ਲ ਤਾਂ) ਅਸੀਂ ਕਦੀ ਉੱਚੇ ਹੋ ਜਾਂਦੇ ਹਾਂ, ਤੇ ਫੇਰ ਨੀਵੇਂ ਕਰਮ ਕਰ ਬੈਠਦੇ ਹਾਂ। (ਅਪਣੀਆਂ ਸਿਆਣਪਾਂ ਤਾਂ) ਸਾਨੂੰ ਹਮੇਸ਼ਾ ਸੁੱਖ-ਦੁੱਖ ਦੇ ਗੇੜ 'ਚ ਪਾਈ ਰੱਖਦੀਆਂ ਨੇ।

**ਕਬਹੂ ਨਿੰਦ ਚਿੰਦ ਬਿਉਹਾਰ ॥**

**ਕਬਹੂ ਊਭ ਅਕਾਸ ਪਇਆਲ ॥**

(ਮਨ ਦੀਆਂ ਚਲਾਕੀਆਂ 'ਚ) ਅਸੀਂ ਨਿੱਤ ਨਿੰਦਿਆ ਵਾ਼ਲੇ ਕਰਮ ਕਰਦੇ ਹਾਂ। (ਮਨ ਦੀਆਂ ਸਿਆਣਪਾਂ/ਚਲਾਕੀਆਂ ਵਿੱਚ) ਅਸੀਂ ਕਦੀ ਉੱਚੇ ਅਸਮਾਨ (ਹਉਮੈ) 'ਤੇ ਚੜ੍ਹ ਬਹਿੰਦੇ ਹਾਂ, ਕਦੀ ਪਾਤਾਲ (ਨਿਰਾਸ਼ਾ) 'ਚ ਡਿੱਗ ਪੈਂਦੇ ਹਾਂ।

**ਕਬਹੂ ਬੇਤਾ ਬ੍ਰਹਮ ਬੀਚਾਰ ॥**

**ਨਾਨਕ ਆਪਿ ਮਿਲਾਵਣਹਾਰ ॥੫॥**

(ਅਪਣੀਆਂ ਸਿਆਣਪਾਂ ਨਾਲ਼) ਅਸੀਂ ਵੇਦਾਂ-ਗ੍ਰੰਥਾਂ ਰਾਹੀਂ ਰੱਬ ਬਾਰੇ ਵੱਡੇ-ਵੱਡੇ ਬਿਆਨ ਵੀ ਦੇ ਲੈਂਦੇ ਹਾਂ। ਪਰ ਅਪਣੇ ਅੰਦਰ ਪਰਮਾਤਮਾ ਨਾਲ਼ ਮਿਲਾਪ ਆਪ ਪ੍ਰਭੂ ਦੇ ਹੁਕਮ ਨੂੰ ਜੀਉਣ ਨਾਲ਼ ਹੀ ਹੁੰਦਾ ਹੈ।

**ਕਬਹੂ ਨਿਰਤਿ ਕਰੈ ਬਹੁ ਭਾਤਿ ॥**

**ਕਬਹੂ ਸੋਇ ਰਹੈ ਦਿਨੁ ਰਾਤਿ ॥**

(ਮਨ ਦੀਆਂ ਚਲਾਕੀਆਂ 'ਚ) ਲਾਲਚ-ਕ੍ਰੋਧ ਆਦਿ 'ਚ ਨੱਚਦੇ ਫਿਰਦੇ ਹਾਂ, ਤੇ ਦਿਨ-ਰਾਤ ਚੰਗਿਆਈ ਕਰਨ ਵੱਲੋਂ ਅਵੇਸਲੇ/ਆਲਸੀ ਹੋਏ ਰਹਿੰਦੇ ਹਾਂ।

**ਕਬਹੂ ਮਹਾ ਕ੍ਰੋਧ ਬਿਕਰਾਲ ॥**

**ਕਬਹੂੰ ਸਰਬ ਕੀ ਹੋਤ ਰਵਾਲ ॥**

(ਅਪਣੀਆਂ ਸਿਆਣਪਾਂ 'ਚ) ਅਸੀਂ ਗਰੀਬ/ਕਮਜੋਰ ਉੱਪਰ ਕ੍ਰੋਧ ਕਰਦੇ ਹਾਂ, ਤੇ ਤਗੜਿਆਂ ਅੱਗੇ ਨਿਮਾਣੇ ਬਣ ਜਾਂਦੇ ਹਾਂ।

**ਕਬਹੂ ਹੋਇ ਬਹੈ ਬਡ ਰਾਜਾ ॥**

**ਕਬਹੁ ਭੇਖਾਰੀ ਨੀਚ ਕਾ ਸਾਜਾ ॥**

(ਮਨ ਦੀਆਂ ਚਲਾਕੀਆਂ ਨਾਲ਼) ਅਸੀਂ ਵੱਡੇ ਰਾਜੇ ਬਣ-ਬਣ ਬਹਿੰਦੇ ਹਾਂ, ਤੇ ਕਦੀ ਦਰ-ਦਰ ਦੇ ਭਿਖਾਰੀ।

**ਕਬਹੂ ਅਪਕੀਰਤਿ ਮਹਿ ਆਵੈ ॥**

**ਕਬਹੂ ਭਲਾ ਭਲਾ ਕਹਾਵੈ ॥**

(ਮਨ ਦੀਆਂ ਚਲਾਕੀਆਂ 'ਚ) ਅਸੀਂ ਅਪਣਾ ਮਾਣ-ਇੱਜ਼ਤ ਗੁਆ ਲੈਂਦੇ ਹਾਂ, ਤੇ ਕਦੀ ਬਹੁਤੇ ਭਲੇ ਵੱਜਣ ਲੱਗ ਜਾਂਦੇ ਹਾਂ।

ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥
ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥

ਸੱਚ ਤਾਂ ਇਹ ਹੈ ਕਿ ਗੁਰੂ ਦੀ ਕਿਰਪਾ/ਗਿਆਨ ਰਾਹੀਂ ਅਸੀਂ ਪ੍ਰਭੂ ਦੇ ਹੁਕਮ 'ਚ ਜੀਊਣਾ ਸਿੱਖਦੇ ਹਾਂ (ਮਨ ਦੀਆਂ ਚਲਾਕੀਆਂ ਨਾਲ਼ ਨਹੀਂ)।

ਕਬਹੂ ਹੋਇ ਪੰਡਿਤੁ ਕਰੇ ਬਖ੍ਯ਼ਾਨੁ ॥
ਕਬਹੂ ਮੋਨਿਧਾਰੀ ਲਾਵੈ ਧਿਆਨੁ ॥

ਅਪਣੀਆਂ ਸਿਆਣਪਾਂ 'ਚ ਅਸੀਂ ਵਿਦਵਾਨ ਬਣ ਕੇ ਹੋਰਨਾਂ ਨੂੰ ਉਪਦੇਸ਼ ਕਰਦੇ ਹਾਂ, ਤੇ ਕਦੀ ਚੁੱਪ ਬਹਿ ਕੇ ਧਿਆਨ ਲਾਉਣ ਦੀ ਕੋਸ਼ਿਸ਼ ਕਰਦੇ ਹਾਂ।

ਕਬਹੂ ਤਟ ਤੀਰਥ ਇਸਨਾਨ ॥
ਕਬਹੂ ਸਿਧ ਸਾਧਿਕ ਮੁਖਿ ਗਿਆਨ ॥

ਅਪਣੇ ਮਨ ਦੀਆਂ ਚਲਾਕੀਆਂ ਨਾਲ਼ ਕਦੀ ਤੀਰਥਾਂ 'ਤੇ ਨਹਾਉਂਦੇ, ਤੇ ਕਦੀ ਸਿੱਧ ਬਣ ਕੇ ਗਿਆਨ ਸੁਣਾਉਂਦੇ ਹਾਂ।

ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥
ਅਨਿਕ ਜੋਨਿ ਭਰਮੈ ਭਰਮੀਆ ॥

ਅਪਣੀਆਂ ਸਿਆਣਪਾਂ/ਚਲਾਕੀਆਂ ਕਰਕੇ ਛੋਟੇ-ਵੱਡੇ ਪਸ਼ੂਆਂ ਵਾਂਗ ਜੀਊਂਦੇ ਹਾਂ, ਤੇ ਅਨੇਕਾਂ ਜੂਨਾਂ (ਮਨ ਦੀਆਂ ਅਵਸਥਾਵਾਂ) 'ਚ ਭਟਕਦੇ ਰਹਿੰਦੇ ਹਾਂ।

ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥
ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥

ਅਪਣੀਆਂ ਚਲਾਕੀਆਂ 'ਚ ਤਾਂ ਅਸੀ ਸਿਰਫ ਬਾਜੀਗਰ ਵਾਂਗ ਵੱਖੋ-ਵੱਖਰੇ ਸਵਾਂਗ/ਅਡੰਬਰ ਹੀ ਕਰਦੇ ਹਾਂ ਜੋ ਅਪਣੇ ਮਾਲਕਾਂ/ਲੋਕਾਂ ਨੂੰ ਖੁਸ਼ ਕਰਨ ਲਈ ਨੱਚਦਾ-ਟੱਪਦਾ ਹੈ।

**ਜੋ ਤਿਸੁ ਭਾਵੈ ਸੋਈ ਹੋਇ ॥**

**ਨਾਨਕ ਦੂਜਾ ਅਵਰੁ ਨ ਕੋਇ ॥੭॥**

ਅਪਣੀਆਂ ਚਲਾਕੀਆਂ ਛੱਡ ਕੇ ਅਸੀਂ ਉਹ ਬਣੀਏ ਜੋ ਪਰਮਾਤਮਾ ਨੂੰ ਭਾਉਂਦਾ ਹੈ ਕਿਉਂਕਿ ਉਸਦੇ ਹੁਕਮ ਤੋਂ ਇਲਾਵਾ ਹੋਰ ਕੋਈ ਦੂਜਾ ਨਹੀਂ ਜੋ ਸਾਨੂੰ ਰੱਬ ਨਾਲ਼ ਮਿਲਾ ਲਵੇ।

**ਕਬਹੂ ਸਾਧਸੰਗਤਿ ਇਹੁ ਪਾਵੈ ॥**

ਜੇ ਕਦੀ ਇਹ ਮਨ (ਅਪਣੀਆਂ ਸਿਆਣਪਾਂ ਛੱਡ ਕੇ) ਗੁਰੂ ਦੀ ਸੰਗਤ/ਗਿਆਨ ਨੂੰ ਪਾ ਲਵੇ (ਧਾਰਣ ਕਰ ਲਏ)।

**ਉਸੁ ਅਸਥਾਨ ਤੇ ਬਹੁਰਿ ਨ ਆਵੈ ॥**

ਤਾਂ ਉਸ ਜਗ੍ਹਾ (ਮਨ ਅੰਦਰ) ਉਹ ਵਿਕਾਰਾਂ ਵਾਲ਼ੀਆਂ ਚਲਾਕੀਆਂ ਫੇਰ ਨਹੀਂ ਆਉਂਦੀਆਂ।

**ਅੰਤਰਿ ਹੋਇ ਗਿਆਨ ਪਰਗਾਸੁ ॥**

**ਉਸੁ ਅਸਥਾਨ ਕਾ ਨਹੀ ਬਿਨਾਸੁ ॥**

ਗੁਰੂ ਦੇ ਸੰਗ/ਗਿਆਨ ਨਾਲ਼ ਅੰਦਰ ਚਾਨਣ ਹੁੰਦਾ ਹੈ, ਫਿਰ ਇਸ ਮਨ ਦਾ (ਵਿਕਾਰਾਂ 'ਚ) ਵਿਨਾਸ਼ ਨਹੀਂ ਹੁੰਦਾ।

**ਮਨ ਤਨ ਨਾਮਿ ਰਤੇ ਇਕ ਰੰਗਿ ॥**

**ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥**

ਜਦ ਮਨ ਤੇ ਤਨ (ਵਿਚਾਰ ਤੇ ਵਿਹਾਰ) ਰੱਬੀ ਹੁਕਮ 'ਚ ਰੰਗੇ ਹੋਣ ਤਾਂ ਮਨ ਸਦਾ ਪਰਮਾਤਮਾ ਨਾਲ਼ ਇੱਕ ਹੋਇਆ ਰਹਿੰਦਾ ਹੈ।

ਜਿਉ ਜਲ ਮਹਿ ਜਲੁ ਆਇ ਖਟਾਨਾ ॥
ਤਿਉ ਜੋਤੀ ਸੰਗਿ ਜੋਤਿ ਸਮਾਨਾ ॥

ਜਿਵੇਂ ਪਾਣੀ, ਪਾਣੀ 'ਚ ਰਲ਼ ਜਾਂਦਾ ਹੈ ਉਸੇ ਤਰ੍ਹਾਂ (ਰੱਬੀ ਹੁਕਮ 'ਚ) ਮਨ ਪਰਮਾਤਮਾ ਨਾ਼ਲ ਇੱਕ ਹੋ ਜਾਂਦਾ ਹੈ।

ਮਿਟਿ ਗਏ ਗਵਨ ਪਾਏ ਬਿਸ੍ਰਾਮ ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥

ਐਸੇ ਮਨ ਅੰਦਰੋਂ ਵਿਕਾਰਾਂ ਵਾ਼ਲਾ ਆਵਾਗਉਣ ਖਤਮ ਹੁੰਦਾ ਹੈ, ਕਿਉਂਕਿ ਉਹ ਮਨ ਰੱਬੀ ਹੁਕਮ 'ਤੇ ਸਦਾ ਕੁਰਬਾਨ/ਸਮਰਪਤ ਹੁੰਦਾ ਹੈ

ਸਲੋਕੁ ॥

ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥

ਮਨ ਕਰਕੇ ਹਲੀਮੀ/ਨਿਮਰਤਾ 'ਚ ਜੀਉਣ ਵਾ਼ਲੇ ਸਦਾ ਸੁਖੀ ਰਹਿੰਦੇ ਨੇ। ਅਹੰਕਾਰ ਵਿੱਚ ਵੱਡੇ-ਵੱਡੇ ਗ਼ਲ ਗਏ (ਵਡਿਆਈ ਗੁਆ ਜਾਂਦੇ ਨੇ)।

ਅਸਟਪਦੀ ॥

ਜਿਸ ਕੈ ਅੰਤਰਿ ਰਾਜ ਅਭਿਮਾਨੁ ॥
ਸੋ ਨਰਕਪਾਤੀ ਹੋਵਤ ਸੁਆਨੁ ॥

ਜੇ ਮਨ 'ਚ ਰਾਜ-ਪਾਟ ਦਾ ਹੰਕਾਰ ਹੈ ਤਾਂ ਸੂਰ ਵਾਂਗ (ਗੰਦੀ ਸੋਚ ਦੀ ਗੰਦਗੀ ਖਾਂਦੇ) ਅਸੀਂ ਸਦਾ ਨਰਕ 'ਚ ਪਏ ਹੋਏ ਹਾਂ।

ਜੋ ਜਾਨੈ ਮੈ ਜੋਬਨਵੰਤੁ ॥
ਸੋ ਹੋਵਤ ਬਿਸਟਾ ਕਾ ਜੰਤੁ ॥

ਜੇ ਜੁਆਨੀ/ਤਾਕਤ ਦਾ ਹੰਕਾਰ ਹੈ ਤਾਂ ਮੈ਼ਲ (ਵਿਕਾਰਾਂ) 'ਚ ਪਏ ਕੀੜੇ ਹੀ ਹਾਂ ਅਸੀਂ।

**ਆਪਸ ਕਉ ਕਰਮਵੰਤੁ ਕਹਾਵੈ ॥**

**ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥**

ਜੇਕਰ ਸਾਨੂੰ ਲੱਗਦਾ ਹੈ ਕਿ ਅਸੀਂ ਬਹੁਤ ਧਰਮ-ਕਰਮ ਵਾਲ਼ੇ ਹਾਂ, ਤਾਂ ਇਸ ਹਉਮੈ 'ਚ ਜੰਮਦੇ-ਮਰਦੇ ਜੂਨਾਂ ਹੀ ਭੋਗ ਰਹੇ ਹਾਂ

**ਧਨ ਭੂਮਿ ਕਾ ਜੋ ਕਰੈ ਗੁਮਾਨੁ ॥**

**ਸੋ ਮੂਰਖੁ ਅੰਧਾ ਅਗਿਆਨੁ ॥**

ਪੈਸੇ-ਜ਼ਮੀਨ ਦਾ ਹੰਕਾਰ ਕਰਨ ਵਾਲ਼ਾ ਅਪਣੀ ਜਹਾਲਤ ਵਿੱਚ ਅੰਨ੍ਹਾ ਹੋਇਆ ਮੂਰਖਤਾ ਕਰ ਰਿਹਾ ਹੈ।

**ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥**

**ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥**

ਰੱਬੀ ਮਿਹਰ ਜਾਣੋ ਜੇ ਹਿਰਦੇ 'ਚ ਹਲੀਮੀ ਵੱਸ ਜਾਏ ਤਾਂ ਅੰਦਰੋਂ ਬਾਹਰੋਂ ਸਦਾ ਸੁਖੀ ਰਹਿ ਸਕਦੇ ਹਾਂ।

**ਧਨਵੰਤਾ ਹੋਇ ਕਰਿ ਗਰਬਾਵੈ ॥**

**ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥**

ਮਨ ਪੈਸੇ ਦੀ ਅਮੀਰੀ ਦਾ ਹੰਕਾਰ ਕਰਦਾ ਹੈ, ਪਰ ਪੈਸਾ (ਰੱਬ ਨਾਲ਼ ਮਿਲਾਪ ਵੱਲ) ਇੱਕ ਤਿਨਕੇ ਜਿੰਨਾ ਵੀ ਸਾਥ ਨਹੀਂ ਦੇਂਦਾ।

**ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥**

**ਪਲ ਭੀਤਰਿ ਤਾ ਕਾ ਹੋਇ ਬਿਨਾਸ ॥**

ਜੇ ਬੰਦਿਆਂ ਦੇ ਲਸ਼ਕਰ/ਫੌਜਾਂ ਉੱਪਰ ਮਾਣ ਹੈ ਤਾਂ ਇਹ ਵੀ ਇਕ ਪਲ 'ਚ ਖਤਮ ਹੋ ਜਾਂਦੀਆਂ ਨੇ।

**ਸਭ ਤੇ   ਆਪ ਜਾਨੈ ਬਲਵੰਤੁ ॥**

**ਖਿਨ ਮਹਿ   ਹੋਇ ਜਾਇ ਭਸਮੰਤੁ ॥**

ਜੇ ਸਾਰਿਆਂ ਨਾਲ਼ੋਂ ਖੁਦ ਨੂੰ ਬਲਵਾਨ/ਤਾਕਤਵਰ ਸਮਝੀਏ ਤਾਂ ਇਹ ਤਾਕਤ ਵੀ ਪਲ 'ਚ ਸੁਆਹ ਹੋ ਸਕਦੀ ਹੈ।

**ਕਿਸੈ ਨ ਬਦੈ   ਆਪਿ ਅਹੰਕਾਰੀ ॥**

**ਧਰਮਰਾਇ   ਤਿਸੁ ਕਰੇ ਖੁਆਰੀ ॥**

ਅਪਣੇ ਹੰਕਾਰ'ਚ ਜੇ ਅਸੀਂ ਕਿਸੇ ਦੀ ਪਰਵਾਹ ਨਹੀਂ ਕਰਦੇ ਤਾਂ ਧਰਮ (ਸੁੱਚਤਾ) ਦੇ ਰਾਜੇ ਰੱਬ ਦੇ ਨਿਆਂ 'ਚ ਖੁਆਰੀ ਹੀ ਮਿਲ਼ਦੀ ਹੈ।

**ਗੁਰ ਪ੍ਰਸਾਦਿ   ਜਾ ਕਾ ਮਿਟੈ ਅਭਿਮਾਨੁ ॥**

**ਸੋ ਜਨੁ   ਨਾਨਕ   ਦਰਗਹ ਪਰਵਾਨੁ ॥੨॥**

ਗੁਰੂ ਦੀ ਕਿਰਪਾ (ਗਿਆਨ) ਨਾਲ਼ ਜਦੋਂ ਮਨ ਦਾ ਹੰਕਾਰ ਖਤਮ ਹੁੰਦਾ ਹੈ, ਤਾਂ ਹੀ ਹਰ ਥਾਂ ਵੱਸਦੇ ਰੱਬ ਦੀ ਦਰਗਾਹ 'ਤੇ ਪਰਵਾਨ ਹੁੰਦੇ ਹਾਂ।

**ਕੋਟਿ ਕਰਮ ਕਰੈ   ਹਉ ਧਾਰੇ ॥**

**ਸ੍ਰਮੁ ਪਾਵੈ   ਸਗਲੇ ਬਿਰਥਾਰੇ ॥**

ਮਨ 'ਚ ਹੰਕਾਰ ਰੱਖ ਕੇ ਕੀਤੇ ਕ੍ਰੋੜਾਂ ਧਰਮ-ਕਰਮਾਂ ਵਾਲ਼ੀ ਮਿਹਨਤ ਵਿਅਰਥ/ਫਜ਼ੂਲ ਜਾਂਦੀ ਹੈ।

**ਅਨਿਕ ਤਪਸਿਆ   ਕਰੇ ਅਹੰਕਾਰ ॥**

**ਨਰਕ ਸੁਰਗ   ਫਿਰਿ ਫਿਰਿ ਅਵਤਾਰ ॥**

ਮਨ 'ਚ ਹੰਕਾਰ ਰੱਖ ਕੇ ਕੀਤੀ ਤਪੱਸਿਆ ਸਾਨੂੰ ਨਿੱਤ ਦੇ ਸਵਰਗ-ਨਰਕ (ਆਸ ਤੇ ਡਰ) ਦੇ ਗੇੜੇ 'ਚ ਪਾਈ ਰੱਖਦੀ ਹੈ।

ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥
ਹਰਿ ਦਰਗਹ ਕਹੁ ਕੈਸੇ ਗਵੈ ॥

ਹੰਕਾਰ ਕਰਕੇ ਜਿੰਨੇ ਵੀ ਜਤਨ ਕੀਤੇ ਉਨ੍ਹਾਂ ਨਾਲ਼ ਮਨ ਨਿਰਮਲ ਨਹੀਂ ਹੋਇਆ, ਫਿਰ ਰੱਬੀ ਦਰਗਾਹ 'ਚ ਨਹੀਂ ਜਾਇਆ ਜਾਂਦਾ।

ਆਪਸ ਕਉ ਜੋ ਭਲਾ ਕਹਾਵੈ ॥
ਤਿਸਹਿ ਭਲਾਈ ਨਿਕਟਿ ਨ ਆਵੈ ॥

ਜੋ ਖੁਦ 'ਚ ਭਲਾ ਹੋਣ ਦਾ ਹੰਕਾਰ ਪਾਲ਼ੀ ਬੈਠਾ ਹੈ, ਭਲਾਈ ਉਸਦੇ ਨੇੜੇ ਵੀ ਨਹੀਂ ਆਉਂਦੀ।

ਸਰਬ ਕੀ ਰੇਨ ਜਾ ਕਾ ਮਨੁ ਹੋਇ ॥
ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥

ਪਰ ਜੇ ਮਨ 'ਚ ਹਲੀਮੀ/ਨਿਮਰਤਾ ਆ ਜਾਵੇ, ਤਾਂ ਅੰਦਰੋਂ ਸਾਰੀ ਸੁਰਤ ਨਿਰਮਲ/ਪਵਿੱਤਰ ਹੋ ਜਾਂਦੀ ਹੈ।

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥

ਜਦੋਂ ਤੱਕ ਇਹ ਮਨ ਇਹ ਸੋਚਦਾ ਹੈ 'ਮੈਥੋਂ ਹੀ ਸਭ ਹੋ ਰਿਹਾ ਹੈ', ਓਦੋਂ ਤੱਕ ਇਸ ਨੂੰ ਕੋਈ ਸੁਖ ਨਹੀਂ ਮਿਲ਼ਦਾ।

ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥

ਜਦੋਂ ਤੱਕ ਮਨ ਮੰਨਦਾ ਹੈ ਕਿ ਮੈਂ ਹੀ ਸਭ ਕਰਦਾ ਹਾਂ, ਓਦੋਂ ਤੱਕ ਵਿਕਾਰਾਂ 'ਚ ਜੰਮਣ-ਮਰਣ ਲੱਗਿਆ ਰਹਿੰਦਾ ਹੈ।

**ਜਬ ਧਾਰੈ ਕੋਊ ਬੈਰੀ ਮੀਤੁ ॥**

**ਤਬ ਲਗੁ ਨਿਹਚਲੁ ਨਾਹੀ ਚੀਤੁ ॥**

ਜਦੋਂ ਤੱਕ ਕਿਸੇ ਨੂੰ ਵੈਰੀ, ਤੇ ਕਿਸੇ ਨੂੰ ਮਿੱਤਰ ਮੰਨਦਾ ਹੈ, ਓਦੋਂ ਤੱਕ ਮਨ ਟਿਕਦਾ ਹੀ ਨਹੀਂ।

**ਜਬ ਲਗੁ ਮੋਹ ਮਗਨ ਸੰਗਿ ਮਾਇ ॥**

**ਤਬ ਲਗੁ ਧਰਮਰਾਇ ਦੇਇ ਸਜਾਇ ॥**

ਜਦੋਂ ਤੱਕ ਬਾਹਰੀ ਸੁੱਖ-ਦੁੱਖ ਦੇ ਭਰਮ ਨਾਲ਼ ਮੋਹ ਪਿਆ ਹੈ, ਓਦੋਂ ਤੱਕ ਰੱਬੀ ਹੁਕਮ 'ਚ ਸਜਾ/ਦੁੱਖ ਹੀ ਭੋਗਦਾ ਹੈ।

**ਪ੍ਰਭ ਕਿਰਪਾ ਤੇ ਬੰਧਨ ਤੂਟੈ ॥**

**ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥੪॥**

ਮਨ ਦੇ ਹੰਕਾਰ ਦੇ ਬੰਧਨਾਂ ਦਾ ਟੁੱਟਣਾ ਹੀ ਰੱਬ ਦੀ ਕਿਰਪਾ ਹੈ, ਤੇ ਇਹ ਕਿਰਪਾ ਗੁਰੂ ਦੇ ਗਿਆਨ ਨਾਲ਼ ਹੁੰਦੀ ਹੈ।

**ਸਹਸ ਖਟੇ ਲਖ ਕਉ ਉਠਿ ਧਾਵੈ ॥**

**ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥**

ਮਨ ਦੀ ਹਉਮੈ ਨੂੰ ਖੁਸ਼ ਕਰਨ ਲਈ ਬੰਦਾ ਹਜ਼ਾਰ ਕਮਾ ਕੇ ਲੱਖ ਵੱਲ ਦੌੜਦਾ ਹੈ, ਪਰ ਇਸ ਭਰਮ ਪਿੱਛੇ ਕਦੀ ਰੱਜ ਨਹੀਂ ਹੁੰਦਾ।

**ਅਨਿਕ ਭੋਗ ਬਿਖਿਆ ਕੇ ਕਰੈ ॥**

**ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥**

ਅਪਣੀ ਹਉਮੈ ਨੂੰ ਸੰਤੁਸ਼ਟ ਕਰਨ ਲਈ ਅਨੇਕਾਂ ਤਰ੍ਹਾਂ ਦੀਆਂ ਬੁਰਾਈਆਂ ਕਰਦਾ ਹੈ, ਪਰ ਉਨ੍ਹਾਂ ਨਾਲ਼ ਸ਼ਾਂਤੀ ਨਹੀਂ ਮਿਲ਼ਦੀ ਸਗੋਂ ਹਰ ਪਲ ਮਰਦਾ-ਖਪਦਾ ਹੈ।

**ਬਿਨਾ ਸੰਤੋਖ ਨਹੀ ਕੋਊ ਰਾਜੈ ॥**

**ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥**

ਸੰਤੋਖ ਤੋਂ ਬਿਨਾਂ ਕੋਈ ਰੱਜਦਾ ਨਹੀਂ, ਉਸਦੀ ਸਾਰੀ ਦੌੜ ਇੰਝ ਹੀ ਵਿਅਰਥ ਹੈ ਜਿਵੇਂ ਸੁਪਨਾ ਹੁੰਦਾ ਹੈ।

**ਨਾਮ ਰੰਗਿ ਸਰਬ ਸੁਖੁ ਹੋਇ ॥**

**ਬਡਭਾਗੀ ਕਿਸੈ ਪਰਾਪਤਿ ਹੋਇ ॥**

ਰੱਬੀ ਨਾਮ/ਗੁਣਾਂ ਵਿੱਚ ਹੀ ਸਾਰੇ ਸੁੱਖ ਨੇ, ਤੇ ਇਨ੍ਹਾਂ ਗੁਣਾਂ ਨੂੰ ਹਾਸਲ ਕਰਨਾ ਹੀ ਵੱਡੇ ਭਾਗ ਹੁੰਦੇ ਨੇ।

**ਕਰਨ ਕਰਾਵਨ ਆਪੇ ਆਪਿ ॥**

**ਸਦਾ ਸਦਾ ਨਾਨਕ ਹਰਿ ਜਾਪਿ ॥੫॥**

ਪਰਮਾਤਮਾ ਦਾ ਹੁਕਮ ਆਪ ਹੀ (ਗੁਣਾਂ ਦੀ ਪ੍ਰਾਪਤੀ ਦਾ) ਕਾਰਜ ਕਰਦਾ ਹੈ ਜਦੋਂ ਸਾਡਾ ਧਿਆਨ ਸਦਾ ਪਰਮਾਤਮਾ ਵੱਲ ਹੁੰਦਾ ਹੈ।

**ਕਰਨ ਕਰਾਵਨ ਕਰਨੈਹਾਰੁ ॥**

**ਇਸ ਕੈ ਹਾਥਿ ਕਹਾ ਬੀਚਾਰੁ ॥**

ਮਨ ਅੰਦਰਲੀ ਪਵਿੱਤਰਤਾ ਰੱਬੀ ਹੁਕਮ 'ਚ ਹੀ ਹੁੰਦੀ ਹੈ, ਇਸ ਹਉਮੈ ਨਾਲ਼ ਭਰੇ ਮਨ ਦੇ ਹੱਥ ਇਹ ਵਿਚਾਰ ਨਹੀਂ ਹੈ।

**ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥**

**ਆਪੇ ਆਪਿ ਆਪਿ ਪ੍ਰਭੁ ਸੋਇ ॥**

ਜਿਵੇਂ ਅੰਦਰ ਬੈਠਾ ਰੱਬ ਦਿਖਾਉਂਦਾ (ਹੁਕਮ ਕਰਦਾ) ਹੈ ਓਹੋ ਜਿਹਾ ਹੋ ਜਾਣਾ, ਫਿਰ ਹੀ ਅਪਣੇ ਅੰਦਰ ਨਿੱਜ ਰੂਪ ਪਰਮਾਤਮਾ ਨਾਲ਼ ਇੱਕ ਹੋ ਜਾਈਦਾ ਹੈ।

**ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥**

**ਸਭ ਤੇ ਦੂਰਿ ਸਭਹੂ ਕੈ ਸੰਗਿ ॥**

ਜੋ ਵੀ ਕਰਨਾ ਰੱਬੀ ਹੁਕਮ ਦੇ ਰੰਗ 'ਚ ਕਰਨਾ ਜਿਸ ਨਾਲ਼ ਸਭ ਵਿਕਾਰਾਂ ਤੋਂ ਦੂਰ ਹੋ ਕੇ ਰੱਬੀ ਗੁਣਾਂ ਦੇ ਸੰਗ ਹੋ ਜਾਈਦਾ ਹੈ।

**ਬੂਝੈ ਦੇਖੈ ਕਰੈ ਬਿਬੇਕ ॥**

**ਆਪਹਿ ਏਕ ਆਪਹਿ ਅਨੇਕ ॥**

ਹਲੀਮੀ ਵਾਲ਼ਾ ਮਨ ਬਿਬੇਕੀ/ਸਿਆਣਾ ਹੋਇਆ ਦੇਖ-ਸਮਝ ਲੈਂਦਾ ਹੈ ਕਿ ਇੱਕ ਪ੍ਰਭੂ ਹੀ ਸਾਰਿਆਂ 'ਚ ਸਮਾਇਆ ਹੋਇਆ ਹੈ।

**ਮਰੈ ਨ ਬਿਨਸੈ ਆਵੈ ਨ ਜਾਇ ॥**

**ਨਾਨਕ ਸਦ ਹੀ ਰਹਿਆ ਸਮਾਇ ॥੬॥**

ਐਸਾ ਮਨ ਵਿਕਾਰਾਂ ਦੇ ਆਵਾਗਉਣ 'ਚ ਬਾਰ-ਬਾਰ ਨਹੀਂ ਮਰਦਾ, ਸਗੋਂ ਪਰਮਾਤਮਾ 'ਚ ਸਮਾਇਆ ਰਹਿੰਦਾ ਹੈ।

**ਆਪਿ ਉਪਦੇਸੈ ਸਮਝੈ ਆਪਿ ॥**

**ਆਪੇ ਰਚਿਆ ਸਭ ਕੈ ਸਾਥਿ ॥**

ਹਲੀਮੀ ਵਾਲ਼ਾ ਮਨ ਗੁਰੂ ਗਿਆਨ ਤੋਂ ਉਪਦੇਸ਼/ਸਮਝ ਲੈ ਕੇ ਅਪਣੇ ਆਪ ਨੂੰ ਸਮਝਾਉਂਦਾ ਹੈ, ਤੇ ਅੰਦਰੋਂ (ਸੁਰਤ-ਮੱਤ-ਵਿਚਾਰ) ਸਾਰਿਆਂ ਨਾਲ਼ ਰੱਬੀ ਰੰਗ 'ਚ ਰਚਿਆ ਰਹਿੰਦਾ ਹੈ।

**ਆਪਿ ਕੀਨੋ ਆਪਨ ਬਿਸਥਾਰੁ ॥**

**ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥**

ਗੁਰੂ ਗਿਆਨ ਰਾਹੀਂ ਅੰਦਰੋਂ ਅਪਣਾ ਵਿਸਥਾਰ/ਵਾਧਾ ਕਰਦਾ ਹੈ, ਤੇ ਅਪਣੇ ਆਪ ਨੂੰ ਕਰਨਹਾਰ ਪ੍ਰਭੂ ਨੂੰ ਸੌਂਪ ਦੇਂਦਾ ਹੈ।

ਉਸ ਤੇ ਭਿੰਨ ਕਹਹੁ ਕਿਛੁ ਹੋਇ ॥
ਥਾਨ ਥਨੰਤਰਿ ਏਕੈ ਸੋਇ ॥

ਹਲੀਮੀ ਵਾਲ਼ਾ ਮਨ ਜਾਣਦਾ ਹੈ ਕਿ ਪਰਮਾਤਮਾ ਤੋਂ ਬਿਨਾਂ ਕੁੱਝ ਵੀ ਨਹੀਂ ਹੈ, ਤੇ ਹਰ ਥਾਂ ਇੱਕ ਪ੍ਰਭੂ ਹੀ ਹੈ।

ਅਪੁਨੇ ਚਲਿਤ ਆਪਿ ਕਰਣੈਹਾਰ ॥
ਕਉਤਕ ਕਰੈ ਰੰਗ ਆਪਾਰ ॥

ਨਿਮਰਤਾ ਓਥੇ ਹੈ ਜਿੱਥੇ ਮਨ ਜਾਣਦਾ ਹੈ ਕਿ ਸਭ ਤਰ੍ਹਾਂ ਦੀਆਂ ਵਡਿਆਈਆਂ ਪ੍ਰਮਾਤਮਾ ਦੇ ਕੀਤਿਆਂ ਹੋ ਰਹੀਆਂ ਨੇ।

ਮਨ ਮਹਿ ਆਪਿ ਮਨ ਅਪੁਨੇ ਮਾਹਿ ॥
ਨਾਨਕ ਕੀਮਤਿ ਕਹਨੁ ਨ ਜਾਇ ॥੭॥

ਜਦੋਂ ਮਨ 'ਚ ਆਪ ਰੱਬ ਵੱਸ ਜਾਵੇ ਤਾਂ ਮਨ ਅਪਣੇ ਅੰਦਰ ਆ ਟਿਕਦਾ ਹੈ; ਐਸਾ ਮਨ ਅਨਮੋਲ ਹੋ ਜਾਂਦਾ ਹੈ।

ਸਤਿ ਸਤਿ ਸਤਿ ਪ੍ਰਭੁ ਸੁਆਮੀ ॥
ਗੁਰ ਪਰਸਾਦਿ ਕਿਨੈ ਵਖਿਆਨੀ ॥

ਗੁਰੂ ਦੇ ਗਿਆਨ ਰਾਹੀਂ ਹਲੀਮੀ ਵਾਲ਼ਾ ਮਨ ਇੱਕ ਪਰਮਾਤਮਾ ਨੂੰ ਸਦਾ ਅਪਣੇ ਅੰਦਰ ਟਿਕਾਈ ਰੱਖਦਾ ਹੈ।

ਸਚੁ ਸਚੁ ਸਚੁ ਸਭੁ ਕੀਨਾ ॥
ਕੋਟਿ ਮਧੇ ਕਿਨੈ ਬਿਰਲੈ ਚੀਨਾ ॥

ਐਸਾ ਮਨ ਪਰਮਾਤਮਾ (ਸੱਚ) ਦੇ ਹੁਕਮ ਅਨੁਸਾਰ ਸਭ ਕੁੱਝ ਕਰਦਾ ਹੈ; ਉਹ ਕ੍ਰੋੜਾਂ 'ਚੋਂ ਇੱਕ (ਵਿਰਲਾ) ਬਣ ਜਾਂਦਾ ਹੈ।

ਭਲਾ ਭਲਾ ਭਲਾ ਤੇਰਾ ਰੂਪ ॥

ਅਤਿ ਸੁੰਦਰ ਅਪਾਰ ਅਨੂਪ ॥

ਪਰਮਾਤਮਾ ਦੇ ਹੁਕਮ ਨੂੰ ਮੰਨ ਕੇ ਅਪਣੇ ਅੰਦਰ ਉਸ ਨੂੰ ਭਾਉਂਦਾ ਬਹੁਤ ਹੀ ਭਲਾ ਤੇ ਸੋਹਣਾ (ਰੱਬੀ) ਰੂਪ ਬਣ ਜਾਂਦਾ ਹੈ

ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥

ਘਟਿ ਘਟਿ ਸੁਨੀ ਸ੍ਰਵਨ ਬਖ੍ਯ਼ਾਣੀ ॥

ਪ੍ਰਭੂ ਦੀ ਬਾਣੀ/ਹੁਕਮ ਮਨ ਨੂੰ ਨਿਰਮਲ/ਪਵਿੱਤਰ ਕਰਦੀ ਹੈ ਜਿਵੇਂ ਜਿਵੇਂ ਉਸ ਨੂੰ ਸੁਣ-ਮੰਨ ਕੇ ਅਮਲ 'ਚ ਲਿਆਇਆ ਜਾਂਦਾ ਹੈ।

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥

ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥

ਰੱਬੀ ਨਾਮ/ਗੁਣਾਂ ਨੂੰ ਪਿਆਰ ਨਾਲ਼ ਜਪ ਕੇ (ਜੀਵਨ 'ਚ ਉਤਾਰ ਕੇ) ਮਨ ਪਵਿੱਤਰ ਹੁੰਦਾ ਹੈ।

ਸਲੋਕੁ ॥

ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰ ॥

ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥੧॥

ਗੁਰੂ ਦੀ ਸ਼ਰਨ (ਗਿਆਨ ਨੂੰ ਸਮਰਪਤ) ਹੋ ਕੇ ਵਿਕਾਰਾਂ ਤੋਂ ਉੱਧਾਰ/ਛੁਟਕਾਰਾ ਹੁੰਦਾ ਹੈ। ਗੁਰੂ ਗਿਆਨ ਨੂੰ ਅਣਗੌਲਿਆਂ ਕਰਕੇ ਅਸੀਂ ਵਿਕਾਰਾਂ ਵਿੱਚ ਬਾਰ-ਬਾਰ ਜੰਮਦੇ-ਮਰਦੇ ਹਾਂ।

## ਅਸਟਪਦੀ ॥

**ਸੰਤ ਕੈ ਦੂਖਨਿ ਆਰਜਾ ਘਟੈ ॥**
**ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥**

ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਅਸੀਂ ਉਮਰ ਦਾ ਸਮਾਂ ਫਜ਼ੂਲ ਗੁਆਉਂਦੇ ਹਾਂ। ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਵਿਕਾਰਾਂ ਤੋਂ ਛੁਟਕਾਰਾ ਨਹੀਂ ਹੁੰਦਾ।

**ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥**
**ਸੰਤ ਕੈ ਦੂਖਨਿ ਨਰਕ ਮਹਿ ਪਾਇ ॥**

ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਸਾਰੇ ਸੁੱਖ ਖਤਮ ਹੋ ਜਾਂਦੇ ਨੇ। ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਸਦਾ ਨਰਕਾਂ 'ਚ ਪਏ ਰਹਿੰਦੇ ਹਾਂ।

**ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥**
**ਸੰਤ ਕੈ ਦੂਖਨਿ ਸੋਭਾ ਤੇ ਹੀਨ ॥**

ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਸਾਡੀ ਮੱਤ ਵਿਕਾਰਾਂ ਨਾਲ਼ ਮੈਲ਼ੀ ਹੋਈ ਰਹਿੰਦੀ ਹੈ। ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਸ਼ੋਭਾ/ਵਡਿਆਈ ਪ੍ਰਾਪਤ ਨਹੀਂ ਹੁੰਦੀ।

**ਸੰਤ ਕੇ ਹਤੇ ਕਉ ਰਖੈ ਨ ਕੋਇ ॥**
**ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥**

ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਨੂੰ ਹੋਰ ਕੋਈ ਨਹੀਂ ਬਚਾ ਸਕਦਾ। ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਸਾਡਾ ਮਨ (ਥਾਂ) ਵਿਕਾਰਾਂ 'ਚ ਭ੍ਰਿਸ਼ਟ ਹੋ ਜਾਂਦਾ ਹੈ।

**ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥**
**ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ ॥੧॥**

ਗੁਰੂ ਕਿਰਪਾਲ ਸਦਾ ਕਿਰਪਾ ਕਰਦਾ (ਗਿਆਨ ਦੇਂਦਾ) ਹੈ, ਜੇ ਉਸਦੀ ਕਿਰਪਾ ਲੈ ਕੇ ਮਨ ਗਿਆਨ ਦਾ ਸੰਗ ਕਰ ਲਵੇ ਤਾਂ ਨਿੰਦਕ/ਕੂੜਿਆਰ ਸੁਭਾਅ ਛੱਡ ਸਕਦਾ ਹੈ

**ਸੰਤ ਕੇ ਦੂਖਨ ਤੇ ਮੁਖੁ ਭਵੈ ॥**

**ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥**

ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਮੂੰਹ ਭਉਂ ਜਾਂਦਾ (ਧਿਆਨ ਵਿਕਾਰਾਂ ਵੱਲ ਹੋ ਜਾਂਦਾ) ਹੈ। ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਮਨ ਅੰਦਰ ਵਿਕਾਰਾਂ ਦੀ ਕਾਵਾਂਰੌਲ਼ੀ ਚੱਲਦੀ ਰਹਿੰਦੀ ਹੈ।

**ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥**

**ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥**

ਗੁਰੂ ਦਾ ਦੋਖੀ ਬਣਕੇ (ਬੇਮੁਖ ਹੋ ਕੇ) ਮਨ ਸੱਪ ਬਣਦਾ ਹੈ (ਈਰਖਾ/ਨਫਰਤ ਦੇ ਜ਼ਹਿਰ ਨਾਲ਼ ਭਰ ਜਾਂਦਾ ਹੈ)। ਗੁਰੂ ਦਾ ਦੋਖੀ ਬਣਕੇ (ਬੇਮੁਖ ਹੋ ਕੇ) ਮਨ ਅੰਦਰ ਵਿਕਾਰਾਂ ਦੇ ਕੀੜੇ ਪੈ ਜਾਂਦੇ ਨੇ।

**ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥**

**ਸੰਤ ਕੈ ਦੂਖਨਿ ਸਭੁ ਕੋ ਛਲੈ ॥**

ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਅਸੀਂ ਨਾ ਖਤਮ ਹੋਣ ਵਾਲ਼ੀਆਂ ਇੱਛਾਵਾਂ (ਤ੍ਰਿਸ਼ਨਾ) 'ਚ ਪਏ ਸੜਦੇ ਰਹਿੰਦੇ ਹਾਂ। ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਮਨ ਨੂੰ ਵਿਕਾਰ ਪੂਰੀ ਤਰ੍ਹਾਂ ਛਲ਼/ਫਸਾ ਲੈਂਦੇ ਨੇ।

**ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥**

**ਸੰਤ ਕੈ ਦੂਖਨਿ ਨੀਚੁ ਨੀਚਾਇ ॥**

ਗੁਰੂ ਦਾ ਦੋਖੀ ਬਣਕੇ (ਬੇਮੁਖ ਹੋ ਕੇ) ਮਨ ਅਪਣੀ ਸਾਰੀ ਤਾਕਤ ਵਿਕਾਰਾਂ ਹੱਥੀਂ ਗੁਆ ਲੈਂਦਾ ਹੈ। ਗੁਰੂ ਦੇ ਦੋਖੀ ਬਣਕੇ (ਬੇਮੁਖ ਹੋ ਕੇ) ਅਸੀਂ ਬੁਰਾਈਆਂ ਵਿੱਚ ਨੀਵੇਂ ਤੋਂ ਨੀਵੇਂ ਡਿੱਗਦੇ ਜਾਂਦੇ ਹਾਂ

ਸੰਤ ਦੋਖੀ ਕਾ ਥਾਉ ਕੋ ਨਾਹਿ ॥

ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥੨॥

ਗੁਰੂ ਦੇ ਦੋਖੀ/ਬੇਮੁਖ ਹੋਏ ਮਨ ਨੂੰ ਕਿਤੇ ਟਿਕਾਣਾ/ਸ਼ਾਂਤੀ ਨਹੀਂ ਮਿਲ਼ਦੀ। ਜਦ ਇਹ ਮਨ ਉਹ ਕਰੇ ਜੋ ਗੁਰੂ ਨੂੰ ਭਾਵੇ, ਤਾਂ ਉੱਚਾ ਉੱਠਦਾ ਹੈ

ਸੰਤ ਕਾ ਨਿੰਦਕੁ ਮਹਾ ਅਤਤਾਈ ॥

ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥

ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਮਨ ਸਦਾ ਅੱਤ ਚੁੱਕੀ ਰੱਖਦਾ ਹੈ, ਉਸ ਅੰਦਰ ਕਦੀ ਟਿਕਾਅ ਨਹੀਂ ਆਉਂਦਾ

ਸੰਤ ਕਾ ਨਿੰਦਕੁ ਮਹਾ ਹਤਿਆਰਾ ॥

ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥

ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਮਨ ਅਪਣੀ ਅੰਤਰ ਆਤਮਾ/ਜ਼ਮੀਰ ਦਾ ਕਾਤਲ ਬਣ ਜਾਂਦਾ ਹੈ, ਤੇ ਇੰਝ ਕਰਕੇ ਉਹ ਆਪ ਰੱਬ/ਚੰਗਿਆਈ ਵੱਲੋਂ ਮਰ ਜਾਂਦਾ ਹੈ

ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥

ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥

ਗੁਰੂ ਤੋਂ ਦੋਖੀ/ਬੇਮੁੱਖ ਹੋਏ ਮਨ ਦਾ ਖੁਦ 'ਤੇ ਰਾਜ/ਕਾਬੂ ਨਹੀਂ ਰਹਿੰਦਾ, ਤੇ ਵਿਕਾਰਾਂ ਦਾ ਗੁਲਾਮ ਬਣ ਕੇ ਸਦਾ ਦੁਖੀ ਰਹਿੰਦਾ ਹੈ

ਸੰਤ ਕੇ ਨਿੰਦਕ ਕਉ ਸਰਬ ਰੋਗ ॥

ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥

ਗੁਰੂ ਤੋਂ ਦੋਖੀ/ਬੇਮੁੱਖ ਹੋਏ ਮਨ ਨੂੰ ਸਾਰੇ ਰੋਗ (ਵਿਕਾਰ) ਲੱਗ ਜਾਂਦੇ ਨੇ, ਤੇ ਇਨ੍ਹਾਂ 'ਚ ਉਹ ਸਦਾ ਦੁਖ ਭੋਗਦਾ ਹੈ

ੴ

**ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥**

**ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥੩॥**

ਗੁਰੂ ਤੋਂ ਦੋਖੀ/ਬੇਮੁੱਖ ਹੋਣਾ ਅਪਣੇ ਆਪ 'ਚ ਵੱਡਾ ਵਿਕਾਰ ਹੈ, ਪਰ ਜੇ ਉਹ ਕਰੀਏ ਜੋ ਗੁਰੂ ਨੂੰ ਭਾਉਂਦਾ ਹੈ ਤਾਂ ਇਨ੍ਹਾਂ ਦੁੱਖਾਂ ਤੋਂ ਮੁਕਤੀ ਮਿਲ਼ਦੀ ਹੈ

**ਸੰਤ ਕਾ ਦੋਖੀ ਸਦਾ ਅਪਵਿਤੁ ॥**

**ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥**

ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਮਨ ਵਿਕਾਰਾਂ ਨਾ਼ਲ ਮੈ਼ਲਾ ਹੋਇਆ ਰਹਿੰਦਾ ਹੈ; ਉਸਦਾ ਕਿਸੇ ਗੁਣ/ਚੰਗਿਆਈ ਨਾ਼ਲ ਰਿਸ਼ਤਾ ਨਹੀਂ ਰਹਿੰਦਾ

**ਸੰਤ ਕੇ ਦੋਖੀ ਕਉ ਡਾਨੁ ਲਾਗੈ ॥**

**ਸੰਤ ਕੇ ਦੋਖੀ ਕਉ ਸਭ ਤਿਆਗੈ ॥**

ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਇਹ ਸਜਾ ਭੋਗਦਾ ਹੈ ਕਿ ਸਾਰੇ ਸੁੱਖ/ਸਾਂਤੀ ਉਸਦਾ ਸਾਥ ਛੱਡ ਜਾਂਦੇ ਨੇ

**ਸੰਤ ਕਾ ਦੋਖੀ ਮਹਾ ਅਹੰਕਾਰੀ ॥**

**ਸੰਤ ਕਾ ਦੋਖੀ ਸਦਾ ਬਿਕਾਰੀ ॥**

ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਮਨ ਅਪਣੇ ਹੰਕਾਰ ਦੇ ਭਾਰ ਥੱਲੇ ਹੋਰ ਵਿਕਾਰੀ ਹੁੰਦਾ ਜਾਂਦਾ ਹੈ

**ਸੰਤ ਕਾ ਦੋਖੀ ਜਨਮੈ ਮਰੈ ॥**

**ਸੰਤ ਕੀ ਦੂਖਨਾ ਸੁਖ ਤੇ ਟਰੈ ॥**

ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਮਨ ਵਿਕਾਰਾਂ 'ਚ ਜਨਮ/ਜੀਵਨ ਭਰ ਮਰਦਾ ਰਹਿੰਦਾ ਹੈ, ਤੇ ਕਦੀ ਸੁਖੀ ਨਹੀਂ ਹੁੰਦਾ

**ਸੰਤ ਕੇ ਦੋਖੀ ਕਉ ਨਾਹੀ ਠਾਉ ॥**

**ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥੪॥**

ਗੁਰੂ ਤੋਂ ਬੇਮੁੱਖ ਹੋਏ ਮਨ ਨੂੰ ਟਿਕਾਅ ਨਹੀਂ ਮਿਲ਼ਦਾ, ਪਰ ਜੇ ਉਹ ਕਰੇ ਜੋ ਗੁਰੂ ਨੂੰ ਭਾਉਂਦਾ ਹੈ ਤਾਂ ਪ੍ਰਭੂ ਨੂੰ ਮਿਲ਼ ਲੈਂਦਾ ਹੈ

**ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥**

**ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥**

ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਮਨ ਸਦਾ ਖਿੰਡਿਆ ਰਹਿੰਦਾ ਹੈ ਜਿਸ ਕਰਕੇ ਕਿਸੇ ਮੰਜ਼ਲ 'ਤੇ ਨਹੀਂ ਪੁੱਜਦਾ

**ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥**

**ਸੰਤ ਕਾ ਦੋਖੀ ਉਝੜਿ ਪਾਈਐ ॥**

ਗੁਰੂ ਤੋਂ ਬੇਮੁੱਖ ਹੋਏ ਮਨ ਨੂੰ ਵਿਕਾਰ ਅਗਿਆਨਤਾ ਦੇ ਜੰਗਲ 'ਚ ਭਰਮਾਈ ਰੱਖਦੇ ਨੇ; ਉਹ ਅਪਣੇ ਨਿੱਜ ਘਰ (ਅੰਤਰ-ਆਤਮੇ) ਤੋਂ ਉੱਜੜਿਆ ਰਹਿੰਦਾ ਹੈ

**ਸੰਤ ਕਾ ਦੋਖੀ ਅੰਤਰ ਤੇ ਥੋਥਾ ॥**

**ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥**

ਗੁਰੂ ਤੋਂ ਬੇਮੁੱਖ ਮਨ ਅੰਦਰੋਂ ਖੋਖਲਾ (ਨਿਗੁਣੀ) ਹੋ ਜਾਂਦਾ ਹੈ, ਜਿਵੇਂ ਸਾਹਾਂ ਤੋਂ ਖਾਲੀ ਲਾਸ਼ ਹੁੰਦੀ ਹੈ

**ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥**

**ਆਪਨ ਬੀਜਿ ਆਪੇ ਹੀ ਖਾਹਿ ॥**

ਗੁਰੂ ਤੋਂ ਦੋਖੀ/ਬੇਮੁੱਖ ਮਨ ਦੀ ਕੋਈ ਜੜ (ਜੀਵਨ-ਗੁਣਾਂ ਦਾ ਸ੍ਰੋਤ) ਨਹੀਂ ਰਹਿੰਦੀ; ਉਹ ਖੁਦ ਅੰਦਰ ਔਗੁਣ ਬੀਜਦਾ, ਤੇ ਓਹੀ ਖਾਂਦਾ ਹੈ

ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥

ਗੁਰੂ ਤੋਂ ਬੇਮੁੱਖ ਹੋਏ ਮਨ ਨੂੰ ਕੋਈ ਬਾਹਰੀ ਸਿਆਣਪ ਬਚਾ ਨਹੀਂ ਸਕਦੇ, ਪਰ ਜੇ ਉਹ ਕਰੇ ਜੋ ਗੁਰੂ ਨੂੰ ਭਾਉਂਦਾ ਹੈ ਤਾਂ ਵਿਕਾਰਾਂ 'ਚੋਂ ਨਿਕ਼ਲ ਸਕਦਾ ਹੈ

ਸੰਤ ਕਾ ਦੋਖੀ ਇਉ ਬਿਲਲਾਇ ॥
ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥

ਜਿਵੇਂ ਮੱਛੀ ਪਾਣੀ ਤੋਂ ਬਿਨਾਂ ਤੜਫਦੀ ਹੈ, ਗੁਰੂ ਤੋਂ ਦੋਖੀ/ਬੇਮੁੱਖ ਹੋਇਆ ਮਨ ਸਦਾ ਝੂਰਦਾ ਰਹਿੰਦਾ ਹੈ

ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥

ਜਿਵੇਂ ਅੱਗ ਬਾਲਣ ਨਾ਼ਲ ਨਹੀਂ ਰੱਜਦੀ, ਗੁਰੂ ਤੋਂ ਬੇਮੁੱਖ ਮਨ ਦੀ ਭੁੱਖ/ਤ੍ਰਿਸ਼ਨਾ ਮੁੱਕਦੀ ਨਹੀਂ

ਸੰਤ ਕਾ ਦੋਖੀ ਛੁਟੈ ਇਕੇਲਾ ॥
ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥

ਜਿਵੇਂ ਸੜਿਆ ਹੋਇਆ ਤਿ਼ਲ ਦਾ ਬੂਟਾ ਖੇਤ 'ਚ ਹੀ ਛੱਡ ਦਿੱਤਾ ਜਾਂਦਾ ਹੈ, ਵਿਕਾਰਾਂ 'ਚ ਸੜਿਆ ਬੇਮੁੱਖ ਮਨ ਇਕੱਲਾ ਰਹਿ ਜਾਂਦਾ ਹੈ

ਸੰਤ ਕਾ ਦੋਖੀ ਧਰਮ ਤੇ ਰਹਤ ॥
ਸੰਤ ਕਾ ਦੋਖੀ ਸਦ ਮਿਥਿਆ ਕਹਤ ॥

ਗੁਰੂ ਤੋਂ ਬੇਮੁੱਖ ਮਨ ਧਰਮ/ਸਚਿਆਰਤਾ ਤੋਂ ਸੱਖਣਾ ਰਹਿੰਦਾ ਹੈ, ਤੇ ਸਦਾ ਝੂਠ 'ਚ ਹੀ ਜੀਉਂਦਾ ਹੈ

**ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥**

**ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥**

ਬੇਮੁੱਖ ਮਨ ਦੇ ਕਰਮ ਉਸਦੇ ਧੁਰ ਅੰਦਰ ਉੱਤਰਦੇ ਜਾਂਦੇ ਨੇ; ਬੁਰੇ ਕਰਮਾਂ ਨਾਲ਼ ਭਾਉ/ਪ੍ਰੇਮ ਹੋਣ ਕਰਕੇ ਉਹ ਵੀ ਬੁਰਾ ਹੀ ਬਣ ਜਾਂਦਾ ਹੈ

**ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥**

**ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥**

ਗੁਰੂ ਤੋਂ ਬੇਮੁੱਖ ਹੋਇਆ ਮਨ ਕੁਰੂਪ/ਭੈੜਾ ਹੋ ਜਾਂਦਾ ਹੈ; ਉਸਨੂੰ ਅੰਦਰ ਵੱਸਦੇ ਰੱਬ ਦੀ ਕਚਹਿਰੀ 'ਚ ਸਦਾ ਸਜਾ ਨਸੀਬ ਹੁੰਦੀ ਹੈ

**ਸੰਤ ਕਾ ਦੋਖੀ ਸਦਾ ਸਹਕਾਈਐ ॥**

**ਸੰਤ ਕਾ ਦੋਖੀ ਨ ਮਰੈ ਨ ਜੀਵਾਈਐ ॥**

ਗੁਰੂ ਤੋਂ ਬੇਮੁੱਖ ਹੋਇਆ ਮਨ ਸਦਾ ਸਹਿਕਦਾ/ਦੁਖੀ ਰਹਿੰਦਾ ਹੈ; ਇਨ੍ਹਾਂ ਵਿਕਾਰਾਂ ਕਰਕੇ ਨਾ ਸੁਖੀ ਜੀ ਪਾਉਂਦਾ ਹੈ, ਨਾ ਇਨ੍ਹਾਂ ਤੋਂ ਛੁੱਟਣ ਲਈ ਮਰ ਪਾਉਂਦਾ ਹੈ

**ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥**

**ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥**

ਗੁਰੂ ਤੋਂ ਦੋਖੀ/ਬੇਮੁੱਖ ਹੋਏ ਮਨ ਦੀ (ਅਨੰਦ 'ਚ ਜੀਊਣ ਦੀ) ਆਸ ਪੂਰੀ ਨਹੀਂ ਹੁੰਦੀ; ਨਿਰਾਸ਼ਾ 'ਚ ਹੀ ਜੀਵਨ ਗੁਜ਼ਾਰ ਜਾਂਦਾ ਹੈ

**ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥**

**ਜੈਸਾ ਭਾਵੈ ਤੈਸਾ ਕੋਈ ਹੋਇ ॥**

ਗੁਰੂ ਤੋਂ ਬੇਮੁੱਖ ਹੋ ਕੇ ਕਦੀ ਸੰਤੋਖ ਨਹੀਂ ਆਉਂਦਾ; ਉਹ ਮਨ ਜਿਨ੍ਹਾਂ ਵਿਕਾਰਾਂ ਨੂੰ ਪਸੰਦ ਕਰਦਾ ਹੈ ਓਹੋ ਜਿਹਾ ਹੋਈ ਜਾਂਦਾ ਹੈ

ਪਇਆ ਕਿਰਤੁ   ਨ ਮੇਟੈ ਕੋਇ ॥

ਨਾਨਕ   ਜਾਨੈ ਸਚਾ ਸੋਇ ॥੭॥

ਵਿਕਾਰਾਂ 'ਚ ਕੀਤੇ ਕਰਮਾਂ ਦਾ ਫ਼ਲ ਨਹੀਂ ਮਿਟਦਾ, ਤੇ ਨਾ ਹੀ ਇਹ ਕਰਮ ਸੱਚੇ ਪਰਮਾਤਮਾ ਤੋਂ ਲੁਕਦੇ ਨੇ

ਸਭ ਘਟ ਤਿਸ ਕੇ   ਓਹੁ ਕਰਨੈਹਾਰੁ ॥

ਸਦਾ ਸਦਾ   ਤਿਸ ਕਉ ਨਮਸਕਾਰੁ ॥

ਸਾਰਿਆਂ ਦੇ ਦਿਲ/ਜੀਵਨ ਰੱਬ ਦੇ ਹੀ ਨੇ, ਓਸੇ ਦੇ ਬਣਾਏ ਹੋਏ ਹਾਂ; ਸਦਾ ਪ੍ਰਭੂ ਨੂੰ ਨਮਸਕਾਰ ਕਰੀਏ

ਪ੍ਰਭ ਕੀ ਉਸਤਤਿ   ਕਰਹੁ ਦਿਨੁ ਰਾਤਿ ॥

ਤਿਸਹਿ ਧਿਆਵਹੁ   ਸਾਸਿ ਗਿਰਾਸਿ ॥

ਰਾਤ ਦਿਨ ਪਰਮਾਤਮਾ ਦੀ ਉਸਤਤ/ਸ਼ੁਕਰਾਨਾ ਕਰੀਏ; ਹਰ ਸਾਹ ਉਸ ਵੱਲ ਧਿਆਨ ਕਰੀਏ

ਸਭੁ ਕਛੁ ਵਰਤੈ   ਤਿਸ ਕਾ ਕੀਆ ॥

ਜੈਸਾ ਕਰੇ   ਤੈਸਾ ਕੋ ਥੀਆ ॥

ਸਭ ਕੁੱਝ ਪ੍ਰਭੂ ਦਾ ਕੀਤਾ/ਬਣਾਇਆ ਹੀ ਹੁੰਦਾ ਹੈ; ਉਸਦੇ ਹੁਕਮ 'ਚ ਹੀ ਅਸੀਂ ਉਹ ਬਣਦੇ ਹਾਂ ਜੈਸਾ ਉਹ ਬਣਾਉਣਾ ਚਾਹੁੰਦਾ ਹੈ

ਅਪਨਾ ਖੇਲੁ   ਆਪਿ ਕਰਨੈਹਾਰੁ ॥

ਦੂਸਰ ਕਉਨੁ   ਕਹੈ ਬੀਚਾਰੁ ॥

ਇਹ ਜੀਵਨ ਪਰਮਾਤਮਾ ਦੀ ਰਚਨਾ/ਖੇਡ ਹੈ, ਉਸਨੇ ਆਪ ਰਚਿਆ ਹੈ, ਹੋਰ ਕੋਈ ਦੂਜਾ ਨਹੀਂ

ਜਿਸ ਨੋ ਕ੍ਰਿਪਾ ਕਰੈ ਤਿਸੁ ਆਪਨ ਨਾਮੁ ਦੇਇ ॥

ਬਡਭਾਗੀ ਨਾਨਕ ਜਨ ਸੇਇ ॥੮॥੧੩॥

ਉਸਦਾ ਬਖਸ਼ਿਆ ਜੀਵਨ ਹੀ ਹੈ ਜਿਸ 'ਤੇ ਕਿਰਪਾ ਕਰਕੇ ਉਹ ਅਪਣਾ ਹੁਕਮ/ਨਾਮ ਦੇਂਦਾ ਹੈ; ਵੱਡੇ ਭਾਗ ਨੇ ਜੋ ਉਸ ਹੁਕਮ 'ਚ ਜੀਊਂਦੇ ਨੇ।

ਸਲੋਕੁ ॥

ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥

ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥

ਭਲਿਆ ਬੰਦਿਆ! ਏ ਬਾਹਰੀ ਸਿਆਣਪਾਂ/ਚਲਾਕੀਆਂ ਛੱਡ, ਤੇ ਪਰਮਾਤਮਾ ਨੂੰ ਸਿਮਰ (ਚੇਤੇ ਰੱਖ)। ਅਪਣੇ ਮਨ ਅੰਦਰ ਇੱਕ ਪਰਮਾਤਮਾ ਦੀ ਆਸ ਰੱਖ, ਤਾਂ ਤੇਰੇ ਸਾਰੇ ਦੁੱਖ-ਭਰਮ-ਡਰ ਮੁੱਕ ਜਾਣ।

ਅਸਟਪਦੀ ॥

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥

ਦੇਵਨ ਕਉ ਏਕੈ ਭਗਵਾਨੁ ॥

ਮੇਰੇ ਮਨਾ! ਬਾਹਰੋਂ ਕਿਸੇ ਹੋਰ ਮਨੁੱਖ ਤੋਂ ਸੁੱਖ ਦੀ ਆਸ ਕਰਨਾ ਵਿਅਰਥ ਹੈ; ਸੁੱਖ ਦੇਣ ਵਾਲ਼ਾ ਇੱਕ ਪ੍ਰਭੂ ਹੈ (ਜੋ ਸਦਾ ਨਾਲ਼ ਹੈ)।

ਜਿਸ ਕੈ ਦੀਐ ਰਹੈ ਅਘਾਇ ॥

ਬਹੁਰਿ ਨ ਤ੍ਰਿਸਨਾ ਲਾਗੈ ਆਇ ॥

ਪਰਮਾਤਮਾ ਵੱਲੋਂ ਮਿਲੀਆਂ ਬਖਸ਼ਿਸ਼ਾਂ 'ਚ ਸੰਤੋਖ ਹੁੰਦਾ ਹੈ, ਤੇ ਫਿਰ ਤ੍ਰਿਸ਼ਨਾ ਨਹੀਂ ਰਹਿੰਦੀ।

**ਮਾਰੈ ਰਾਖੈ ਏਕੋ ਆਪਿ ॥**

**ਮਾਨੁਖ ਕੈ ਕਿਛੁ ਨਾਹੀ ਹਾਥਿ ॥**

ਰੱਬੀ ਹੁਕਮ ਤੇਰੇ ਅੰਦਰੋਂ ਵਿਕਾਰਾਂ ਨੂੰ ਮਾਰ ਕੇ ਤੇਰੀ ਰੱਖਿਆ ਕਰਦਾ ਹੈ, ਇਹ ਕੰਮ ਕਿਸੇ ਮਨੁੱਖ ਦੇ ਹੱਥ-ਵੱਸ ਨਹੀਂ।

**ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥**

**ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥**

ਉਸ ਰੱਬੀ ਹੁਕਮ ਨੂੰ ਸਮਝ/ਮੰਨ ਲਵੇਂ ਤਾਂ ਸੁੱਖ ਹੁੰਦਾ ਹੈ; ਰੱਬੀ ਨਾਮ/ਹੁਕਮ ਵਿੱਚ ਖੁਦ ਨੂੰ ਪਰੋਈ ਰੱਖ।

**ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥**

**ਨਾਨਕ ਬਿਘਨੁ ਨ ਲਾਗੈ ਕੋਇ ॥੧॥**

ਪਰਮਾਤਮਾ ਨੂੰ ਸਦਾ ਚੇਤੇ ਰੱਖ, ਫਿਰ (ਅੰਦਰੋਂ ਸੁਖੀ ਹੋਣ 'ਚ) ਵਿਕਾਰਾਂ ਵਾਲ਼ੇ ਵਿਘਨ/ਰੁਕਾਵਟਾਂ ਨਹੀਂ ਆਉਂਦੇ।

**ਉਸਤਤਿ ਮਨ ਮਹਿ ਕਰਿ ਨਿਰੰਕਾਰ ॥**

**ਕਰਿ ਮਨ ਮੇਰੇ ਸਤਿ ਬਿਉਹਾਰ ॥**

ਮਨ ਅੰਦਰ ਸਦਾ ਪਰਮਾਤਮਾ ਦੀ ਉਸਤਤ/ਸ਼ੁਕਰਾਨਾ ਕਰ, ਮੇਰੇ ਮਨਾ! ਸਦਾ ਚੰਗਾ ਵਿਹਾਰ ਕਰ।

**ਨਿਰਮਲ ਰਸਨਾ ਅੰਮ੍ਰਿਤੁ ਪੀਉ ॥**

**ਸਦਾ ਸੁਹੇਲਾ ਕਰਿ ਲੇਹਿ ਜੀਉ ॥**

ਰੱਬੀ ਸ਼ੁਕਰਾਨੇ ਦੇ ਅੰਮ੍ਰਿਤ ਨਾਲ਼ ਰਸਨਾ ਨਿਰਮਲ/ਪਵਿੱਤਰ ਹੁੰਦੀ ਹੈ, ਤੇ ਚਿੱਤ ਸੁਹੇਲਾ/ਸ਼ਾਂਤ ਹੁੰਦਾ ਹੈ।

ੴ

**ਨੈਨਹੁ ਪੇਖੁ ਠਾਕੁਰ ਕਾ ਰੰਗੁ ॥**

**ਸਾਧ ਸੰਗਿ ਬਿਨਸੈ ਸਭ ਸੰਗੁ ॥**

ਗੁਰੂ ਦੇ ਗਿਆਨ ਨਾਲ਼ ਰੱਬੀ ਹੁਕਮ ਦਾ ਐਸਾ ਰੰਗ ਅੱਖਾਂ 'ਤੇ ਚੜ੍ਹ ਜਾਵੇ ਕਿ ਅੱਖਾਂ ਵਿਕਾਰਾਂ/ਬੁਰਾਈਆਂ ਦਾ ਸਾਥ ਛੱਡ ਦੇਣ।

**ਚਰਨ ਚਲਉ ਮਾਰਗਿ ਗੋਬਿੰਦ ॥**

**ਮਿਟਹਿ ਪਾਪ ਜਪੀਐ ਹਰਿ ਬਿੰਦ ॥**

ਹਰ ਪਲ ਪ੍ਰਭੁ ਵੱਲ ਧਿਆਨ ਹੋਵੇ ਤਾਂ ਅੰਦਰੋਂ ਪਾਪ/ਵਿਕਾਰ ਮਿਟ ਜਾਣ, ਤੇ ਕਦਮ ਰੱਬੀ ਹੁਕਮ ਨੂੰ ਮੰਨਣ ਵੱਲ ਚੱਲਣ।

**ਕਰ ਹਰਿ ਕਰਮ ਸ੍ਰਵਨਿ ਹਰਿ ਕਥਾ ॥**

**ਹਰਿ ਦਰਗਹ ਨਾਨਕ ਊਜਲ ਮਥਾ ॥੨॥**

ਓਦੋਂ ਮੁੱਖ ਉੱਜਲਾ (ਧਰਮੀ) ਹੁੰਦਾ ਹੈ ਜਦੋਂ ਰੱਬੀ ਨੂੰ ਸੁਣ/ਮੰਨ ਕੇ ਹੱਥ ਉਸ ਅਨੁਸਾਰ ਕਰਮ ਕਰਨ।

**ਬਡਭਾਗੀ ਤੇ ਜਨ ਜਗ ਮਾਹਿ ॥**

**ਸਦਾ ਸਦਾ ਹਰਿ ਕੇ ਗੁਨ ਗਾਹਿ ॥**

ਜੋ ਸਦਾ ਰੱਬੀ ਗੁਣਾਂ ਨੂੰ ਗਾਉਂਦੇ (ਜੀਵਨ 'ਚ ਧਾਰਣ ਕਰਦੇ) ਨੇ ਉਹ ਜੀਵਨ 'ਚ ਵੱਡੇ ਭਾਗਾਂ ਵਾਲ਼ੇ ਨੇ।

**ਰਾਮ ਨਾਮ ਜੋ ਕਰਹਿ ਬੀਚਾਰ ॥**

**ਸੇ ਧਨਵੰਤ ਗਨੀ ਸੰਸਾਰ ॥**

ਉਹ ਅਸਲ ਅਮੀਰ ਨੇ ਜੋ ਰੱਬੀ ਨਾਮ/ਗੁਣਾਂ ਨੂੰ ਵਿਚਾਰਦੇ (ਦ੍ਰਿੜ੍ਹ ਕਰਦੇ) ਨੇ।

ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥
ਸਦਾ ਸਦਾ ਜਾਨਹੁ ਤੇ ਸੁਖੀ ॥

ਜੋ ਮਨ-ਤਨ (ਵਿਚਾਰ ਤੇ ਵਿਹਾਰ) ਵਿੱਚ ਰੱਬੀ ਨਾਮ/ਗੁਣਾਂ ਨੂੰ ਬੋਲਦੇ (ਢਾਲ਼ਦੇ) ਨੇ, ਉਹ ਸਦਾ ਸੁਖੀ ਰਹਿੰਦੇ ਨੇ।

ਏਕੋ ਏਕੁ ਏਕੁ ਪਛਾਨੈ ॥
ਇਤ ਉਤ ਕੀ ਓਹੁ ਸੋਝੀ ਜਾਨੈ ॥

ਜੋ ਹਰ ਥਾਂ, ਹਰ ਸਮੇਂ, ਸਭ 'ਚ ਇੱਕ ਪਰਮਾਤਮਾ ਨੂੰ ਪਛਾਣਦੇ ਨੇ, ਉਨ੍ਹਾ ਨੂੰ ਅੰਦਰੋਂ ਬਾਹਰ ਤੱਕ ਪ੍ਰਭੂ ਦੀ ਸੋਝੀ ਹੁੰਦੀ ਹੈ।

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥

ਜਿਨ੍ਹਾਂ ਦਾ ਮਨ ਰੱਬੀ ਗੁਣਾਂ 'ਚ ਮੰਨ/ਰਚ ਗਿਆ, ਉਨ੍ਹਾਂ ਨੇ ਨਿਰੰਜਨ ਪ੍ਰਭੂ ਨੂੰ ਜਾਣਿਆ ਹੈ।

ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥
ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥

ਗੁਰੂ ਦੀ ਕਿਰਪਾ/ਗਿਆਨ ਨਾ਼ਲ ਅਪਣੇ ਆਪ ਦੀ ਸਮਝ ਪੈਂਦੀ ਹੈ, ਫਿਰ ਹੀ ਅੰਦਰੋਂ ਤ੍ਰਿਸ਼ਨਾ ਮੁੱਕਦੀ ਹੈ।

ਸਾਧ ਸੰਗਿ ਹਰਿ ਹਰਿ ਜਸੁ ਕਹਤ ॥
ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥

ਗੁਰੂ ਦੇ ਸੰਗ/ਗਿਆਨ ਵਿੱਚ ਰੱਬੀ ਗੁਣਾਂ ਨੂੰ ਕਹੀਏ (ਜੀਵਨ 'ਚ ਉਤਾਰੀਏ) ਤਾਂ ਸਾਰੇ ਰੋਗ/ਵਿਕਾਰਾਂ ਤੋਂ ਮੁਕਤ ਹੋ ਜਾਈਦਾ ਹੈ।

ਅਨਦਿਨੁ ਕੀਰਤਨੁ ਕੇਵਲ ਬਖ੍ਯ਼ਾਨੁ ॥
ਗ੍ਰਿਹਸਤ ਮਹਿ ਸੋਈ ਨਿਰਬਾਨੁ ॥

ਰਾਤ ਦਿਨ ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰਨ ਵਾਲ਼ੇ ਹੀ ਘਰ/ਸੰਸਾਰ 'ਚ ਰਹਿੰਦੇ ਹੋਏ ਵੀ ਮੁਕਤ ਹੁੰਦੇ ਨੇ।

ਏਕ ਊਪਰਿ ਜਿਸੁ ਜਨ ਕੀ ਆਸਾ ॥
ਤਿਸ ਕੀ ਕਟੀਐ ਜਮ ਕੀ ਫਾਸਾ ॥

ਜੋ ਇੱਕ ਪਰਮੇਸ਼ਰ 'ਤੇ ਅਪਣੀ ਆਸ ਰੱਖਦਾ ਹੈ, ਉਹ ਵਿਕਾਰਾਂ ਦੇ ਜਮਾਂ ਦੇ ਫਾਹੇ ਤੋਂ ਮੁਕਤ ਹੁੰਦਾ ਹੈ।

ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥
ਨਾਨਕ ਤਿਸਹਿ ਨ ਲਾਗਹਿ ਦੂਖ ॥੪॥

ਜਿਸ ਮਨ ਅੰਦਰ ਰੱਬੀ ਗੁਣਾਂ ਦੀ ਭੁੱਖ ਰਹਿੰਦੀ ਹੈ, ਉਹ ਤ੍ਰਿਸ਼ਨਾ ਦੇ ਦੁੱਖ ਤੋਂ ਬਚਿਆ ਰਹਿੰਦਾ ਹੈ।

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥
ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥

ਜਿਸਦੇ ਮਨ-ਚਿੱਤ 'ਚ ਪਰਮਾਤਮਾ ਹੈ, ਓਹੀ ਭਲੇ ਗੁਣਾਂ ਵਾਲ਼ਾ ਕਦੀ ਡੋਲਦਾ ਨਹੀਂ (ਵਿਕਾਰਾਂ ਵੱਲ ਨਹੀਂ ਜਾਂਦਾ)।

ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥
ਸੋ ਸੇਵਕੁ ਕਹੁ ਕਿਸ ਤੇ ਡਰੈ ॥

ਜੋ (ਰੱਬੀ ਹੁਕਮ ਨੂੰ ਮੰਨ ਕੇ) ਪਰਮਾਤਮਾ ਦੀ ਕਿਰਪਾ ਲੈ ਰਿਹਾ ਹੈ, ਉਸ ਕਿਸੇ (ਵੀ ਹਾਲ 'ਚ) ਡਰ-ਫਿਕਰ 'ਚ ਨਹੀਂ ਪੈਂਦਾ।

**ਜੈਸਾ ਸਾ ਤੈਸਾ ਦ੍ਰਿਸਟਾਇਆ ॥**

**ਅਪੁਨੇ ਕਾਰਜ ਮਹਿ ਆਪਿ ਸਮਾਇਆ ॥**

ਰੱਬ ਦਾ ਸੇਵਕ (ਹੁਕਮ 'ਚ ਜੀਉਣ ਵਾਲ਼ਾ) ਜੈਸਾ ਅੰਦਰੋਂ ਗੁਣੀ ਹੈ, ਓਦਾਂ ਹੀ ਪਰਗਟ ਹੁੰਦਾ ਹੈ (ਅੰਦਰੋਂ ਹੋਰ, ਬਾਹਰੋਂ ਹੋਰ ਨਹੀਂ ਹੁੰਦਾ); ਉਹ ਸਦਾ ਅਪਣੇ ਕਾਰਜ (ਰੱਬੀ ਹੁਕਮ ਨੂੰ ਮੰਨਣ) 'ਚ ਸਮਾਇਆ ਰਹਿੰਦਾ ਹੈ।

**ਸੋਧਤ ਸੋਧਤ ਸੋਧਤ ਸੀਝਿਆ ॥**

**ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥**

ਅਪਣੇ ਆਪ ਨੂੰ ਗੁਰੂ ਦੇ ਪ੍ਰਸਾਦ/ਗਿਆਨ 'ਚ ਮਨ ਨੂੰ ਸੋਧ-ਸੋਧ (ਨਿਖਾਰ) ਕੇ ਤੱਤ/ਮੂਲ (ਪਰਮਾਤਮਾ) ਨੂੰ ਪਛਾਨਣ ਵਿੱਚ ਸਫਲ ਹੁੰਦਾ ਹੈ।

**ਜਬ ਦੇਖਉ ਤਬ ਸਭੁ ਕਿਛੁ ਮੂਲੁ ॥**

**ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥**

ਹੁਣ ਜਿਧਰ ਵੀ ਦੇਖੀਏ - ਛੋਟੇ ਤੋਂ ਛੋਟੇ, ਵੱਡੇ ਤੋਂ ਵੱਡੇ - ਸਭ ਪਰਮਾਤਮਾ ਹੀ ਦਿਸਦਾ (ਸਮਝ ਆਉਂਦਾ) ਹੈ।

**ਨਹ ਕਿਛੁ ਜਨਮੈ ਨਹ ਕਿਛੁ ਮਰੈ ॥**

**ਆਪਨ ਚਲਿਤੁ ਆਪ ਹੀ ਕਰੈ ॥**

ਮੇਰੇ ਮਨਾ! ਜੇ ਤੂੰ ਚਾਹੁੰਦਾ ਹੈ ਕਿ ਅੰਦਰੋਂ ਨਿੱਤ ਦਾ ਜਨਮ-ਮਰਨ ਮੁੱਕ ਜਾਏ, ਤਾਂ (ਨਿਸ਼ਚਿਤ ਕਰ) ਕਿ ਤੇਰੇ ਸਾਰੇ ਕਰਮ ਰੱਬੀ ਹੁਕਮ ਅਨੁਸਾਰ ਹੋਣ।

**ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥**

**ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥**

ਤੇਰੇ ਆਉਂਦੇ ਜਾਂਦੇ (ਸਦਾ ਚੱਲਦੇ), ਦਿਸਦੇ ਤੇ ਲੁਕੇ ਹੋ ਸਭ ਵਿਚਾਰਾਂ/ਖਿਆਲਾਂ ਦੀ ਦੁਨੀਆਂ ਰੱਬੀ ਹੁਕਮ ਦੇ ਆਗਿਆਕਾਰ ਹੋ ਜਾਵੇ।

**ਆਪੇ ਆਪਿ ਸਗਲ ਮਹਿ ਆਪਿ ॥**

**ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥**

ਤੂੰ ਅਪਣੇ ਆਪ ਵਿੱਚ , ਤੇ ਸਾਰਿਆਂ 'ਚ ਜਾਣ ਲਵੇਂ ਕਿ ਪ੍ਰਭੂ ਆਪ ਅਨੇਕਾਂ ਤਰ੍ਹਾਂ ਨਾਲ਼ ਘਾੜਤ ਘੜ ਰਿਹਾ ਹੈ।

**ਅਬਿਨਾਸੀ ਨਾਹੀ ਕਿਛੁ ਖੰਡ ॥**

**ਧਾਰਣ ਧਾਰਿ ਰਹਿਓ ਬ੍ਰਹਮੰਡ ॥**

ਅਬਿਨਾਸੀ ਪ੍ਰਭੂ ਨੂੰ ਹਿਰਦੇ 'ਚ ਧਾਰਣ ਕਰਨ ਨਾਲ਼ ਤੇਰਾ ਵੀ (ਅੰਦਰੋਂ) ਨਾਸ਼ ਨਹੀਂ ਹੁੰਦਾ, ਤੇ ਤੂੰ ਬ੍ਰਹਿਮੰਡ ਵਾਂਗ ਵਿਸ਼ਾਲ ਹੁੰਦਾ ਹੈ।

**ਅਲਖ ਅਭੇਵ ਪੁਰਖ ਪਰਤਾਪ ॥**

**ਆਪਿ ਜਪਾਏ ਤ ਨਾਨਕ ਜਾਪ ॥੬॥**

ਮਨਾ! ਜਿਸਦੇ ਪਰਤਾਪ ਨੂੰ ਤੂੰ ਅਜੇ ਜਾਣਿਆ-ਸਮਝਿਆ ਨਹੀਂ ਹੈ, ਉਸਦੀ ਪਛਾਣ (ਜਾਪਣਾ) ਓਦੋਂ ਹੋਵੇਗੀ ਜਦ ਰੱਬੀ ਹੁਕਮ ਨੂੰ ਆਪ ਜਪੇਂਗਾ (ਜੀਵਨ 'ਚ ਉਤਾਰੇਂਗਾ)

**ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥**

**ਸਗਲ ਸੰਸਾਰੁ ਉਧਰੈ ਤਿਨ ਮੰਤ ॥**

ਜੋ ਪਰਮਾਤਮਾ ਨੂੰ ਜਾਣ ਲੈਂਦੇ ਨੇ ਉਹ ਸ਼ੋਭਾ ਵਾਲ਼ੇ ਨੇ; ਉਨ੍ਹਾਂ ਦੇ ਅੰਦਰ ਦਾ ਸਾਰਾ ਸੰਸਾਰ (ਸੁਰਤ-ਮੱਤ-ਮਨ) ਉਨ੍ਹਾਂ ਦੇ ਇਸ ਮੰਤਰ/ਗਿਆਨ ਨਾਲ਼ ਤਰ ਜਾਂਦਾ ਹੈ।

**ਪ੍ਰਭ ਕੇ ਸੇਵਕ ਸਗਲ ਉਧਾਰਨ ॥**

**ਪ੍ਰਭ ਕੇ ਸੇਵਕ ਦੂਖ ਬਿਸਾਰਨ ॥**

ਪਰਮਾਤਮਾ ਦੇ ਸੇਵਕ/ਜਾਣਕਾਰ ਹਰ ਤਰ੍ਹਾਂ ਨਾਲ਼ ਮੁਕਤ ਹੁੰਦਾ ਹੈ, ਤੇ ਉਸਦੇ ਦੁੱਖ ਮੁੱਕਦੇ ਨੇ।

**ਆਪੇ ਮੇਲਿ ਲਏ ਕਿਰਪਾਲ ॥**

**ਗੁਰ ਕਾ ਸਬਦੁ ਜਪਿ ਭਏ ਨਿਹਾਲ ॥**

ਗੁਰੂ ਦੇ ਸ਼ਬਦ/ਗਿਆਨ ਦੁਆਰਾ ਅਪਣੇ ਅੰਦਰ ਪਰਮਾਤਮਾ ਨਾਲ਼ ਮਿਲ਼ ਕੇ ਨਿਹਾਲ ਰਹਿੰਦਾ ਹੈ।

**ਉਨ ਕੀ ਸੇਵਾ ਸੋਈ ਲਾਗੈ ॥**

**ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥**

ਰੱਬੀ ਹੁਕਮ ਦੀ ਸੇਵਾ (ਹੁਕਮ ਨੂੰ ਸਿਰ ਮੱਥੇ ਮੰਨਣ) ਲੱਗਣਾ ਹੀ ਰੱਬੀ ਕਿਰਪਾ ਤੇ ਵੱਡੇ ਭਾਗ ਹੁੰਦੇ ਨੇ।

**ਨਾਮੁ ਜਪਤ ਪਾਵਹਿ ਬਿਸ੍ਰਾਮੁ ॥**

**ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥**

ਰੱਬੀ ਨਾਮ/ਹੁਕਮ ਨੂੰ ਜਪ (ਅਮਲ 'ਚ ਲਿਆ) ਕੇ ਮਨ ਟਿਕਦਾ ਹੈ; ਐਸਾ ਕਰਨ ਵਾਲ਼ੇ ਉੱਤਮ ਮਨੁੱਖ ਹੁੰਦੇ ਨੇ।

**ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥**

**ਸਦਾ ਸਦਾ ਬਸੈ ਹਰਿ ਸੰਗਿ ॥**

ਹੁਕਮ ਨੂੰ ਮੰਨਣ ਵਾਲ਼ੇ ਰੱਬੀ ਰੰਗ 'ਚ ਸਭ ਕੁੱਝ ਕਰਦੇ ਨੇ, ਤੇ ਸਦਾ ਪਰਮਾਤਮਾ ਦੇ ਨਾਲ਼ ਰਹਿੰਦੇ ਨੇ (ਕਦੀ ਭੁੱਲਦੇ ਨਹੀਂ)।

**ਸਹਜ ਸੁਭਾਇ ਹੋਵੈ ਸੋ ਹੋਇ ॥**

**ਕਰਣੈਹਾਰੁ ਪਛਾਣੈ ਸੋਇ ॥**

ਸਹਿਜ ਸੁਭਾਅ ਉਹ ਓਹੀ ਸਭ ਕਰਦੇ ਨੇ ਜੋ ਉਸਦਾ ਹੁਕਮ ਹੈ; ਉਨ੍ਹਾਂ ਨੇ ਇਸ ਤਰ੍ਹਾਂ ਰੱਬ ਨੂੰ ਜਾਣਿਆ ਹੈ।

ਪ੍ਰਭ ਕਾ ਕੀਆ  ਜਨ ਮੀਠ ਲਗਾਨਾ ॥
ਜੈਸਾ ਸਾ  ਤੈਸਾ ਦ੍ਰਿਸਟਾਨਾ ॥

ਜੋ ਪ੍ਰਭੂ ਦੇ ਹੁਕਮ ਨੂੰ ਮਿੱਠਾ/ਭਲਾ ਮੰਨਦੇ ਨੇ, ਉਹ ਓਹੋ ਜਿਹੇ ਹੀ ਹੋ ਜਾਂਦੇ ਨੇ ਜੈਸਾ ਮਾਲਕ ਪ੍ਰਭੂ ਆਪ ਹੈ।

ਜਿਸ ਤੇ ਉਪਜੇ  ਤਿਸੁ ਮਾਹਿ ਸਮਾਏ ॥
ਓਇ ਸੁਖ ਨਿਧਾਨ  ਉਨਹੂ ਬਨਿ ਆਏ ॥

ਜਿਸ ਪਰਮਾਤਮਾ ਤੋਂ ਬਣੇ ਹਾਂ ਓਸੇ 'ਚ ਸਮਾਏ ਰਹਿੰਦੇ ਨੇ; ਉਹ ਸੁੱਖਾਂ ਦਾ ਖਜ਼ਾਨਾ ਪਰਮਾਤਮਾ ਉਨ੍ਹਾਂ ਅੰਦਰ ਹੀ ਪ੍ਰਗਟ (ਬਣਿਆ-ਤਣਿਆ) ਹੁੰਦਾ ਹੈ।

ਆਪਸ ਕਉ  ਆਪਿ ਦੀਨੋ ਮਾਨੁ ॥
ਨਾਨਕ  ਪ੍ਰਭ ਜਨੁ  ਏਕੋ ਜਾਨੁ ॥੮॥੧੪॥

ਰੱਬੀ ਹੁਕਮ ਨੂੰ ਮੰਨ ਕੇ ਅਪਣੇ ਆਪ ਨੂੰ ਅਸੀਂ ਆਪ ਮਾਣ ਦਵਾ ਸਕਦੇ ਹਾਂ; ਰੱਬੀ ਹੁਕਮ ਦੇ ਸੇਵਕ ਬਣਕੇ ਰੱਬ ਨਾਲ਼ ਇੱਕ ਹੋ ਜਾਂਦੇ ਹਾਂ।

## ਸਲੋਕੁ ॥

ਸਰਬ ਕਲਾ ਭਰਪੂਰ ਪ੍ਰਭ  ਬਿਰਥਾ ਜਾਨਨਹਾਰ ॥
ਜਾ ਕੈ ਸਿਮਰਨਿ ਉਧਰੀਐ  ਨਾਨਕ ਤਿਸੁ ਬਲਿਹਾਰ ॥੧॥

ਪਰਮਾਤਮਾ ਹਰ ਤਰ੍ਹਾਂ ਨਾਲ਼ ਭਰਪੂਰ (ਸਮਰੱਥ) ਹੈ, ਤੇ ਸਾਡੇ ਹਰ ਦੁੱਖ-ਪਰੇਸ਼ਾਨੀ ਨੂੰ ਜਾਣਦਾ ਹੈ। ਉਸ ਰੱਬ ਤੋਂ ਸਦਾ ਬਲਿਹਾਰ (ਸਮਰਪਤ ਹੋ) ਜਾਈਏ ਜਿਸਦੇ ਸਿਮਰਨ/ਚੇਤੇ ਨਾਲ਼ ਸਭ ਵਿਕਾਰਾਂ ਤੋਂ ਮੁਕਤ ਹੋਈਦਾ ਹੈ।

## ਅਸਟਪਦੀ ॥

**ਟੂਟੀ  ਗਾਢਨਹਾਰ ਗੋੁਪਾਲ ॥**

**ਸਰਬ ਜੀਆ  ਆਪੇ ਪ੍ਰਤਿਪਾਲ ॥**

ਇਹ ਮਨ ਜੋ ਵਿਕਾਰਾਂ 'ਚ ਪਿਆ ਖੁਦ ਤੋਂ ਟੁੱਟਿਆ ਹੈ, ਇਸਨੂੰ ਮੁੜ ਇੱਕ ਕਰਨ ਵਾਲ਼ਾ ਪਰਮਾਤਮਾ (ਦਾ ਸਿਮਰਨ/ਚੇਤਾ) ਹੈ, ਜੋ ਸਭ ਜੀਵਾਂ ਨੂੰ ਬਣਾਉਣ-ਸੰਭਾਲਣ ਵਾਲ਼ਾ ਹੈ।

**ਸਗਲ ਕੀ ਚਿੰਤਾ  ਜਿਸੁ ਮਨ ਮਾਹਿ ॥**

**ਤਿਸ ਤੇ ਬਿਰਥਾ  ਕੋਈ ਨਾਹਿ ॥**

ਜਿਸ ਪ੍ਰਭੂ ਨੂੰ ਸਭ ਦਾ ਖਿਆਲ ਹੈ, ਉਸਦਾ ਸਿਮਰਨ/ਚੇਤਾ ਕਦੀ ਵਿਅਰਥ ਨਹੀਂ ਹੁੰਦਾ।

**ਰੇ ਮਨ ਮੇਰੇ  ਸਦਾ ਹਰਿ ਜਾਪਿ ॥**

**ਅਬਿਨਾਸੀ ਪ੍ਰਭੁ  ਆਪੇ ਆਪਿ ॥**

ਮੇਰੇ ਮਨਾ! ਅਬਿਨਾਸੀ ਪਰਮਾਤਮਾ ਨੂੰ ਅਪਣੇ ਆਪ ਅੰਦਰ ਸਦਾ ਜਪ (ਚੇਤੇ ਰੱਖ)।

**ਆਪਨ ਕੀਆ  ਕਛੂ ਨ ਹੋਇ ॥**

**ਜੇ ਸਉ  ਪ੍ਰਾਨੀ ਲੋਚੈ ਕੋਇ ॥**

ਬੰਦਾ ਸੌ ਚਲਾਕੀਆਂ/ਸਿਆਣਪਾਂ ਵਰਤ ਲਵੇ, ਪਰ ਅਪਣੀਆਂ ਸਿਆਣਪਾਂ ਨਾਲ਼ ਕੁੱਝ ਨਹੀਂ ਹੁੰਦਾ (ਇੱਕ ਨਹੀਂ ਹੋਇਆ ਜਾਂਦਾ)।

**ਤਿਸੁ ਬਿਨੁ  ਨਾਹੀ ਤੇਰੈ ਕਿਛੁ ਕਾਮ ॥**

**ਗਤਿ  ਨਾਨਕ  ਜਪਿ ਏਕ ਹਰਿ ਨਾਮ ॥੧॥**

ਪਰਮਾਤਮਾ ਤੋਂ ਬਿਨਾਂ ਹੋਰ ਕੁੱਝ (ਅੰਦਰੂਨੀ ਸ਼ਾਂਤੀ ਤੇ ਸੁਧਾਰ ਵਿੱਚ) ਕੰਮ ਨਹੀਂ ਆਉਂਦਾ; ਇਹ ਸੁਧਾਰ ਇੱਕ ਰੱਬੀ ਨਾਮ/ਹੁਕਮ ਨੂੰ ਜਪ/ਦ੍ਰਿੜ੍ਹ ਕਰਕੇ ਹੁੰਦਾ ਹੈ।

**ਰੂਪਵੰਤੁ ਹੋਇ ਨਾਹੀ ਮੋਹੈ ॥**

**ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥**

ਬਾਹਰੀ ਸੁੰਦਰਤਾ ਨਹੀਂ, ਸਗੋਂ ਰੱਬੀ ਜੋਤ ਦੁਆਰਾ (ਬਖਸ਼ਿਆ ਜੀਵਨ) ਸੋਹਣਾ ਬਣਦਾ ਹੈ।

**ਧਨਵੰਤਾ ਹੋਇ ਕਿਆ ਕੋ ਗਰਬੈ ॥**

**ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥**

ਸਭ ਕੁੱਝ ਪਰਮਾਤਮਾ (ਦੁਆਰਾ ਬਖ਼ਸ਼ੇ ਜੀਵਨ) ਕਰਕੇ ਮਿਲ਼ਦਾ ਹੈ, ਫਿਰ ਅਸੀਂ ਧਨ-ਦੌਲਤ ਦਾ ਘਮੰਡ/ਗਰਬ ਕਿਵੇਂ ਕਰ ਸਕਦੇ ਹਾਂ।

**ਅਤਿ ਸੂਰਾ ਜੇ ਕੋਊ ਕਹਾਵੈ ॥**

**ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥**

ਰੱਬੀ ਬਖਸ਼ਿਸ਼ (ਜੀਵਨ) ਤੋਂ ਬਿਨਾਂ ਅਸੀਂ ਪੈਰ ਵੀ ਨਹੀਂ ਪੁੱਟ ਸਕਦੇ, ਫਿਰ ਕਿਸ ਸੂਰਮਤਾਈ/ਬਹਾਦਰੀ ਦਾ ਮਾਣ ਕਰਦੇ ਹਾਂ।

**ਜੇ ਕੋ ਹੋਇ ਬਹੈ ਦਾਤਾਰੁ ॥**

**ਤਿਸੁ ਦੇਨਹਾਰੁ ਜਾਨੈ ਗਾਵਾਰੁ ॥**

ਜੇ ਕੋਈ ਖੁਦ ਨੂੰ ਦਾਤਾ ਸਮਝਣ ਲੱਗ ਜਾਏ ਤਾਂ ਰੱਬ (ਦੁਆਰਾ ਮਿਲ਼ੇ ਜੀਵਨ) ਦੀਆਂ ਦਾਤਾਂ ਅੱਗੇ ਮੂਰਖ ਸਾਬਤ ਹੁੰਦਾ ਹੈ।

**ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗੁ ॥**

**ਨਾਨਕ ਸੋ ਜਨੁ ਸਦਾ ਅਰੋਗੁ ॥੨॥**

ਗੁਰੂ ਦੀ ਕਿਰਪਾ/ਗਿਆਨ ਨਾਲ਼ ਜਿਸਦੇ ਅੰਦਰੋਂ ਹੰਕਾਰ ਵਾਲ਼ਾ ਰੋਗ ਮੁੱਕਦਾ ਹੈ, ਉਹ ਸਦਾ ਵਿਕਾਰਾਂ ਤੋਂ ਮੁਕਤ ਰਹਿੰਦਾ ਹੈ।

ਜਿਉ ਮੰਦਰ ਕਉ ਥਾਮੈ ਥੰਮਨੁ ॥

ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥

ਜਿਵੇਂ ਘਰ ਦੀ ਛਤ ਨੂੰ ਥੰਮਾਂ ਦਾ ਸਹਾਰਾ ਹੁੰਦਾ ਹੈ, (ਵਿਕਾਰਾਂ 'ਚ ਡੋਲਦੇ) ਮਨ ਨੂੰ ਗੁਰੂ ਦੇ ਸ਼ਬਦ/ਗਿਆਨ ਨਾ.ਲ ਟਿਕਾਅ ਮਿ.ਲਦਾ ਹੈ।

ਜਿਉ ਪਾਖਾਣੁ ਨਾਵ ਚੜਿ ਤਰੈ ॥

ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥

ਜਿਵੇਂ ਪੱਥਰ ਵੀ ਕਿਸ਼ਤੀ 'ਚ ਪਾਰ ਲੱਗ ਜਾਂਦਾ ਹੈ, ਬੰਦਾ ਵੀ ਗੁਰੂ ਦੇ ਚਰਣ/ਗਿਆਨ ਨਾ.ਲ ਵਿਕਾਰਾਂ ਤੋਂ ਛੁੱਟ ਜਾਂਦਾ ਹੈ।

ਜਿਉ ਅੰਧਕਾਰ ਦੀਪਕ ਪਰਗਾਸੁ ॥

ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥

ਜਿਵੇਂ ਹਨੇਰੇ ਵਿੱਚ ਦੀਵੇ ਨਾ.ਲ ਚਾਨਣ ਹੁੰਦਾ ਹੈ, ਗੁਰੂ ਦੇ ਦਰਸ਼ਨ/ਗਿਆਨ ਨਾ.ਲ ਮਨ ਰੌਸ਼ਨ ਹੁੰਦਾ ਹੈ।

ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥

ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥

ਗੁਰੂ ਦੇ ਸੰਗ/ਗਿਆਨ ਨਾ.ਲ ਵਿਕਾਰਾਂ ਦੀ ਭੀੜ ਵਿੱਚੋਂ ਪ੍ਰਭੂ ਦਾ ਮਿਲਾਪ ਇੰਞ ਹੁੰਦਾ ਹੈ ਜਿਵੇਂ ਭਿਆਨਕ ਜੰਗਲ ਵਿੱਚ ਰਾਹ ਮਿ.ਲ ਜਾਵੇ।

ਤਿਨ ਸੰਤਨ ਕੀ ਬਾਛਉ ਧੂਰਿ ॥

ਨਾਨਕ ਕੀ ਹਰਿ ਲੋਚਾ ਪੂਰਿ ॥੩॥

ਐਸੇ ਗੁਰੂ ਦੀ ਧੂੜ/ਗਿਆਨ ਮੈਨੂੰ ਮਿ.ਲ ਜਾਵੇ; ਹੇ ਪ੍ਰਭੂ ! ਮੇਰੀ ਇਹ ਆਸ ਪੂਰੀ ਕਰ !

**ਮਨ ਮੂਰਖ ਕਾਹੇ ਬਿਲਲਾਈਐ ॥**

**ਪੁਰਬ ਲਿਖੇ ਕਾ ਲਿਖਿਆ ਪਾਈਐ ॥**

ਮੂਰਖ ਮਨਾ! ਕਿਸ ਗੱਲ ਦਾ ਵਿਰਲਾਪ ਕਰਦਾ ਹੈਂ? ਅਪਣੇ ਕੀਤੇ ਪੂਰਬ/ਪਹਿਲੇ ਕਰਮਾਂ ਦਾ ਹੀ ਫ਼ਲ ਮਿਲ਼ਦਾ ਹੈ।

**ਦੂਖ ਸੂਖ ਪ੍ਰਭ ਦੇਵਨਹਾਰੁ ॥**

**ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥**

ਪਰਮਾਤਮਾ ਤੇਰੇ ਕਰਮਾਂ ਅਨੁਸਾਰ ਦੁੱਖ ਸੁੱਖ ਕੁਦਰਤੀ ਨਿਯਮ 'ਚ ਦੇਂਦਾ ਹੈ; ਵਿਰਲਾਪ ਛੱਡ ਕੇ ਤੂੰ ਉਸਨੂੰ (ਉਹਦੇ ਹੁਕਮ ਨੂੰ) ਚੇਤੇ ਰੱਖ।

**ਜੋ ਕਛੁ ਕਰੈ ਸੋਈ ਸੁਖੁ ਮਾਨੁ ॥**

**ਭੂਲਾ ਕਾਹੇ ਫਿਰਹਿ ਅਜਾਨ ॥**

ਜੋ ਕੁੱਝ ਰੱਬੀ ਹੁਕਮ 'ਚ ਹੈ ਉਸਨੂੰ ਸਿਰ-ਮੱਥੇ ਮੰਨ; ਐਵੇਂ (ਹੁਕਮ ਤੋਂ ਮੁਨਕਰ) ਭੁੱਲਿਆ ਨਾ ਫਿਰ।

**ਕਉਨ ਬਸਤੁ ਆਈ ਤੇਰੈ ਸੰਗ ॥**

**ਲਪਟਿ ਰਹਿਓ ਰਸਿ ਲੋਭੀ ਪਤੰਗ ॥**

ਮਨਾ! ਐਸਾ ਕੁੱਝ ਵੀ ਨਹੀਂ ਜੋ ਤੂੰ ਲੈ ਕੇ ਆਇਆਂ ਹੈ (ਸਭ ਪਰਮਾਤਮਾ ਦੇ ਬਖ਼ਸ਼ੇ ਜੀਵਨ ਤੋਂ ਹੀ ਮਿਲ਼ਿਆ ਹੈ), ਪਰ ਤੂੰ ਲੋਭੀ ਹੋ ਕੇ ਹਰ ਚੀਜ਼ ਨੂੰ ਘੁੱਟ-ਘੁੱਟ ਫੜ੍ਹਦਾ ਹੈਂ।

**ਰਾਮ ਨਾਮ ਜਪਿ ਹਿਰਦੇ ਮਾਹਿ ॥**

**ਨਾਨਕ ਪਤਿ ਸੇਤੀ ਘਰਿ ਜਾਹਿ ॥੪॥**

ਰੱਬੀ ਨਾਮ/ਗੁਣਾਂ ਨੂੰ ਹਿਰਦੇ 'ਚ ਜਪਿਆ (ਦ੍ਰਿੜ੍ਹ ਕਰਿਆ) ਕਰ; ਫਿਰ ਹੀ ਅਪਣੇ ਅੰਦਰ ਇੱਕਮਿਕਤਾ ਦੀ ਪੱਤ ਹਾਸਲ ਕਰੇਂਗਾ।

ੴ

**ਜਿਸੁ ਵਖਰ ਕਉ ਲੈਨਿ   ਤੂ ਆਇਆ ॥**

**ਰਾਮ ਨਾਮੁ   ਸੰਤਨ ਘਰਿ ਪਾਇਆ ॥**

ਮੇਰੇ ਮਨਾ! ਜਿਸ ਮਨੋਰਥ ਲਈ ਇਹ ਜੀਵਨ ਮਿਲ਼ਿਆ ਹੈ ਉਸਦੀ ਸਮਝ ਗੁਰੂ ਦੇ ਗਿਆਨ ਵਿਚੋਂ ਰੱਬੀ ਨਾਮ/ਗੁਣਾਂ ਨੂੰ ਧਾਰਣ ਕਰਕੇ ਅੰਦਰ ਹੀ ਮਿਲ਼ਦੀ ਹੈ।

**ਤਜਿ ਅਭਿਮਾਨੁ   ਲੇਹੁ ਮਨ ਮੋਲਿ ॥**

**ਰਾਮ ਨਾਮੁ   ਹਿਰਦੇ ਮਹਿ ਤੋਲਿ ॥**

ਮਨਾ! ਹੰਕਾਰ ਛੱਡ ਕੇ ਰੱਬੀ ਨਾਮ/ਗੁਣਾਂ ਨੂੰ ਅਪਣੇ ਹਿਰਦੇ 'ਚ ਤੋਲ (ਦ੍ਰਿੜ੍ਹ) ਕਰਿਆ ਕਰ।

**ਲਾਦਿ ਖੇਪ   ਸੰਤਹ ਸੰਗਿ ਚਾਲੁ ॥**

**ਅਵਰ ਤਿਆਗਿ   ਬਿਖਿਆ ਜੰਜਾਲ ॥**

ਗੁਰੂ ਦੇ ਸੰਗ/ਗਿਆਨ ਨਾਲ਼ ਰੱਬੀ ਗੁਣਾਂ ਦੀ ਖੇਪ/ਕਮਾਈ ਕਰਕੇ ਅੱਗੇ ਵਧ, ਤੇ ਸਾਰੇ ਵਿਕਾਰਾਂ ਦੇ ਜੰਜਾਲ ਛੱਡ ਦੇ।

**ਧੰਨਿ ਧੰਨਿ ਕਹੈ   ਸਭੁ ਕੋਇ ॥**

**ਮੁਖ ਊਜਲ   ਹਰਿ ਦਰਗਹ ਸੋਇ ॥**

ਤੇਰੇ ਅੰਦਰ ਸਾਰੇ (ਵਿਚਾਰ ਤੇ ਉਨ੍ਹਾਂ 'ਤੇ ਅਮਲ ਕਰਨ ਵਾਲ਼ੇ ਗਿਆਨ ਇੰਦ੍ਰੇ) ਵੀ ਧੰਨਵਾਦੀ ਹੋ ਜਾਣਗੇ, ਤੇ ਹਰ ਥਾਂ ਮੌਜੂਦ ਰੱਬੀ ਦਰਗਾਹ 'ਚ ਮੁੱਖ ਉੱਜਲਾ (ਵਡਿਆਈ) ਹੋਵੇਗੀ।

**ਇਹੁ ਵਾਪਾਰੁ   ਵਿਰਲਾ ਵਾਪਾਰੈ ॥**

**ਨਾਨਕ   ਤਾ ਕੈ ਸਦ ਬਲਿਹਾਰੈ ॥੫॥**

ਔਗੁਣ ਛੱਡ ਕੇ ਗੁਣਾਂ ਨੂੰ ਹਾਸਲ ਕਰਨ ਵਾਲ਼ਾ ਇਹ ਵਪਾਰ ਕਰਨ ਵਾਲ਼ੇ ਵਿਰਲੇ (ਉੱਤਮ) ਵਪਾਰੀਆਂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ।

**ਚਰਨ ਸਾਧ ਕੇ ਧੋਇ ਧੋਇ ਪੀਉ ॥**

**ਅਰਪਿ ਸਾਧ ਕਉ ਅਪਨਾ ਜੀਉ ॥**

ਮਨਾ! ਗੁਰੂ ਦੇ ਚਰਣ ਧੋ-ਧੋ ਕੇ ਪੀ (ਗਿਆਨ ਨੂੰ ਦ੍ਰਿੜ੍ਹ ਕਰ); ਅਪਣੇ ਆਪ ਨੂੰ ਗੁਰੂ ਨੂੰ ਸੌਂਪ ਦੇ।

**ਸਾਧ ਕੀ ਧੂਰਿ ਕਰਹੁ ਇਸਨਾਨੁ ॥**

**ਸਾਧ ਊਪਰਿ ਜਾਈਐ ਕੁਰਬਾਨੁ ॥**

ਗੁਰੂ ਦੀ ਧੂੜ 'ਚ ਨਹਾ (ਗੁਰੂ ਗਿਆਨ 'ਚ ਸਮਾਇਆ ਰਹਿ); ਗੁਰੂ ਤੋਂ ਕੁਰਬਾਨ ਹੋ ਜਾ (ਗੁਰੂ ਗਿਆਨ ਨੂੰ ਸਮਰਪਤ ਹੋ ਜਾ)।

**ਸਾਧ ਸੇਵਾ ਵਡਭਾਗੀ ਪਾਈਐ ॥**

**ਸਾਧ ਸੰਗਿ ਹਰਿ ਕੀਰਤਨੁ ਗਾਈਐ ॥**

ਗੁਰੂ ਦੀ ਸੇਵਾ (ਗਿਆਨ ਨੂੰ ਕਮਾਉਣਾ) ਨਾਲ਼ ਵੱਡੇ ਭਾਗਾਂ ਵਾਲੇ ਹੋਈਦਾ ਹੈ; ਗੁਰੂ ਦੇ ਸੰਗ/ਗਿਆਨ ਨਾਲ਼ ਰੱਬੀ ਗੁਣ ਗਾ (ਦ੍ਰਿੜ੍ਹ ਕਰ)।

**ਅਨਿਕ ਬਿਘਨ ਤੇ ਸਾਧੂ ਰਾਖੈ ॥**

**ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥**

ਵਿਕਾਰਾਂ ਵਾਲ਼ੀਆਂ ਔਕੜਾਂ ਤੋਂ ਗੁਰੂ (ਦਾ ਗਿਆਨ) ਰੱਖਦਾ ਹੈ; ਗੁਰੂ ਗਿਆਨ ਰਾਹੀਂ ਰੱਬੀ ਗੁਣਾਂ ਦਾ ਅੰਮ੍ਰਿਤ ਚਖ (ਧਾਰਣ ਕਰ)।

**ਓਟ ਗਹੀ ਸੰਤਹ ਦਰਿ ਆਇਆ ॥**

**ਸਰਬ ਸੂਖ ਨਾਨਕ ਤਿਹ ਪਾਇਆ ॥੬॥**

ਗੁਰੂ (ਦੇ ਗਿਆਨ) ਦੀ ਓਟ ਲੈਣ ਵਾਲ਼ੇ ਸਾਰੇ ਸੁੱਖ ਪ੍ਰਾਪਤ ਕਰ ਲੈਂਦੇ ਨੇ।

ਮਿਰਤਕ ਕਉ ਜੀਵਾਲਨਹਾਰ ॥

ਭੂਖੇ ਕਉ ਦੇਵਤ ਅਧਾਰ ॥

ਵਿਕਾਰਾਂ 'ਚ ਮਰੇ ਹੋਏ ਮਨ ਨੂੰ ਗੁਰੂ ਦਾ ਗਿਆਨ ਜੀਊਂਦਾ ਕਰਦਾ ਹੈ; ਇਸ ਮਨ ਦੀ ਭੁੱਖ ਨੂੰ ਆਸਰਾ/ਟਿਕਾਅ ਗੁਰੂ ਗਿਆਨ ਤੋਂ ਮਿਲ਼ਦਾ ਹੈ।

ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥

ਪੁਰਬ ਲਿਖੇ ਕਾ ਲਹਣਾ ਪਾਹਿ ॥

ਗੁਰੂ ਦੀ ਦ੍ਰਿਸ਼ਟੀ/ਗਿਆਨ ਵਿੱਚ ਸਾਰੇ ਖਜ਼ਾਨੇ ਨੇ; ਪਹਿਲਾਂ ਅਪਣੇ ਅੰਦਰ ਤਾਂਘ ਲਿਖ/ਬਣਾ ਕੇ ਗੁਰੂ ਦਾ ਗਿਆਨ ਲਿਆ ਜਾਂਦਾ ਹੈ।

ਸਭੁ ਕਿਛੁ ਤਿਸ ਕਾ ਓਹੁ ਕਰਨੈ ਜੋਗੁ ॥

ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥

ਗੁਰੂ ਗਿਆਨ ਦਾ ਹੀ (ਅਨੰਦ ਦੇਣ ਵਾਲ਼ਾ) ਸਭ ਵਿਸਤਾਰ ਹੈ, ਓਹੀ ਇਹ ਰਚਨਾ ਸਾਡੇ ਅੰਦਰ ਕਰਦਾ ਹੈ; ਉਸ ਤੋਂ ਬਿਨਾਂ ਨਾ ਕੋਈ ਹੈ ਨਾ ਹੋਵੇਗਾ।

ਜਪਿ ਜਨ ਸਦਾ ਸਦਾ ਦਿਨੁ ਰੈਣੀ ॥

ਸਭ ਤੇ ਊਚ ਨਿਰਮਲ ਇਹ ਕਰਣੀ ॥

ਮਨਾ! ਸਦਾ ਸਦਾ ਰਾਤ ਦਿਨ ਗੁਰੂ ਗਿਆਨ ਨੂੰ ਜਪ (ਅਮਲ 'ਚ ਲਿਆ); ਏਹੋ ਸਭ ਤੋਂ ਪਵਿੱਤਰ ਕੰਮ ਹੈ।

ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥

ਨਾਨਕ ਸੋ ਜਨੁ ਨਿਰਮਲੁ ਥੀਆ ॥੭॥

ਗੁਰੂ ਗਿਆਨ ਦੀ ਕਿਰਪਾ ਨਾਲ਼ ਜਿਸਨੂੰ ਰੱਬੀ ਨਾਮ/ਗੁਣ ਮਿਲ਼ਦੇ ਨੇ, ਉਹੋ ਪਵਿੱਤਰ ਹੁੰਦਾ ਹੈ।

**ਜਾ ਕੈ ਮਨਿ ਗੁਰ ਕੀ ਪਰਤੀਤਿ ॥**

**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**

ਜਿਸਦੇ ਮਨ 'ਚ ਗੁਰੂ (ਦੇ ਗਿਆਨ) ਦਾ ਭਰੋਸਾ ਬਣਦਾ ਹੈ, ਉਸ ਨੂੰ ਪਰਮਾਤਮਾ ਸਦਾ ਚੇਤੇ ਰਹਿੰਦਾ ਹੈ।

**ਭਗਤੁ ਭਗਤੁ ਸੁਨੀਐ ਤਿਹੁ ਲੋਇ ॥**

**ਜਾ ਕੈ ਹਿਰਦੈ ਏਕੋ ਹੋਇ ॥**

ਓਹੀ ਭਗਤ ਹੈ ਜਿਸਦੇ ਹਿਰਦੇ 'ਚ ਪਰਮਾਤਮਾ ਨਾ਼ਲ ਇੱਕਮਿਕਤਾ ਆ ਗਈ।

**ਸਚੁ ਕਰਣੀ ਸਚੁ ਤਾ ਕੀ ਰਹਤ ॥**

**ਸਚੁ ਹਿਰਦੈ ਸਤਿ ਮੁਖਿ ਕਹਤ ॥**

ਉਸਦਾ ਹਰ ਕੰਮ, ਤੇ ਜੀਵਨ-ਜੁਗਤ ਸਚਿਆਰ/ਪਵਿੱਤਰ ਹੁੰਦੀ ਹੈ; ਉਹ ਦਿਲ ਤੇ ਮੁੱਖ (ਵਿਚਾਰ ਤੇ ਵਿਹਾਰ) ਕਰਕੇ ਸੱਚਾ/ਪਵਿੱਤਰ ਹੁੰਦਾ ਹੈ।

**ਸਾਚੀ ਦ੍ਰਿਸਟਿ ਸਾਚਾ ਆਕਾਰੁ ॥**

**ਸਚੁ ਵਰਤੈ ਸਾਚਾ ਪਾਸਾਰੁ ॥**

ਪਵਿੱਤਰ ਦ੍ਰਿਸ਼ਟੀ/ਕਿਰਦਾਰ ਵਾ਼ਲੇ ਅੰਦਰ ਸਾਰਾ ਅਕਾਰ/ਰੂਪ ਵੀ ਪਵਿੱਤਰ ਹੁੰਦਾ ਹੈ; ਉਸਦੇ ਅੰਦਰ ਸੱਚ/ਪਵਿੱਤਰਤਾ ਵਰਤਦੀ ਹੈ, ਕਿਉਂਕਿ ਉਸ ਅੰਦਰ ਰੱਬੀ ਸਮਝ ਦਾ ਪਸਾਰਾ ਹੁੰਦਾ ਹੈ।

**ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥**

**ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥**

ਜਿਨ੍ਹਾਂ ਨੇ ਪਾਰਬ੍ਰਹਮ ਨੂੰ ਅੰਦਰੋਂ ਸਚਿਆਰ/ਪਵਿੱਤਰ ਹੋ ਕੇ ਜਾਣ ਲਿਆ, ਉਹ ਉਸ ਸਚਿਆਰ ਪਰਮਾਤਮਾ 'ਚ ਹੀ ਸਮਾ ਜਾਂਦੇ ਨੇ।

## ਸਲੋਕੁ ॥

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥**

**ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ ॥੧॥**

ਪਰਮਾਤਮਾ ਦਾ ਰੂਪ-ਰੇਖਾ, ਰੰਗ ਨਹੀਂ, ਅਤੇ ਮਨੁੱਖੀ ਸੁਭਾਅ ਵਾਲ਼ਾ ਨਹੀਂ ਹੈ। ਉਸਨੂੰ ਹੀ ਪਰਮਾਤਮਾ ਦੀ ਸਮਝ ਪੈਂਦੀ ਹੈ ਜਿਸਨੇ ਗੁਰੂ ਦੀ ਪ੍ਰਸੰਨਤਾ/ਖੁਸ਼ੀ (ਗੁਰੂ ਦੀ ਸਿੱਖਿਆ) ਕਮਾਈ ਹੈ।

## ਅਸਟਪਦੀ ॥

**ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥**

**ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥**

ਅਪਣੇ ਮਨ ਅੰਦਰ ਪਰਮਾਤਮਾ ਨੂੰ ਚੇਤੇ ਰੱਖ, ਤੇ ਮਨੁੱਖ (ਬਾਹਰੀ ਸੰਸਾਰ) ਨਾਲ਼ (ਸੁੱਖ ਦੀ ਆਸ ਲਈ) ਪ੍ਰੀਤ ਨਾ ਰੱਖ।

**ਤਿਸ ਤੇ ਪਰੈ ਨਾਹੀ ਕਿਛੁ ਕੋਇ ॥**

**ਸਰਬ ਨਿਰੰਤਰਿ ਏਕੋ ਸੋਇ ॥**

ਪਰਮਾਤਮਾ ਤੋਂ ਪਰੇ ਹੋਰ ਕੋਈ ਸੁੱਖ ਦੇਣ ਵਾਲ਼ਾ ਨਹੀਂ; ਹਰ ਥਾਂ ਹਮੇਸ਼ਾ ਇੱਕ ਪਰਮਾਤਮਾ ਹੀ ਹੈ।

**ਆਪੇ ਬੀਨਾ ਆਪੇ ਦਾਨਾ ॥**

**ਗਹਿਰ ਗੰਭੀਰੁ ਗਹੀਰੁ ਸੁਜਾਨਾ ॥**

**ਪਾਰਬ੍ਰਹਮ ਪਰਮੇਸੁਰ ਗੋਬਿੰਦ ॥**

**ਕ੍ਰਿਪਾ ਨਿਧਾਨ ਦਇਆਲ ਬਖਸੰਦ ॥**

ਪ੍ਰਭੂ ਸਭ ਤੋਂ ਸਿਆਣਾ, ਸਭ ਤੋਂ ਵੱਡਾ, ਸਾਰਿਆਂ ਨੂੰ ਪਾਲਣ ਵਾਲ਼ਾ, ਤੇ ਕਿਰਪਾ ਦਾ ਖਜ਼ਾਨਾ ਹੈ।

ਸਾਧ ਤੇਰੇ ਕੀ ਚਰਨੀ ਪਾਉ ॥

ਨਾਨਕ ਕੈ ਮਨਿ ਇਹੁ ਅਨਰਾਉ ॥੧॥

ਹੇ ਪ੍ਰਭੂ! ਮੇਰੇ ਮਨ 'ਚ ਇਹ ਤਾਂਘ ਬਣ ਜਾਵੇ ਕਿ ਮੈਂ (ਤੇਰੇ ਨਾਲ਼ ਜੋੜਨ ਵਾਲ਼ੇ) ਗੁਰੂ ਦੀ ਚਰਨੀ ਪੈ ਜਾਵਾਂ (ਸਮਰਪਤ ਹੋ ਜਾਵਾਂ)।

ਮਨਸਾ ਪੂਰਨ ਸਰਨਾ ਜੋਗ ॥

ਜੋ ਕਰਿ ਪਾਇਆ ਸੋਈ ਹੋਗੁ ॥

ਗੁਰੂ ਦਾ ਗਿਆਨ ਹੀ ਮਨ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ, ਉਸਦੀ ਸ਼ਰਨ ਪੈਣਾ ਬਣਦਾ ਹੈ; ਜਿਸ ਵੀ ਸੋਹਣੀ ਘਾੜਤ ਲਈ ਅਸੀਂ ਗੁਰੂ ਗਿਆਨ ਨੂੰ ਅਪਣੇ ਅੰਦਰ ਉਤਾਰਦੇ ਹਾਂ ਓਹੀ ਹੋ ਜਾਂਦਾ ਹੈ।

ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥

ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥

ਗੁਰੂ ਗਿਆਨ ਸਾਡੇ ਅੰਦਰ ਨੂੰ ਝੱਟ, ਰੱਬੀ ਗੁਣਾਂ ਨਾਲ਼ ਹਰਿਆ/ਭਰਿਆ ਕਰ ਦੇਂਦਾ ਹੈ; ਗੁਰੂ ਗਿਆਨ ਵਰਗਾ ਮੰਤਰ/ਤਰੀਕਾ ਕਿਸੇ ਹੋਰ (ਦੁਨੀਆਵੀ ਸਿਆਣਪ 'ਚ) ਨਹੀਂ।

ਅਨਦ ਰੂਪ ਮੰਗਲ ਸਦ ਜਾ ਕੈ ॥

ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥

ਗੁਰੂ ਦਾ ਗਿਆਨ, ਮੰਗਲ (ਖੁਸ਼ੀਆਂ) ਦਾ ਲਗਾਤਾਰ/ਸਦੀਵੀ ਰੂਪ ਹੈ; ਉਸ ਵਿੱਚ ਹਰ ਸੁੱਖ ਥੋਕ ਵਿੱਚ ਘਰ ਕਰਦੇ ਨੇ।

ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥

ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥

ਗੁਰੂ ਦਾ ਗਿਆਨ ਸਾਨੂੰ ਰੱਬੀ ਗੁਣਾਂ ਨਾਲ਼ ਭਰਿਆ ਅਸਲ ਰਾਜਾ, ਅਸਲ ਜੋਗੀ, ਅਸਲ ਤਪੱਸਵੀ, ਤੇ ਅਸਲ ਗ੍ਰਿਸਥੀ ਬਣਾਉਂਦਾ ਹੈ।

**ਧਿਆਇ ਧਿਆਇ ਭਗਤਹ  ਸੁਖੁ ਪਾਇਆ ॥**

**ਨਾਨਕ  ਤਿਸੁ ਪੁਰਖ ਕਾ  ਕਿਨੈ ਅੰਤੁ ਨ ਪਾਇਆ ॥੨॥**

ਗੁਰੂ ਦੇ ਗਿਆਨ ਨੂੰ ਧਿਆਨ 'ਚ ਰੱਖ ਕੇ ਭਗਤ ਸੁੱਖ ਲੈਂਦਾ ਹੈ; ਐਸੇ ਗੁਰੂ/ਪੁਰਖ ਦੀ ਵਡਿਆਈ/ਸ਼ੋਭਾ ਦਾ ਕੋਈ ਅੰਤ ਨਹੀਂ ਕਹਿ ਸਕਦਾ।

**ਜਾ ਕੀ  ਲੀਲਾ ਕੀ  ਮਿਤਿ ਨਾਹਿ ॥**

**ਸਗਲ ਦੇਵ  ਹਾਰੇ ਅਵਗਾਹਿ ॥**

ਗੁਰੂ (ਦੇ ਗਿਆਨ) ਦੀ ਲੀਲਾ/ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ; ਸਭ ਦੇਵੀ-ਦੇਵਤੇ ਉਸ ਅੱਗੇ ਹਾਰ ਜਾਂਦੇ ਨੇ।

**ਪਿਤਾ ਕਾ ਜਨਮੁ  ਕਿ ਜਾਨੈ ਪੂਤੁ ॥**

ਗੁਰੂ ਗਿਆਨ ਹੀ ਬੰਦੇ ਨੂੰ ਦੇਵਤਾ ਬਣਾਉਂਦਾ ਹੈ; ਪੁੱਤਰ (ਗਿਆਨ ਰਾਹੀਂ ਉੱਚਾ ਉੱਠਣ ਵਾਲ਼ਾ) ਅਪਣੇ ਪਿਤਾ (ਗੁਰੂ ਗਿਆਨ) ਨੂੰ ਨਹੀਂ ਜੰਮਦਾ (ਪਿਤਾ ਤੋਂ ਵੱਡਾ ਨਹੀਂ ਹੁੰਦਾ)।

**ਸਗਲ ਪਰੋਈ  ਅਪੁਨੈ ਸੂਤਿ ॥**

ਗੁਰੂ ਗਿਆਨ ਸਾਡੀ ਸਾਰੀ ਅੰਦਰੂਨੀ ਦੁਨੀਆਂ (ਸੁਰਤ-ਮੱਤ-ਮਨ) ਨੂੰ ਪਰੋਈ (ਸਾਂਭੀ) ਰੱਖਦਾ ਹੈ।

**ਸੁਮਤਿ ਗਿਆਨੁ ਧਿਆਨੁ  ਜਿਨ ਦੇਇ ॥**

**ਜਨ ਦਾਸ  ਨਾਮੁ ਧਿਆਵਹਿ ਸੇਇ ॥**

ਗੁਰੂ ਗਿਆਨ ਵਿੱਚ ਧਿਆਨ ਦੀ ਸੁਮੱਤ ਜਿਸ ਨੂੰ ਮਿਲ਼ ਗਈ, ਉਹ ਸਦਾ ਰੱਬੀ ਨਾਮ/ਗੁਣਾਂ ਵੱਲ ਧਿਆਨ ਕਰਦਾ ਹੈ।

**ਤਿਹੁ ਗੁਣ ਮਹਿ ਜਾ ਕਉ ਭਰਮਾਏ ॥**

**ਜਨਮਿ ਮਰੈ ਫਿਰਿ ਆਵੈ ਜਾਏ ॥**

ਜੋ (ਗੁਰੂ ਗਿਆਨ ਦੀ ਜਗ੍ਹਾ) ਸੰਸਾਰਕ ਮੱਤ 'ਚ ਭਰਮ ਰਿਹਾ ਹੈ, ਉਹ ਨਿੱਤ ਵਿਕਾਰਾਂ 'ਚ ਜੰਮਦਾ-ਮਰਦਾ ਰਹਿੰਦਾ ਹੈ।

**ਊਚ ਨੀਚ ਤਿਸ ਕੇ ਅਸਥਾਨ ॥**

**ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥**

ਜੈਸਾ ਅਸੀਂ ਗੁਰੂ ਗਿਆਨ ਨਾ਼ਲ ਸਬੰਧ ਬਣਾਉਂਦੇ ਹਾਂ, ਜਾਣੋ ਓਹੋ ਜਿਹਾ ਹੀ ਜੀਵਨ ਹੁੰਦਾ ਹੈ - ਅਮਲ ਕਰਕੇ ਉੱਚੇ ਉੱਠ ਜਾਂਦੇ ਹਾਂ, ਬੇਮੁੱਖ ਹੋ ਕੇ ਨੀਵੇਂ ਡਿੱਗ ਜਾਂਦੇ ਹਾਂ

**ਨਾਨਾ ਰੂਪ ਨਾਨਾ ਜਾ ਕੇ ਰੰਗ ॥**

**ਨਾਨਾ ਭੇਖ ਕਰਹਿ ਇਕ ਰੰਗ ॥**

**ਨਾਨਾ ਬਿਧਿ ਕੀਨੋ ਬਿਸਥਾਰੁ ॥**

**ਪ੍ਰਭੁ ਅਬਿਨਾਸੀ ਏਕੰਕਾਰੁ ॥**

(ਗੁਰੂ ਦੇ ਗਿਆਨ ਨਾ਼ਲ ਇਹ ਸਮਝ ਪੈਂਦੀ ਹੈ ਕਿ) ਇੱਕ ਪਰਮਾਤਮਾ ਦਾ ਇਹ ਸਾਰਾ ਵਿਸਥਾਰ ਹੈ - ਇਹ ਅਨੇਕਾਂ ਰੂਪ-ਰੰਗਾਂ ਪਿੱਛੇ ਇੱਕ ਪਰਮਾਤਮਾ ਹੀ ਹੈ।

**ਨਾਨਾ ਚਲਿਤ ਕਰੇ ਖਿਨ ਮਾਹਿ ॥**

**ਪੂਰਿ ਰਹਿਓ ਪੂਰਨੁ ਸਭ ਠਾਇ ॥**

ਉਸਦੇ ਹੁਕਮ ਵਿੱਚ ਸਾਰੀ ਰਚਨਾ ਬਣਦੀ ਹੈ, ਤੇ ਪਰਮਾਤਮਾ ਆਪ ਇਨ੍ਹਾਂ ਸਾਰਿਆਂ 'ਚ ਹਰ ਥਾਂ ਸਮਾਇਆ ਹੋਇਆ ਹੈ

**ਨਾਨਾ ਬਿਧਿ ਕਰਿ ਬਨਤ ਬਨਾਈ ॥**

**ਅਪਨੀ ਕੀਮਤਿ ਆਪੇ ਪਾਈ ॥**

ਅਨੇਕਾਂ ਭਾਂਤ ਦੀ ਬਣਤਰ ਬਣਾ ਕੇ ਪਰਮਾਤਮਾ ਆਪ ਇਸ ਸਾਰੇ ਵਿਸਥਾਰ ਨੂੰ ਜਾਣਦਾ/ਸੰਭਾ਼ਲਦਾ ਹੈ

**ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥**

**ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥**

ਹਰ ਦਿਲ ਉਸਦਾ ਹੈ, ਹਰ ਦਿਲ 'ਚ ਉਹ ਵੱਸਦਾ ਹੈ; ਉਸਨੂੰ ਜਪ ਕੇ (ਉਸ ਰੱਬੀ ਹੁਕਮ ਨੂੰ ਮੰਨ ਕੇ) ਹੀ ਅਸੀਂ ਜੀਉਂਦੇ ਹਾਂ (ਵਿਕਾਰਾਂ 'ਚ ਨਹੀਂ ਮਰਦੇ)

**ਨਾਮ ਕੇ ਧਾਰੇ ਸਗਲੇ ਜੰਤ ॥**

**ਨਾਮ ਕੇ ਧਾਰੇ ਖੰਡ ਬ੍ਰਹਮੰਡ ॥**

ਸਾਰੇ ਜੀਅ-ਜੰਤ, ਸਾਰਾ ਬ੍ਰਹਿਮੰਡ ਤੇ ਉਸਦੇ ਭਾਗ/ਹਿੱਸੇ - ਸਭ ਇੱਕ ਨਿਯਮ/ਨੇਮ 'ਚ ਬਣਦਾ-ਮੁੱਕਦਾ ਹੈ

**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥**

**ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥**

ਜਿਵੇਂ ਹਰ ਤਰ੍ਹਾਂ ਦੇ ਗ੍ਰੰਥ-ਪੋਥੀਆਂ ਦੀ ਲਿਖਤ/ਰਚਨਾ, ਤੇ ਉਨ੍ਹਾਂ ਨੂੰ ਪੜ੍ਹਣ-ਸੁਣਨ ਦਾ ਨੇਮ ਹੁੰਦਾ ਹੈ

**ਨਾਮ ਕੇ ਧਾਰੇ ਆਗਾਸ ਪਾਤਾਲ ॥**

**ਨਾਮ ਕੇ ਧਾਰੇ ਸਗਲ ਆਕਾਰ ॥**

ਜਿਵੇਂ ਅਕਾਸ਼-ਪਤਾਲ ਆਦਿ ਸਾਰਾ ਅਕਾਰ/ਰਚਨਾ ਇੱਕ ਨਿਯਮ 'ਚ ਬੱਝੀ ਚੱਲਦੀ ਹੈ

**ਨਾਮ ਕੇ ਧਾਰੇ ਪੁਰੀਆ ਸਭ ਭਵਨ ॥**

**ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥**

ਓਸੇ ਤਰ੍ਹਾਂ ਸਾਡੇ ਅੰਦਰ ਦਾ ਸਾਰਾ ਭਵਨ/ਸੰਸਾਰ ਵੀ ਇੱਕ ਰੱਬੀ ਨਿਯਮ/ਹੁਕਮ ਨੂੰ ਸੁਣ/ਮੰਨ ਕੇ (ਵਿਕਾਰਾਂ ਤੋਂ) ਮੁਕਤ ਹੁੰਦਾ ਹੈ

**ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥**

**ਨਾਨਕ  ਚਉਥੇ ਪਦ ਮਹਿ   ਸੋ ਜਨੁ ਗਤਿ ਪਾਏ ॥੫॥**

ਉਸ 'ਤੇ ਰੱਬੀ ਕਿਰਪਾ ਜਾਣੋ ਜੋ ਰੱਬੀ ਨਾਮ/ਹੁਕਮ (ਨੂੰ ਸੁਣਨ-ਮੰਨਣ) ਵੱਲ ਲੱਗਾ ਹੈ; ਐਸਾ ਜਨ/ਸੇਵਕ ਅੰਦਰੋਂ ਉੱਚੀ ਮੱਤ ਲੈ ਕੇ ਨਿਹਾਲ ਹੁੰਦਾ ਹੈ

**ਰੂਪੁ ਸਤਿ   ਜਾ ਕਾ ਸਤਿ ਅਸਥਾਨੁ ॥**

**ਪੁਰਖੁ ਸਤਿ   ਕੇਵਲ ਪਰਧਾਨੁ ॥**

ਜਿਸਦਾ ਰੂਪ/ਸੁਰਤ ਸੱਤ (ਰੱਬੀ ਗੁਣਾਂ ਵਾਲ਼ੀ) ਹੈ, ਉਹ ਸਦਾ ਰੱਬੀ ਦਰਗਾਹ 'ਚ ਜੀ ਰਿਹਾ ਹੈ; ਉਹ ਅਪਣੇ ਅੰਦਰ ਵੱਸਦੇ ਅਕਾਲ ਪੁਰਖ ਦੀ ਰਹਿਨੁਮਾਈ/ਹੁਕਮ 'ਚ ਚੱਲਦਾ ਹੈ

**ਕਰਤੂਤਿ ਸਤਿ   ਸਤਿ ਜਾ ਕੀ ਬਾਣੀ ॥**

**ਸਤਿ ਪੁਰਖ   ਸਭ ਮਾਹਿ ਸਮਾਣੀ ॥**

ਜਦ ਸੱਤ-ਪੁਰਖ ਪਰਮਾਤਮਾ ਸਾਡੀ ਕਹਿਣੀ-ਕਰਣੀ 'ਚ ਵੱਸਦਾ ਹੈ, ਤਾਂ ਸਾਡੇ ਸਾਰੇ ਵਜੂਦ ਵਿੱਚ ਪਰਮਾਤਮਾ ਸਮਾ ਜਾਂਦਾ ਹੈ

**ਸਤਿ ਕਰਮੁ   ਜਾ ਕੀ ਰਚਨਾ ਸਤਿ ॥**

**ਮੂਲੁ ਸਤਿ   ਸਤਿ ਉਤਪਤਿ ॥**

ਓਹੀ ਕਰਮ ਸੱਤ/ਭਲੇ ਨੇ ਜਿਨ੍ਹਾਂ ਦੀ ਰਚਨਾ/ਘਾੜਤ ਰੱਬੀ ਹੁਕਮ (ਨੂੰ ਮੰਨਣ) ਵਿੱਚੋਂ ਹੁੰਦੀ ਹੈ; ਜਦ ਮੂਲ/ਸ਼ੁਰੂਆਤ ਭਲੀ ਹੋਵੇ ਤਾਂ ਉਤਪਤੀ/ਬਣਤਰ ਵੀ ਭਲੀ ਹੀ ਹੁੰਦੀ ਹੈ

**ਸਤਿ ਕਰਣੀ   ਨਿਰਮਲ ਨਿਰਮਲੀ ॥**

**ਜਿਸਹਿ ਬੁਝਾਏ   ਤਿਸਹਿ ਸਭ ਭਲੀ ॥**

ਸੱਤ/ਪਰਮਾਤਮਾ ਦੇ ਹੁਕਮ 'ਚ ਕਰਮ ਨਿਰਮਲ/ਪਵਿੱਤਰ ਹੁੰਦੇ ਨੇ; ਜੇ ਇਹ ਸਮਝ ਆ ਜਾਏ ਤਾਂ ਸਭ ਭਲਾ ਹੁੰਦਾ ਹੈ

**ਸਤਿ ਨਾਮੁ ਪ੍ਰਭ ਕਾ ਸੁਖਦਾਈ ॥**

**ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥**

ਪ੍ਰਭੂ ਦਾ ਅਟੱਲ ਹੁਕਮ ਸਦਾ ਸੁਖ ਦੇਂਦਾ ਹੈ, ਤੇ ਇਹ ਵਿਸ਼ਵਾਸ/ਭਰੋਸਾ ਗੁਰੂ (ਦੇ ਗਿਆਨ) ਤੋਂ ਮਿਲ਼ਦਾ ਹੈ

**ਸਤਿ ਬਚਨ ਸਾਧੂ ਉਪਦੇਸ ॥**

**ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥**

ਗੁਰੂ ਦੇ ਉਪਦੇਸ਼ ਹੀ ਭਲੇ ਬਚਨ ਨੇ, ਜਿਨ੍ਹਾਂ ਦੇ ਹਿਰਦੇ 'ਚ ਗੁਰੂ ਦਾ ਉਪਦੇਸ਼ ਵੱਸਦਾ ਹੈ ਉਹੀ ਜਨ/ਸੇਵਕ ਭਲੇ ਨੇ।

**ਸਤਿ ਨਿਰਤਿ ਬੂਝੈ ਜੇ ਕੋਇ ॥**

**ਨਾਮੁ ਜਪਤ ਤਾ ਕੀ ਗਤਿ ਹੋਇ ॥**

ਜੇ ਕੋਈ ਰੱਬੀ ਗਿਆਨ (ਸੱਤ) ਨੂੰ ਜਾਣ/ਸਮਝ ਲਵੇ, ਰੱਬੀ ਨਾਮ/ਹੁਕਮ 'ਚ ਜੀ ਕੇ ਉਸਦੀ ਗਤੀ (ਦੁੱਖਾਂ-ਵਿਕਾਰਾਂ ਤੋਂ ਮੁਕਤੀ) ਹੁੰਦੀ ਹੈ।

**ਆਪਿ ਸਤਿ ਕੀਆ ਸਭੁ ਸਤਿ ॥**

**ਆਪੇ ਜਾਨੈ ਅਪਨੀ ਮਿਤਿ ਗਤਿ ॥**

ਆਪ ਪਰਮਾਤਮਾ ਸਦਾ ਅਟੱਲ ਹੈ, 'ਤੇ ਉਸਦੇ ਹੁਕਮ (ਨੂੰ ਮੰਨਣ) ਨਾਲ਼ ਸਭ ਸੱਤ/ਭਲਾ ਹੁੰਦਾ ਹੈ, ਉਹ ਪਰਮਾਤਮਾ ਹੀ ਅਪਣੀ ਬਣਾਈ ਰਚਨਾ ਦੀ ਮਿੱਤ/ਭਲਾ ਜਾਣਦਾ ਹੈ।

**ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥**

**ਅਵਰ ਨ ਬੂਝਿ ਕਰਤ ਬੀਚਾਰੁ ॥**

ਇਹ ਸਾਰੀ ਸ੍ਰਿਸ਼ਟੀ ਜਿਸ ਰੱਬ ਦੀ ਬਣਾਈ ਹੋਈ ਹੈ, ਉਹ ਆਪ ਇਸ ਵਿੱਚ ਵੱਸ ਕੇ ਅਪਣੇ ਨੇਮ 'ਚ ਚਲਾ ਰਿਹਾ ਹੈ। ਉਸਦੇ ਅਟੱਲ ਨਿਯਮ ਕਿਸੇ ਹੋਰ ਤੋਂ ਸਲਾਹ-ਵਿਚਾਰ ਲੈ ਕੇ ਨਹੀਂ ਬਦਲਦੇ।

**ਕਰਤੇ ਕੀ ਮਿਤਿ ਨ ਜਾਨੈ ਕੀਆ ॥**

**ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥**

ਕਰਤੇ ਪੁਰਖ ਪਰਮਾਤਮਾ ਦਾ ਅੰਤ ਅਸੀਂ ਨਹੀਂ ਪਾ ਸਕਦੇ, ਜੋ ਉਸਨੂੰ ਭਾਉਂਦਾ (ਉਸਦਾ ਹੁਕਮ/ਨੇਮ) ਹੈ, ਉਹ ਹੀ ਸਾਰੀ ਰਚਨਾ ਵਿੱਚ ਵਰਤ ਰਿਹਾ ਹੈ (ਸਾਡੀ ਸਿਆਣਪ/ਚਲਾਕੀਆਂ ਨਾਲ਼ ਉਹ ਨਿਯਮ ਨਹੀਂ ਬਦਲਦੇ)।

**ਬਿਸਮਨ ਬਿਸਮ ਭਏ ਬਿਸਮਾਦ ॥**

**ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥**

ਜਿਸ ਜਿਸ ਨੇ ਵੀ ਪਰਮਾਤਮਾ ਦੇ ਹੁਕਮ ਨੂੰ ਅਟੱਲ ਜਾਣ/ਮੰਨ ਲਿਆ, ਉਹ ਉਸਦੀ ਕੁਦਰਤ ਦੀ ਬੇਅੰਤਤਾ ਤੱਕ ਕੇ ਵਿਸਮਾਦ/ਅਨੰਦ ਵਿੱਚ ਰਹਿੰਦਾ ਹੈ।

**ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥**

**ਗੁਰ ਕੈ ਬਚਨਿ ਪਦਾਰਥ ਲਹੇ ॥**

ਰੱਬੀ ਹੁਕਮ ਨੂੰ ਮੰਨਣ ਵਾਲ਼ੇ ਜਨ/ਸੇਵਕ ਰੱਬੀ ਰੰਗ 'ਚ ਰੰਗੇ ਰਹਿੰਦੇ ਨੇ, ਗੁਰੂ ਦੇ ਬਚਨਾਂ/ਗਿਆਨ 'ਚੋਂ ਉਨ੍ਹਾਂ ਨੂੰ ਰੱਬੀ ਪਿਆਰ ਦੇ ਰੰਗ ਦੀ ਦਾਤ ਮਿਲ਼ਦੀ ਹੈ।

**ਓਇ ਦਾਤੇ ਦੁਖ ਕਾਟਨਹਾਰ ॥**

**ਜਾ ਕੈ ਸੰਗਿ ਤਰੈ ਸੰਸਾਰ ॥**

ਗੁਰੂ ਦੇ ਬਚਨ ਹੀ ਉਹ ਦਾਤੇ ਨੇ ਜੋ ਦੁੱਖ ਕੱਟਦੇ ਨੇ, ਉਨ੍ਹਾਂ ਬਚਨਾਂ ਨਾਲ਼ ਹੀ ਸਾਡੇ ਸਾਰੇ (ਅੰਦਰੂਨੀ) ਸੰਸਾਰ ਦਾ ਪਾਰ ਉਤਾਰਾ ਹੁੰਦਾ ਹੈ।

**ਜਨ ਕਾ ਸੇਵਕੁ ਸੋ ਵਡਭਾਗੀ ॥**

**ਜਨ ਕੈ ਸੰਗਿ ਏਕ ਲਿਵ ਲਾਗੀ ॥**

ਐਸੇ ਜਨ/ਗੁਰੂ ਦੇ ਬਚਨਾਂ ਨੂੰ ਕਮਾਉਣ ਵਾਲ਼ਾ ਸੇਵਕ ਵੱਡੇ ਭਾਗਾਂ ਵਾਲ਼ਾ ਹੈ, ਗੁਰੂ ਦੇ ਗਿਆਨ ਦੇ ਸੰਗ ਵਿੱਚ ਇੱਕ ਪਰਮਾਤਮਾ ਨਾਲ਼ ਲਿਵ ਲੱਗਦੀ ਹੈ।

ਗੁਨ ਗੋਬਿਦ ਕੀਰਤਨੁ ਜਨੁ ਗਾਵੈ ॥

ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥

ਰੱਬੀ ਗੁਣਾਂ ਰਾਹੀ ਕੀਰਤ/ਜੱਸ ਗੁਰੂ ਦੇ ਗਿਆਨ ਨੂੰ ਗਾ (ਜੀਵਨ 'ਚ ਉਤਾਰ) ਕੇ ਹੁੰਦਾ ਹੈ। ਗੁਰੂ ਦੀ ਕਿਰਪਾ/ਗਿਆਨ ਨਾਲ਼ ਰੱਬੀ ਗੁਣਾਂ ਵਾਲ਼ਾ ਫਲ਼ ਮਿਲ਼ਦਾ ਹੈ।

## ਸਲੋਕੁ ॥

ਆਦਿ ਸਚੁ ਜੁਗਾਦਿ ਸਚੁ ॥

ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥

ਸਾਡਾ ਅਰੰਭ ਪਰਮਾਤਮਾ ਤੋਂ ਹੈ, ਅਤੇ ਅਰੰਭ ਤੋਂ ਹੁਣ ਤੱਕ ਉਹ ਸਾਡੇ ਨਾਲ਼ ਹੈ। ਹੁਣ ਵੀ ਸਦਾ ਨਾਲ਼ ਹੈ, ਅਤੇ ਅੱਗੇ ਵੀ (ਅਖੀਰ ਤੱਕ) ਸਦਾ ਨਾਲ਼ ਰਹੇਗਾ।

## ਅਸਟਪਦੀ ॥

ਚਰਨ ਸਤਿ ਸਤਿ ਪਰਸਨਹਾਰ ॥

ਪੂਜਾ ਸਤਿ ਸਤਿ ਸੇਵਦਾਰ ॥

ਪਰਮਾਤਮਾ ਦੇ ਚਰਨ (ਸਾਡੇ ਅੰਦਰ ਬਾਹਰ ਉਸਦੀ ਹੋਂਦ) ਅਟੱਲ ਹੈ, ਅਤੇ ਇਸਨੂੰ ਪਰਸਨ (ਅਹਿਸਾਸ ਰੱਖਣ) ਵਾਲ਼ੇ ਅਟੱਲ ਰਹਿੰਦੇ ਨੇ (ਡੋਲਦੇ ਨਹੀਂ)। ਹਰ ਥਾਂ ਵੱਸਦੇ ਪ੍ਰਭੂ ਦਾ ਅਹਿਸਾਸ ਹੋਣਾ ਹੀ ਉਸਦੀ ਅਟੱਲ ਪੂਜਾ ਹੈ, ਤੇ ਇਹ ਪੂਜਾ ਕਰਨ ਵਾਲ਼ੇ ਵੀ ਅਟੱਲ ਸੇਵਾਦਾਰ ਨੇ।

ਦਰਸਨੁ ਸਤਿ ਸਤਿ ਪੇਖਨਹਾਰ ॥

ਨਾਮੁ ਸਤਿ ਸਤਿ ਧਿਆਵਨਹਾਰ ॥

ਪਰਮਾਤਮਾ ਨੂੰ ਹਰ ਥਾਂ, ਸਭ ਵਿੱਚ ਦੇਖਣਾ ਉਸਦੇ ਅਟੱਲ ਦਰਸ਼ਨ ਨੇ, ਤੇ ਇੰਝ ਦਰਸ਼ਨ ਕਰਨ ਵਾਲ਼ੇ ਵੀ ਅਟੱਲ ਨੇ (ਵਿਕਾਰਾਂ 'ਚ ਨਹੀਂ ਡੋਲਦੇ)। ਪਰਮਾਤਮਾ ਦਾ ਨਾਮ/ਨਿਯਮ/ਹੁਕਮ ਵੀ ਅਟੱਲ ਹੈ; ਉਸ ਵੱਲ ਧਿਆਨ ਕਰਨ ਵਾਲ਼ੇ (ਸਿਰ ਮੱਥੇ ਮੰਨਣ ਵਾਲ਼ੇ) ਕਦੀ ਨਹੀਂ ਡੋਲਦੇ।

**ਆਪਿ ਸਤਿ ਸਤਿ ਸਭ ਧਾਰੀ ॥**

**ਆਪੇ ਗੁਣ ਆਪੇ ਗੁਣਕਾਰੀ ॥**

ਆਪ ਪਰਮਾਤਮਾ ਅਟੱਲ ਹੈ, ਤੇ ਉਸ ਅਟੱਲ ਪਰਮਾਤਮਾ ਦੇ ਹੁਕਮ 'ਚ ਸਭ ਟਿਕਿਆ ਹੋਇਆ ਹੈ। ਸਭ ਅੰਦਰ ਜੀਵਨ ਰੂਪੀ ਗੁਣ ਪਰਮਾਤਮਾ ਆਪ ਹੈ; ਇਸ ਗੁਣ ਨੂੰ ਕਰਨ/ਬਣਾਉਣ ਵਾਲ਼ਾ ਵੀ ਉਹ ਆਪ ਹੈ।

**ਸਬਦੁ ਸਤਿ ਸਤਿ ਪ੍ਰਭੁ ਬਕਤਾ ॥**

**ਸੁਰਤਿ ਸਤਿ ਸਤਿ ਜਸੁ ਸੁਨਤਾ ॥**

ਉਸਦਾ ਸ਼ਬਦ/ਗਿਆਨ ਅਟੱਲ ਹੈ; ਉਹ ਪ੍ਰਭੂ ਜੋ ਬੋਲਦਾ (ਹੁਕਮ ਕਰਦਾ) ਹੈ, ਉਹ ਵੀ ਸਦਾ ਅਟੱਲ ਹੈ। ਉਸਦੀ ਸੁਰਤ ਸਦਾ ਅਟੱਲ ਹੈ ਜੋ ਉਸ ਪਰਮਾਤਮਾ ਨੂੰ ਸੁਣਦਾ/ਮੰਨਦਾ ਹੈ।

**ਬੁਝਨਹਾਰ ਕਉ ਸਤਿ ਸਭ ਹੋਇ ॥**

**ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥**

ਇਸ ਸਮਝ ਰੱਖਣ ਵਾਲ਼ੇ ਦਾ ਅੰਦਰਲਾ (ਸੁਰਤ, ਮੱਤ, ਮਨ ) ਸਭ ਅਟੱਲ/ਅਡੋਲ ਹੋ ਜਾਂਦਾ ਹੈ। ਇੰਝ ਅੰਦਰੋਂ ਸੱਤ/ਅਡੋਲ ਹੋ ਕੇ ਅਟੱਲ ਪਰਮਾਤਮਾ ਨਾਲ਼ ਇੱਕ ਹੋ ਜਾਈਦਾ ਹੈ।

**ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥**

**ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥**

ਜਿਸਨੇ ਅਪਣੇ ਹਿਰਦੇ 'ਚ ਸੱਤ ਸਰੂਪ ਪਰਮਾਤਮਾ ਨੂੰ ਮੰਨਿਆ ਹੈ। ਉਸਨੇ ਕਰਨ-ਕਰਾਵਨਹਾਰ ਪਰਮਾਤਮਾ ਦਾ ਮੂਲ (ਅਪਣੇ ਅੰਦਰ ਹੀ) ਪਛਾਣ ਲਿਆ ਹੈ।

**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥**

**ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥**

ਜਿਸਦੇ ਅੰਦਰ ਪਰਮਾਤਮਾ ਦੀ ਅਟੱਲ ਹੋਂਦ ਦਾ ਭਰੋਸਾ ਆ ਗਿਆ। ਓਸੇ ਦੇ ਮਨ ਅੰਦਰ ਤੱਤ ਗਿਆਨ ਪਰਗਟ ਹੋ ਜਾਂਦਾ ਹੈ

**ਭੈ ਤੇ ਨਿਰਭਉ ਹੋਇ ਬਸਾਨਾ ॥**

**ਜਿਸ ਤੇ ਉਪਜਿਆ ਤਿਸੁ ਮਾਹਿ ਸਮਾਨਾ ॥**

ਉਸਦੇ ਅੰਦਰੋਂ ਸਾਰੇ ਡਰ ਮੁੱਕਦੇ ਨੇ, ਤੇ ਉਹ ਨਿਰਭਉ ਹੋ ਜਾਂਦਾ ਹੈ। ਜਿਸ ਪਰਮਾਤਮਾ ਨੇ ਬਣਾਇਆ ਹੈ, ਓਸੇ 'ਚ ਸਮਾਇਆ ਰਹਿੰਦਾ ਹੈ।

**ਬਸਤੁ ਮਾਹਿ ਲੇ ਬਸਤੁ ਗਡਾਈ ॥**

**ਤਾ ਕਉ ਭਿੰਨ ਨ ਕਹਨਾ ਜਾਈ ॥**

ਜਿਵੇਂ ਇੱਕ ਚੀਜ਼ ਉਸ ਵਰਗੀ ਹੀ ਦੂਜੀ 'ਚ ਰਲ਼ਾ ਦਿਤੀ ਜਾਵੇ ਤਾਂ ਕੋਈ ਫਰਕ ਨਹੀਂ ਦਿੱਸਦਾ (ਰੱਬ ਵਰਗੇ ਹੋ ਕੇ ਹੀ ਉਸ 'ਚ ਇੱਕ ਹੋ ਜਾਈਦਾ ਹੈ)

**ਬੂਝੈ ਬੂਝਨਹਾਰੁ ਬਿਬੇਕ ॥**

**ਨਾਰਾਇਨ ਮਿਲੇ ਨਾਨਕ ਏਕ ॥੨॥**

ਬਿਬੇਕ/ਸੁਮੱਤ ਨਾ਼ਲ ਸਮਝਣ ਵਾ਼ਲਾ ਇਸ ਭੇਤ ਨੂੰ ਜਾਣ ਲੈਂਦਾ ਹੈ। ਇਸ ਗਿਆਨ ਨਾ਼ਲ ਨਾਰਾਇਣ/ਪਰਮਾਤਮਾ ਨਾ਼ਲ ਇੱਕ ਹੋ ਜਾਂਦਾ ਹੈ।

**ਠਾਕੁਰ ਕਾ ਸੇਵਕੁ ਆਗਿਆਕਾਰੀ ॥**

**ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥**

ਠਾਕੁਰ/ਰੱਬ ਦਾ ਸੇਵਕ ਉਹ ਹੈ ਜੋ ਉਸਦੀ ਆਗਿਆ/ਹੁਕਮ 'ਚ ਜੀਊਂਦਾ ਹੈ। ਰੱਬ ਦਾ ਸੇਵਕ ਉਹ ਹੈ ਜੋ ਸਦਾ ਪੂਜਾ ਵਿੱਚ (ਰੱਬੀ ਹੁਕਮ ਨੂੰ ਸਮਰਪਤ) ਹੈ।

**ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥**

**ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥**

ਠਾਕੁਰ/ਪਰਮਾਤਮਾ ਦੇ ਸੇਵਕ ਦੇ ਮਨ ਅੰਦਰ ਭਰੋਸਾ ਰਹਿੰਦਾ ਹੈ (ਉਹ ਡੋਲਦਾ ਨਹੀਂ)। ਠਾਕੁਰ/ਰੱਬ ਦੇ ਸੇਵਕ ਦਾ ਜੀਵਨ ਪਵਿੱਤਰ ਹੁੰਦਾ ਹੈ (ਵਿਕਾਰਾਂ 'ਚ ਮੈ਼ਲਾ ਨਹੀਂ ਹੁੰਦਾ)।

ਠਾਕੁਰ ਕਉ ਸੇਵਕੁ ਜਾਨੈ ਸੰਗਿ ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥

ਰੱਬ ਦਾ ਸੇਵਕ ਰੱਬ ਨੂੰ ਸਦਾ ਨਾਲ਼ ਜਾਣਦਾ ਹੈ। ਪਰਮਾਤਮਾ ਦਾ ਸੇਵਕ ਸਦਾ ਰੱਬੀ ਨਾਮ/ਨਿਯਮ/ਹੁਕਮ ਦੇ ਰੰਗ ਵਿੱਚ ਜੀਉਂਦਾ ਹੈ।

ਸੇਵਕ ਕਉ ਪ੍ਰਭ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥

ਰੱਬ ਦਾ ਸੇਵਕ ਜਾਣਦਾ ਹੈ ਕਿ ਉਸਨੂੰ ਪਾਲਣ ਵਾਲ਼ਾ ਪਰਮਾਤਮਾ ਆਪ ਹੈ। ਪਰਮਾਤਮਾ ਦਾ ਸੇਵਕ ਜਾਣਦਾ ਹੈ ਕਿ ਉਸਨੂੰ ਅਟੱਲ/ਅਡੋਲ ਰੱਖਣ ਵਾਲ਼ਾ ਪਰਮਾਤਮਾ ਆਪ ਹੈ।

ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥

ਸੇਵਕ ਉਹ ਹੈ ਜੋ ਪਰਮਾਤਮਾ ਦੀ ਕਿਰਪਾ/ਹੁਕਮ ਨੂੰ ਧਾਰਣ ਕਰਦਾ ਹੈ (ਜੀਵਨ 'ਚ ਉਤਾਰਦਾ ਹੈ)। ਐਸਾ ਸੇਵਕ ਹਰ ਸਾਹ ਨਾਲ਼ ਰੱਬੀ ਹੁਕਮ ਨੂੰ ਸੰਭਾਲ਼ਦਾ/ਮੰਨਦਾ ਹੈ।

ਅਪੁਨੇ ਜਨ ਕਾ ਪਰਦਾ ਢਾਕੈ ॥
ਅਪਨੇ ਸੇਵਕ ਕੀ ਸਰਪਰ ਰਾਖੈ ॥

ਪਰਮਾਤਮਾ ਆਪ ਅਪਣੇ ਸੇਵਕ ਦੇ ਪਰਦੇ ਕੱਜਦਾ ਹੈ (ਔਗਣ ਦੂਰ ਕਰਦਾ ਹੈ)। ਪਰਾਮਤਮਾ ਅਪਣੇ ਸੇਵਕ ਦੀ (ਵਿਕਾਰਾਂ ਤੋਂ) ਰੱਖਿਆ ਕਰਦਾ ਹੈ।

ਅਪਨੇ ਦਾਸ ਕਉ ਦੇਇ ਵਡਾਈ ॥
ਅਪਨੇ ਸੇਵਕ ਕਉ ਨਾਮੁ ਜਪਾਈ ॥

ਅਪਣੇ ਦਾਸ/ਸੇਵਕ ਨੂੰ ਆਪ ਵਡਿਆਈ ਦੇਂਦਾ ਹੈ। ਅਪਣੇ ਸੇਵਕ ਨੂੰ ਰੱਬੀ ਨਾਮ/ ਹੁਕਮ ਨੂੰ ਜਪਣ/ਮੰਨਣ ਦੀ ਤਾਕਤ ਦੇਂਦਾ ਹੈ।

**ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥**
**ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥**

ਪਰਮਾਤਮਾ ਅਪਣੇ ਸੇਵਕ ਦੀ ਆਪ (ਵਿਕਾਰਾਂ ਵੱਲੋਂ) ਪੱਤ ਰੱਖਦਾ ਹੈ। ਰੱਬੀ ਹੁਕਮ ਨੂੰ ਸਮਰਪਤ ਐਸੇ ਸੇਵਕਾਂ ਦੇ ਉੱਚੇ ਜੀਵਨ ਬਾਰੇ ਕੋਈ ਬਿਆਨ ਨਹੀਂ ਕੀਤਾ ਜਾ ਸਕਦਾ।

**ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥**
**ਪ੍ਰਭ ਕੇ ਸੇਵਕ ਊਚ ਤੇ ਊਚੇ ॥**

ਪਰਮਾਤਮਾ ਦੇ ਸੇਵਕ ਦੀ ਉੱਚੀ ਸੁਰਤ ਤੱਕ ਕੋਈ ਵਿਕਾਰ ਨਹੀਂ ਪੁੱਜਦਾ। ਰੱਬ ਦੇ ਸੇਵਕ ਰੱਬੀ ਗੁਣਾਂ ਕਰਕੇ ਅੰਦਰੋਂ ਉੱਚੇ ਹੁੰਦੇ ਜਾਂਦੇ ਨੇ।

**ਜੋ ਪ੍ਰਭਿ ਅਪਨੀ ਸੇਵਾ ਲਾਇਆ ॥**
**ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ ॥੪॥**

ਜੋ ਪ੍ਰਭੂ (ਦੇ ਹੁਕਮ) ਵੱਲੋਂ ਮਿ਼ਲੀ ਸੇਵਾ 'ਚ ਖੁਦ ਨੂੰ ਲਗਾ ਲੈਂਦਾ ਹੈ। ਉਸ ਸੇਵਕ ਨੂੰ ਹਰ ਥਾਂ ਪਰਮਾਤਮਾ ਦੇ ਦਰਸ਼ਨ (ਉਸਦੀ ਹੋਂਦ ਦਾ ਅਹਿਸਾਸ) ਪਰਗਟ ਹੁੰਦਾ ਹੈ।

**ਨੀਕੀ ਕੀਰੀ ਮਹਿ ਕਲ ਰਾਖੈ ॥**
**ਭਸਮ ਕਰੈ ਲਸਕਰ ਕੋਟਿ ਲਾਖੈ ॥**

ਨਿੱਕੀ ਕੀੜੀ (ਹਲੀਮੀ ਵਾ਼ਲੇ ਮਨ) ਨੂੰ ਪਰਮਾਤਮਾ ਆਪ ਹਰ ਕਾ਼ਲਖ/ਵਿਕਾਰ ਤੋਂ ਬਚਾਉਂਦਾ ਹੈ। ਲੱਖਾਂ ਕ੍ਰੋੜਾਂ ਵਾ਼ਲੇ ਲਸ਼ਕਰ (ਤਾਕਤ ਦੇ ਅਹੰਕਾਰ ਵਾ਼ਲੇ) ਵਿਕਾਰਾਂ 'ਚ ਪੈ ਕੇ ਸੁਆਹ ਹੋ ਜਾਂਦੇ ਨੇ।

**ਜਿਸ ਕਾ ਸਾਸੁ ਨ ਕਾਢਤ ਆਪਿ ॥**
**ਤਾ ਕਉ ਰਾਖਤ ਦੇ ਕਰਿ ਹਾਥ ॥**

ਜੀਹਦੇ ਵਿੱਚੋਂ ਮੈਂ-ਮੇਰੀ (ਹਉਮੈ) ਨੇ ਸਾਹ (ਜੀਵਨ) ਨਹੀਂ ਮੁਕਾਇਆ ਹੈ। ਉਸ ਹਲੀਮੀ ਵਾ਼ਲੇ ਸੇਵਕ ਨੂੰ ਆਪ ਅਪਣਾ ਹੱਥ (ਹੁਕਮ ਦਾ ਆਸਰਾ) ਦੇ ਕੇ ਪਰਮਾਤਮਾ ਰੱਖਦਾ ਹੈ।

**ਮਾਨਸ ਜਤਨ ਕਰਤ ਬਹੁ ਭਾਤਿ ॥**

**ਤਿਸ ਕੇ ਕਰਤਬ ਬਿਰਥੇ ਜਾਤਿ ॥**

ਮਨੁੱਖ ਅਪਣੀ ਹਉਮੈ ਵੱਸ ਹੋ ਕੇ ਬਹੁਤ ਜਤਨ ਕਰਦਾ ਹੈ। ਪਰ ਉਸਦੇ ਸਾਰੇ ਕਰਤਬ ਵਿਅਰਥ ਹੀ ਜਾਂਦੇ ਨੇ (ਕਦੀ ਸੰਤੋਖ ਨਹੀਂ ਹੁੰਦਾ)।

**ਮਾਰੈ ਨ ਰਾਖੈ ਅਵਰੁ ਨ ਕੋਇ ॥**

**ਸਰਬ ਜੀਆ ਕਾ ਰਾਖਾ ਸੋਇ ॥**

ਮਨੁੱਖ ਨੂੰ ਬਾਹਰੋਂ ਨਾ ਤਾਂ ਕੋਈ ਆਤਮਕ ਮੌਤ ਮਾਰਦਾ ਹੈ, ਨਾ ਹੀ ਬਚਾ ਸਕਦਾ ਹੈ। ਸਭ ਨੂੰ (ਹਉਮੈ ਆਦਿ ਵਿਕਾਰਾਂ ਵਿੱਚ ਮਿਲਣ ਵਾਲ਼ੀ) ਅੰਦਰੂਨੀ ਮੌਤ ਤੋਂ ਕੇਵਲ ਪਰਮਾਤਮਾ (ਵੱਲ ਸਮਰਪਤ ਧਿਆਨ) ਹੀ ਬਚਾਉਂਦਾ ਹੈ।

**ਕਾਹੇ ਸੋਚ ਕਰਹਿ ਰੇ ਪ੍ਰਾਣੀ ॥**

**ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥**

ਓ ਪ੍ਰਾਣੀ! ਐਵੇਂ ਮੈਂ-ਮੇਰੀ ਨਾਲ਼ ਜੁੜੀਆਂ ਸੋਚਾਂ 'ਚ ਨਾ ਪੈ। ਸਦਾ ਪਰਮਾਤਮਾ (ਦੇ ਹੁਕਮ) ਨੂੰ ਜਪ (ਜੀਵਨ ਵਿੱਚ ਦ੍ਰਿੜ੍ਹ) ਕਰਿਆ ਕਰ।

**ਬਾਰੰਬਾਰ ਬਾਰ ਪ੍ਰਭੁ ਜਪੀਐ ॥**

**ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥**

ਬਾਰ-ਬਾਰ (ਹਰ ਪਲ) ਪਰਮਾਤਮਾ (ਦੇ ਹੁਕਮ) ਨੂੰ ਜਪੀਏ (ਜੀਵਨ ਵਿੱਚ ਦ੍ਰਿੜ੍ਹ ਕਰੀਏ)। ਰੱਬੀ ਹੁਕਮ ਨੂੰ ਦ੍ਰਿੜ੍ਹ ਕਰਨਾ ਹੀ ਉਹ ਅੰਮ੍ਰਿਤ ਹੈ ਜਿਸ ਨਾਲ਼ ਸਾਡਾ ਮਨ-ਤਨ (ਵਿਚਾਰ ਤੇ ਵਿਹਾਰ) ਵਿੱਚ ਸੰਤੋਖ ਆਉਂਦਾ ਹੈ

**ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥**

**ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥**

ਰੱਬੀ ਨਾਮ/ਹੁਕਮ (ਨੂੰ ਮੰਨਣ ਦਾ) ਰਤਨ ਜੋ ਗੁਰੂ ਗਿਆਨ ਕੋਲ਼ੋਂ ਲੈਂਦਾ ਹੈ। ਉਸਨੂੰ ਹੋਰ ਕੁਝ (ਵਿਕਾਰਾਂ ਵਾਲ਼ਾ ਰਾਹ) ਨਹੀਂ ਦਿੱਸਦਾ (ਉਸ ਪਾਸੇ ਨਹੀਂ ਜਾਂਦਾ)।

**ਨਾਮੁ ਧਨੁ   ਨਾਮੋ ਰੂਪੁ ਰੰਗੁ ॥**

**ਨਾਮੋ ਸੁਖੁ   ਹਰਿ ਨਾਮ ਕਾ ਸੰਗੁ ॥**

ਉਸ ਲਈ ਰੱਬੀ ਨਾਮ/ਹੁਕਮ ਹੀ ਧਨ-ਦੌਲਤ, ਰੂਪ-ਰੰਗ ਹੈ। ਰੱਬੀ ਹੁਕਮ ਦਾ ਸੰਗ ਕਰਨ (ਜੀਵਨ 'ਚ ਉਤਾਰਨ) ਵਾਲ਼ੇ ਉਸ 'ਚ ਹੀ ਸੁੱਖ ਲੈਂਦੇ ਨੇ।

**ਨਾਮ ਰਸਿ   ਜੋ ਜਨ ਤ੍ਰਿਪਤਾਨੇ ॥**

**ਮਨ ਤਨ   ਨਾਮਹਿ ਨਾਮਿ ਸਮਾਨੇ ॥**

ਜੋ ਰੱਬੀ ਹੁਕਮ ਦੇ ਰਸ ਵਿੱਚ ਸਦਾ ਰੱਜੇ ਰਹਿੰਦੇ ਨੇ। ਉਹ ਮਨ ਅਤੇ ਤਨ (ਵਿਚਾਰ ਅਤੇ ਵਿਹਾਰ) ਕਰਕੇ ਰੱਬੀ ਹੁਕਮ 'ਚ ਹੀ ਸਮਾਏ ਰਹਿੰਦੇ ਨੇ।

**ਊਠਤ   ਬੈਠਤ   ਸੋਵਤ ਨਾਮ ॥**

**ਕਹੁ ਨਾਨਕ   ਜਨ ਕੈ ਸਦ ਕਾਮ ॥੬॥**

ਉਠਦਿਆਂ-ਬਹਿੰਦਿਆਂ-ਸੌਂਦਿਆਂ, ਹਰ ਵੇਲ਼ੇ ਰੱਬੀ ਨਾਮ/ਹੁਕਮ ਨੂੰ ਸਮਰਪਤ ਰਹਿਣਾ ਹੀ ਰੱਬ ਦੇ ਸੇਵਕਾਂ ਦਾ ਕੰਮ ਹੈ

**ਬੋਲਹੁ ਜਸੁ ਜਿਹਬਾ   ਦਿਨੁ ਰਾਤਿ ॥**

**ਪ੍ਰਭਿ   ਅਪਨੈ ਜਨ   ਕੀਨੀ ਦਾਤਿ ॥**

ਦਿਨ ਰਾਤ ਅਪਣੀ ਜ਼ੁਬਾਨ/ਬੋਲ-ਬਾਣੀ ਨਾਲ਼ ਪਰਾਮਤਮਾ ਦਾ ਜੱਸ/ਸ਼ੁਕਰਾਨਾ ਕਰੋ (ਸਿਕਾਇਤਾਂ-ਮੰਗਾਂ ਤੋਂ ਦੂਰ ਰਹੀਏ)। ਪ੍ਰਭੂ ਨੇ ਅਪਣੇ ਸੇਵਕਾਂ ਨੂੰ (ਸੰਤੋਖ ਦੀ) ਇਹ ਦਾਤ ਦਿੱਤੀ ਹੈ।

**ਕਰਹਿ ਭਗਤਿ   ਆਤਮ ਕੈ ਚਾਇ ॥**

**ਪ੍ਰਭ ਅਪਨੇ ਸਿਉ   ਰਹਹਿ ਸਮਾਇ ॥**

ਪਰਮਾਤਮਾ ਦੇ ਸੇਵਕ ਸਦਾ ਅੰਦਰੋਂ ਚਾਅ ਨਾਲ਼ ਭਗਤੀ (ਰੱਬੀ ਹੁਕਮ ਨੂੰ ਪਾਲਣ) ਕਰਦੇ ਨੇ। ਇੰਝ ਕਰਕੇ ਉਹ ਸਦਾ ਅਪਣੇ ਪ੍ਰਭੂ ਨਾਲ਼ ਸਮਾਏ ਹੋਏ ਰਹਿੰਦੇ ਨੇ।

**ਜੋ ਹੋਆ ਹੋਵਤ ਸੋ ਜਾਨੈ ॥**

**ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥**

ਰੱਬ ਦੇ ਸੇਵਕ, ਜੋ ਵੀ ਹੋਇਆ, ਜਾਂ ਹੋਣਾ ਹੈ – ਉਸ ਸਭ ਵਿੱਚ ਅਪਣੇ ਪ੍ਰਭੂ ਦੇ ਹੁਕਮ ਨੂੰ ਜਾਣ/ਸਮਝ ਕੇ ਅਮਲ ਕਰਦੇ ਨੇ

**ਤਿਸ ਕੀ ਮਹਿਮਾ ਕਉਨ ਬਖਾਨਉ ॥**

**ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥**

ਐਸੇ ਰੱਬ ਦੇ ਸੇਵਕ ਦੀ ਮਹਿਮਾ ਕਹੀ ਨਹੀਂ ਜਾ ਸਕਦੀ; ਆਖ ਕੇ ਤਾਂ ਉਸਦੇ ਇੱਕ ਵੀ ਗੁਣ ਨੂੰ ਅਸੀਂ ਨਹੀਂ ਜਾਣ ਸਕਦੇ

**ਆਠ ਪਹਰ ਪ੍ਰਭ ਬਸਹਿ ਹਜੂਰੇ ॥**

**ਕਹੁ ਨਾਨਕ ਸੇਈ ਜਨ ਪੂਰੇ ॥੭॥**

ਉਸਦੇ ਹਿਰਦੇ/ਸੁਰਤ ਵਿੱਚ ਅੱਠੇ ਪਹਿਰ ਪਰਮਾਤਮਾ ਵੱਸਦਾ ਹੈ; ਉਹ ਹੀ ਪੂਰੇ ਸੇਵਕ ਹੁੰਦੇ ਨੇ

**ਮਨ ਮੇਰੇ ਤਿਨ ਕੀ ਓਟ ਲੇਹਿ ॥**

**ਮਨੁ ਤਨੁ ਅਪਨਾ ਤਿਨ ਜਨ ਦੇਹਿ ॥**

ਮੇਰੇ ਮਨਾ! ਉਨ੍ਹਾਂ ਰੱਬ ਦੇ ਸੇਵਕਾਂ ਦੀ ਓਟ ਲੈ (ਉਨ੍ਹਾਂ ਦੇ ਜੀਵਨ ਤੋਂ ਸੇਧ ਲੈ)। ਅਪਣਾ ਮਨ-ਤਨ (ਵਿਚਾਰ ਅਤੇ ਵਿਹਾਰ) ਉਨ੍ਹਾਂ ਸੇਵਕਾਂ ਵਰਗਾ ਕਰ ਲੈ।

**ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥**

**ਸੋ ਜਨੁ ਸਰਬ ਥੋਕ ਕਾ ਦਾਤਾ ॥**

ਜਿਨ੍ਹਾਂ ਨੇ ਅਪਣੇ ਮਾਲਕ ਪ੍ਰਭੂ ਨੂੰ ਪਛਾਣਿਆ ਹੈ। ਉਸ ਸੇਵਕ ਕੋਲ਼ ਸਭ ਕੁਝ ਹੈ (ਜੀਵਨ ਸੰਤੋਖ ਨਾਲ਼ ਭਰਿਆ ਹੈ)।

**ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥**

**ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥**

ਉਸ ਸੇਵਕ ਦੀ ਸ਼ਰਨ ਵਿੱਚ (ਉਸਦੀ ਜੀਵਨ ਜਾਚ ਨੂੰ ਸਮਰਪਤ ਹੋ ਕੇ) ਸਾਰੇ ਸੁੱਖ ਮਿਲ਼ਦੇ ਨੇ। ਉਸਦੇ ਦਰਸ਼ਨ (ਗਿਆਨ) ਨਾਲ਼ ਅੰਦਰੋਂ ਸਾਰੇ ਪਾਪ/ਵਿਕਾਰ ਮਿਟਦੇ ਨੇ।

**ਅਵਰ ਸਿਆਨਪ ਸਗਲੀ ਛਾਡੁ ॥**

**ਤਿਸੁ ਜਨ ਕੀ ਤੂ ਸੇਵਾ ਲਾਗੁ ॥**

ਹੋਰ ਸਾਰੀਆਂ ਮੈਂ-ਮੇਰੀ ਵਾਲ਼ੀਆਂ ਸਿਆਣਪਾਂ ਛੱਡ ਦੇ। ਰੱਬੀ ਗਿਆਨ ਵਾਲ਼ੇ ਜਨ (ਗੁਰੂ) ਦੀ ਸੇਵਾ ਵਿੱਚ ਲੱਗ ਜਾ (ਗੁਰੂ ਗਿਆਨ ਨੂੰ ਜੀਵਨ 'ਚ ਉਤਾਰ)।

**ਆਵਨੁ ਜਾਨੁ ਨ ਹੋਵੀ ਤੇਰਾ ॥**

**ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥**

ਫਿਰ ਵਿਕਾਰਾਂ 'ਚ ਤੇਰਾ ਬਾਰ ਬਾਰ ਆਉਣ-ਜਾਣ ਨਹੀਂ ਹੋਵੇਗਾ। ਸਦਾ ਰੱਬ ਦੇ ਸੇਵਕ/ਜਨ (ਗੁਰੂ) ਦੇ ਪੈਰ ਪੂਜਿਆ ਕਰ (ਉਪਦੇਸ਼ ਨੂੰ ਸਿਰ-ਮੱਥੇ ਮੰਨਿਆ ਕਰ)।

**ਸਲੋਕੁ ॥**

**ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥**

**ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥**

ਸਤਿਗੁਰੂ (ਸੱਚਾ ਗਿਆਨ) ਉਹ ਹੈ ਜਿਸ ਰਾਹੀਂ ਪਰਮਾਤਮਾ ਨੂੰ ਜਾਣਿਆ ਜਾਂਦਾ ਹੈ। ਉਸ ਸੱਚੇ ਗੁਰੂ (ਗਿਆਨ/ਮਾਰਗਦਰਸ਼ਨ) ਤੋਂ ਸਿਖਿਆ ਲੈਣ ਵਾਲ਼ਾ ਵੀ ਰੱਬੀ ਗੁਣਾਂ ਦਾ ਧਾਰਣੀ ਹੋ ਕੇ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ।

## ਅਸਟਪਦੀ ॥

**ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥**
**ਸੇਵਕ ਕਉ ਗੁਰੁ ਸਦਾ ਦਇਆਲ ॥**

ਸਤਿਗੁਰੂ (ਸੱਚਾ ਗਿਆਨ) ਅਪਣੇ ਸਿੱਖ ਮੰਨਣ ਵਾਲ਼ੇ ਨੂੰ ਪਾਲ਼ਦਾ ਹੈ (ਸੱਚੇ ਮਾਰਗ 'ਚ ਵਧਣ ਦਾ ਰਾਹ ਦੱਸਦਾ ਹੈ)। ਗੁਰੂ (ਗਿਆਨ) ਅਪਣੇ ਸੇਵਕ 'ਤੇ ਸਦਾ ਹੀ ਦਿਆਲ ਹੁੰਦਾ ਹੈ।

**ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥**
**ਗੁਰ ਬਚਨੀ ਹਰਿ ਨਾਮੁ ਉਚਰੈ ॥**

ਗੁਰੂ (ਗਿਆਨ) ਸਿੱਖ ਦੇ ਅੰਦਰੋਂ ਭੈੜੀ ਮੱਤ ਨੂੰ ਦੂਰ ਕਰਦਾ ਹੈ। ਗੁਰੂ (ਗਿਆਨ) ਵਾਲ਼ੇ ਬਚਨਾਂ/ਸਿਖਿਆਵਾਂ ਰਾਹੀਂ ਸਿੱਖ ਰੱਬੀ ਨਾਮ/ਗੁਣਾਂ ਨੂੰ ਦ੍ਰਿੜ੍ਹ ਕਰਦਾ ਹੈ।

**ਸਤਿਗੁਰੁ ਸਿਖ ਕੇ ਬੰਧਨ ਕਾਟੈ ॥**
**ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥**

ਸਤਿਗੁਰੂ (ਸੱਚਾ ਗਿਆਨ) ਸਿੱਖ ਦੇ (ਅਗਿਆਨਤਾ ਵਾਲ਼ੇ) ਬੰਧਨ ਕੱਟ ਦੇਂਦਾ ਹੈ। ਗੁਰੂ/ਗਿਆਨ ਦਾ ਸਿੱਖ ਵਿਕਾਰਾਂ ਤੋਂ ਹੱਟ ਜਾਂਦਾ ਹੈ

**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥**
**ਗੁਰ ਕਾ ਸਿਖੁ ਵਡਭਾਗੀ ਹੇ ॥**

ਸਤਿਗੁਰੂ (ਸੱਚਾ ਗਿਆਨ) ਅਪਣੇ ਸਿੱਖ ਨੂੰ ਰੱਬੀ ਨਾਮ/ਗੁਣਾਂ ਦਾ ਧਨ/ਦੌਲਤ ਦੇਂਦਾ ਹੈ। ਗੁਰੂ ਦਾ ਸਿੱਖ (ਗੁਰੂ ਗਿਆਨ ਲੈ ਕੇ) ਵੱਡੇ ਭਾਗਾਂ ਵਾਲ਼ਾਂ ਹੁੰਦਾ ਹੈ।

**ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥**
**ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥**

ਸਤਿਗੁਰੂ (ਸੱਚਾ ਗਿਆਨ) ਸਿੱਖ ਦਾ ਹਲਤ-ਪਲਤ (ਵਿਚਾਰ-ਵਿਹਾਰ) ਦੋਵਾਂ ਨੂੰ ਸੰਵਾਰਦਾ ਹੈ। ਸਤਿਗੁਰੂ (ਸੱਚਾ ਗਿਆਨ) ਸਿੱਖ ਨੂੰ ਜੀਵਨ ਭਰ ਸੰਭਾਲ਼ਦਾ ਹੈ

**ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥**

**ਗੁਰ ਕੀ ਆਗਿਆ ਮਨ ਮਹਿ ਸਹੈ ॥**

ਜੋ ਸਿੱਖ ਗੁਰੂ/ਗਿਆਨ ਦੇ ਘਰ 'ਚ ਰਹਿੰਦੇ ਨੇ (ਗਿਆਨ ਤੋਂ ਬਾਹਰ ਨਹੀਂ ਜਾਂਦੇ)। ਗੁਰੂ/ਗਿਆਨ ਦੀ ਆਗਿਆ/ਸਿੱਖਆ ਨੂੰ ਸਿਰਮੱਥੇ ਮੰਨਦੇ ਨੇ।

**ਆਪਸ ਕਉ ਕਰਿ ਕਛੁ ਨ ਜਨਾਵੈ ॥**

**ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥**

ਅਪਣੇ ਆਪ (ਮਨ ਦੀ ਮੱਤ) ਨੂੰ ਤਰਜੀਹ ਨਹੀਂ ਦੇਂਦੇ। (ਗੁਰੂ ਦੇ ਗਿਆਨ ਰਾਹੀਂ) ਰੱਬੀ ਨਾਮ/ਗੁਣਾਂ ਨੂੰ ਕਮਾਉਣ ਵੱਲ ਸਦਾ ਧਿਆਨ ਕਰਦੇ ਨੇ।

**ਮਨੁ ਬੇਚੈ ਸਤਿਗੁਰ ਕੈ ਪਾਸਿ ॥**

**ਤਿਸੁ ਸੇਵਕ ਕੇ ਕਾਰਜ ਰਾਸਿ ॥**

ਜੋ ਅਪਣਾ ਮਨ ਗੁਰੂ ਗਿਆਨ ਨੂੰ ਸੌਂਪ ਦੇਂਦਾ ਹੈ। ਉਸ ਸੇਵਕ ਦੇ ਕਾਰਜ ਰਾਸ ਹੁੰਦੇ ਨੇ।

**ਸੇਵਾ ਕਰਤ ਹੋਇ ਨਿਹਕਾਮੀ ॥**

**ਤਿਸ ਕਉ ਹੋਤ ਪਰਾਪਤਿ ਸੁਆਮੀ ॥**

ਜੋ ਨਿਸ਼ਕਾਮ (ਮਨ ਦੀਆਂ ਇੱਛਾਵਾਂ ਛੱਡ ਕੇ) ਹੋ ਕੇ ਗੁਰੂ ਦੀ ਸੇਵਾ (ਗਿਆਨ ਨੂੰ ਮੰਨਣ) ਕਰਦਾ ਹੈ। ਉਸ ਨੂੰ (ਅਪਣੇ ਅੰਦਰ ਹੀ) ਸੁਆਮੀ ਪਰਮਾਤਮਾ ਦਾ ਮਿਲਾਪ ਹੁੰਦਾ ਹੈ।

**ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥**

**ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥**

ਸਤਿਗੁਰੂ (ਸੱਚਾ ਗਿਆਨ) ਜਿਸ ਉੱਤੇ ਅਪਣੀ ਕਿਰਪਾ ਆਪ ਕਰਦਾ ਹੈ (ਰਾਹ ਪਾਉਂਦਾ ਹੈ), ਓਹੀ ਗੁਰੂ ਦੀ ਮੱਤ ਲੈਂਦਾ ਹੈ ।

**ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥**

**ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥**

ਜਿਸਦਾ ਮਨ ਪੂਰੀ ਤਰ੍ਹਾਂ ਗੁਰੂ (ਗਿਆਨ) ਨੂੰ ਮੰਨ ਲੈਂਦਾ ਹੈ; ਓਹੀ ਸੇਵਕ ਪਰਮਾਤਮਾ ਨੂੰ ਜਾਣ ਲੈਂਦਾ ਹੈ।

**ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥**

**ਅਨਿਕ ਬਾਰ ਗੁਰ ਕਉ ਬਲਿ ਜਾਉ ॥**

ਸਤਿਗੁਰੂ (ਸੱਚਾ ਗਿਆਨ) ਉਹ ਹੈ ਜਿਸਦੇ ਹਿਰਦੇ/ਧੁਰ 'ਚ ਰੱਬੀ ਨਾਮ/ਗੁਣ ਵੱਸੇ ਹਨ। ਬਾਰ ਬਾਰ ਐਸੇ ਗੁਰੂ ਤੋਂ ਬਲਿਹਾਰ ਜਾਈਏ (ਖ਼ੁਦ ਨੂੰ ਸੌਂਪ ਦਈਏ)।

**ਸਰਬ ਨਿਧਾਨ ਜੀਅ ਕਾ ਦਾਤਾ ॥**

**ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥**

(ਗੁਰੂ ਗਿਆਨ) ਸਾਰੇ ਖਜ਼ਾਨਿਆਂ ਤੇ ਸੋਹਣੇ ਜੀਵਨ ਦਾ ਦਾਤਾ ਹੈ, (ਗੁਰੂ ਗਿਆਨ ਨਾਲ਼ ਮਨ) ਅੱਠੇ ਪਹਿਰ ਪਰਮਾਤਮਾ ਦੇ ਰੰਗ 'ਚ ਰੰਗਿਆ ਰਹਿੰਦਾ ਹੈ।

**ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥**

**ਏਕਹਿ ਆਪਿ ਨਹੀ ਕਛੁ ਭਰਮੁ ॥**

(ਸਤਿਗੁਰੂ - ਸੱਚੇ ਗਿਆਨ ਨਾਲ਼) ਸਿੱਖ ਦਾ ਮਨ ਪਰਮਾਤਮਾ 'ਚ ਇਕਮਿਕ ਹੋਇਆ ਰਹਿੰਦਾ ਹੈ; ਪਰਮਾਤਮਾ ਨਾਲ਼ ਇਕਮਿਕ ਹੋਣ ਨਾਲ਼ ਕੋਈ ਭਰਮ-ਭੁਲੇਖਾ ਨਹੀਂ ਰਹਿ ਜਾਂਦਾ

**ਸਹਸ ਸਿਆਨਪ ਲਇਆ ਨ ਜਾਈਐ ॥**

**ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥**

ਪਰ ਇਹ ਅਵਸਥਾ ਬਾਹਰੀ ਸਿਆਣਪਾਂ/ਚਲਾਕੀਆਂ ਨਾਲ਼ ਨਹੀਂ ਹੁੰਦੀ। ਐਸੀ ਅਵਸਥਾ ਦੇਣ ਵਾਲ਼ੇ ਗੁਰੂ/ਗਿਆਨ ਦਾ ਮਿਲ਼ ਜਾਣਾ ਵੱਡੇ ਭਾਗ ਨੇ

**ਸਫਲ ਦਰਸਨੁ ਪੇਖਤ ਪੁਨੀਤ ॥**

**ਪਰਸਤ ਚਰਨ ਗਤਿ ਨਿਰਮਲ ਰੀਤਿ ॥**

ਗੁਰੂ/ਗਿਆਨ ਦੇ ਦਰਸ਼ਨ/ਸਿੱਖਿਆ ਨੂੰ ਅਪਣੇ ਅੰਦਰ ਉਤਾਰ ਕੇ ਮਨ ਅੰਦਰੋਂ ਪਵਿੱਤਰ ਹੋਣ ਵਿੱਚ ਸਫਲ ਹੋਈਦਾ ਹੈ। ਗੁਰੂ ਦੇ ਚਰਣ/ਸਿੱਖਿਆ ਨੂੰ ਦ੍ਰਿੜ੍ਹ ਕਰਕੇ ਨਿਰਮਲ/ਪਵਿੱਤਰ ਹੋਣ ਦਾ ਰਾਹ ਬਣਦਾ ਹੈ।

**ਭੇਟਤ ਸੰਗਿ ਰਾਮ ਗੁਨ ਰਵੇ ॥**

**ਪਾਰਬ੍ਰਹਮ ਕੀ ਦਰਗਹ ਗਵੇ ॥**

ਗੁਰੂ (ਗਿਆਨ) ਨੂੰ ਮਿਲ਼ ਕੇ ਹਰ ਥਾਂ ਵੱਸਦੇ ਪਰਮਾਤਮਾ ਦੇ ਗੁਣ/ਸ਼ੁਕਰਾਨੇ ਵਿੱਚ ਮਨ ਲੱਗਦਾ ਹੈ, ਤੇ ਸਦਾ ਪਰਮਾਮਤਮਾ ਦੀ ਦਰਗਾਹ/ਹਾਜ਼ਰੀ 'ਚ ਪੁੱਜਿਆ ਰਹਿੰਦਾ ਹੈ

**ਸੁਨਿ ਕਰਿ ਬਚਨ ਕਰਨ ਆਘਾਨੇ ॥**

**ਮਨਿ ਸੰਤੋਖੁ ਆਤਮ ਪਤੀਆਨੇ ॥**

ਗੁਰੂ ਦੇ ਬਚਨ/ਸਿੱਖਿਆ ਨੂੰ ਸੁਣ/ਮੰਨ ਕੇ ਕੰਨ ਰੱਜ ਜਾਂਦੇ ਨੇ (ਬੁਰਾਈਆ ਵੱਲੋਂ ਹਟਦੇ ਨੇ)। ਗੁਰੂ ਗਿਆਨ ਨੂੰ ਮੰਨ ਕੇ ਮਨ 'ਚ ਸੰਤੋਖ ਆਉਂਦਾ ਹੈ, ਤੇ ਅੰਦਰੋਂ ਸ਼ਾਂਤੀ ਹੁੰਦੀ ਹੈ।

**ਪੂਰਾ ਗੁਰੁ ਅਖ੍ਯਓ ਜਾ ਕਾ ਮੰਤ੍ਰ ॥**

**ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥**

ਪੂਰੇ ਗੁਰੂ/ਗਿਆਨ ਦਾ ਮੰਤਰ/ਸੰਦੇਸ਼ ਸਦਾ ਸਹਾਈ ਹੁੰਦਾ ਹੈ; ਗੁਰੂ ਗਿਆਨ ਰੂਪੀ ਅੰਮ੍ਰਿਤ ਨੂੰ ਦੇਖ/ਧਾਰਣ ਕਰਕੇ (ਅੰਦਰੋਂ) ਸੰਤ/ਪਵਿੱਤਰ ਹੋ ਜਾਈਦਾ ਹੈ।

ੴ

**ਗੁਣ ਬਿਅੰਤ ਕੀਮਤਿ ਨਹੀ ਪਾਇ ॥**

**ਨਾਨਕ ਜਿਸੁ ਭਾਵੈ ਤਿਸੁ ਲਏ ਮਿਲਾਇ ॥੪॥**

ਗੁਰੂ ਗਿਆਨ ਰਾਹੀਂ ਮਿਲਣ ਵਾਲ਼ੇ ਰੱਬੀ ਗੁਣ ਕਿਸੇ ਬਾਹਰੀ ਕੀਮਤ/ਮੁੱਲ ਨਾਲ਼ ਨਹੀਂ ਮਿਲ਼ਦੇ; ਜਿਸ ਮਨ ਨੂੰ ਗੁਰੂ/ਗਿਆਨ ਭਾ ਜਾਂਦਾ ਹੈ (ਪਿਆਰ ਬਣ ਜਾਂਦਾ ਹੈ), ਗੁਰੂ/ਗਿਆਨ ਉਸਨੂੰ ਪਰਮਾਤਮਾ ਨਾਲ਼ ਮਿਲਾ ਦੇਂਦਾ ਹੈ।

**ਜਿਹਬਾ ਏਕ ਉਸਤਤਿ ਅਨੇਕ ॥**

**ਸਤਿ ਪੁਰਖ ਪੂਰਨ ਬਿਬੇਕ ॥**

ਸਾਡੇ ਕਹਿਣ/ਬੋਲਣ ਦੀ ਤਾਕਤ/ਸਮਰੱਥਾ ਬਹੁਤ ਥੋੜ੍ਹੀ ਹੈ, ਪਰਮਾਤਮਾ ਦੀਆਂ ਵਡਿਆਈਆਂ ਬੇਅੰਤ ਨੇ (ਮੂੰਹ ਤੋਂ ਉਸਦੀਆਂ ਸਿਫਤਾਂ ਕਰਣ ਦੀ ਜਗ੍ਹਾ); ਪੂਰੇ ਗੁਰੂ ਦੇ ਗਿਆਨ ਨਾਲ਼ ਅੰਦਰੋਂ ਸੱਤ-ਪੁਰਖ (ਸਚਿਆਰ) ਹੋ ਕੇ ਪਰਮਾਤਮਾ ਨਾਲ਼ ਮਿਲਾਪ ਹੁੰਦਾ ਹੈ।

**ਕਾਹੂ ਬੋਲ ਨ ਪਹੁਚਤ ਪ੍ਰਾਨੀ ॥**

**ਅਗਮ ਅਗੋਚਰ ਪ੍ਰਭ ਨਿਰਬਾਨੀ ॥**

ਕਿਸੇ ਵੀ ਤਰ੍ਹਾਂ ਦੀਆਂ ਬਾਹਰੀ (ਸੋਹਣੀਆਂ/ਵੱਡੀਆਂ) ਗੱਲਾਂ ਕਰਕੇ ਪ੍ਰਭੂ ਤੱਕ ਨਹੀਂ ਪੁੱਜਿਆ ਜਾਂਦਾ; ਬਾਹਰੀ ਕਰਤਬਾਂ ਦੀ ਪਹੁੰਚ ਤੋਂ ਦੂਰ ਪਰਮਾਤਮਾ ਕੇਵਲ ਅੰਦਰੋਂ (ਵਿਕਾਰਾਂ ਤੋਂ) ਨਿਰਬਾਣ/ਮੁਕਤ ਹੋ ਕੇ ਹੀ ਮਿਲ਼ਦਾ ਹੈ।

**ਨਿਰਾਹਾਰ ਨਿਰਵੈਰ ਸੁਖਦਾਈ ॥**

**ਤਾ ਕੀ ਕੀਮਤਿ ਕਿਨੈ ਨ ਪਾਈ ॥**

ਸੱਚੇ ਸੁੱਖ ਦੇ ਦਾਤੇ ਪਰਮਾਤਮਾ ਨੂੰ ਕਿਸੇ ਬਾਹਰੀ ਪਦਾਰਥ/ਚੀਜ਼, ਜਾਂ ਮਿੱਤਰਤਾ ਦੇ ਲਾਲਚ ਨਾਲ਼ ਲੁਭਾਇਆ ਨਹੀਂ ਜਾ ਸਕਦਾ; ਬਾਹਰੋਂ ਅੰਨ-ਧਨ, ਚੋਪੜੀਆਂ ਗੱਲਾਂ ਆਦਿ ਨਾਲ ਉਸਨੂੰ ਖਰੀਦਿਆ ਨਹੀਂ ਜਾ ਸਕਦਾ।

**ਅਨਿਕ ਭਗਤ ਬੰਦਨ ਨਿਤ ਕਰਹਿ ॥**

**ਚਰਨ ਕਮਲ ਹਿਰਦੈ ਸਿਮਰਹਿ ॥**

ਬਾਹਰੋਂ ਭਾਵੇਂ ਕਿੰਨੇ ਵੀ ਅਲੱਗ ਅਲੱਗ ਤਰੀਕਿਆਂ ਨਾਲ਼ ਉਸਦੀ ਪੂਜਾ ਕਰ ਲਵੋ (ਕੁਝ ਹਾਸਲ ਨਹੀਂ ਹੁੰਦਾ); ਪਰਮਾਤਮਾ ਦੀ ਪ੍ਰਾਪਤੀ ਤਾਂ ਉਸਦੇ ਚੇਤੇ/ਸ਼ੁਕਰਾਨੇ ਨੂੰ ਹਿਰਦੇ 'ਚ ਵਸਾ ਕੇ ਹੀ ਹੁੰਦੀ ਹੈ।

**ਸਦ ਬਲਿਹਾਰੀ ਸਤਿਗੁਰ ਅਪਨੇ ॥**

**ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥**

ਮੈਂ ਅਪਣੇ ਸਤਿਗੁਰੂ (ਦੇ ਗਿਆਨ) ਤੋਂ ਬਲਿਹਾਰ ਜਾਂਵਾਂ, ਜਿਸਦੀ ਮਿਹਰ ਨਾਲ਼ ਪਰਮਾਤਮਾ ਨੂੰ ਅਪਣੇ ਅੰਦਰ ਜਾਣ ਲੈਂਦਾ ਹਾਂ।

**ਇਹੁ ਹਰਿ ਰਸੁ ਪਾਵੈ ਜਨੁ ਕੋਇ ॥**

**ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥**

ਰੱਬੀ ਗਿਆਨ ਦਾ ਰਸ ਜੇ ਕੋਈ ਲੈ ਲਵੇ (ਅਪਣੇ ਜੀਵਨ 'ਚ ਗੁਰੂ ਗਿਆਨ ਨੂੰ ਉਤਾਰ ਲਵੇ); ਤਾਂ ਇਸ ਗਿਆਨ ਅੰਮ੍ਰਿਤ ਨੂੰ ਜੀਵਨ 'ਚ ਦ੍ਰਿੜ੍ਹ ਕਰਕੇ (ਵਿਕਾਰਾਂ ਵਾਲ਼ੀ ਆਤਮਕ ਮੌਤ ਤੋਂ) ਅਮਰ ਹੋ ਜਾਂਦਾ ਹੈ

**ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥**

**ਜਾ ਕੈ ਮਨਿ ਪ੍ਰਗਟੇ ਗੁਨਤਾਸ ॥**

ਗੁਰੂ ਗਿਆਨ ਰਾਹੀਂ ਜਿਸਦੇ ਹਿਰਦੇ ਅੰਦਰ ਰੱਬੀ ਗੁਣ ਪਰਗਟ ਹੁੰਦੇ ਨੇ, ਉਹ ਵਿਅਕਤੀ (ਡਰ-ਫਿਕਰ-ਚਿੰਤਾ, ਤੇ ਵਿਕਾਰਾਂ ਵਿੱਚ) ਕਦੀ ਮਰਦਾ ਨਹੀਂ

**ਆਠ ਪਹਰ ਹਰਿ ਕਾ ਨਾਮੁ ਲੇਇ ॥**

**ਸਚੁ ਉਪਦੇਸੁ ਸੇਵਕ ਕਉ ਦੇਇ ॥**

ਗੁਰੂ ਗਿਆਨ ਨੂੰ ਕਮਾਉਣ ਵਾਲ਼ਾ ਅੱਠੇ ਪਹਿਰ (ਹਰ ਵੇਲ਼ੇ) ਰੱਬੀ ਨਾਮ/ਗੁਣਾਂ ਨੂੰ ਲੈਂਦਾ ਹੈ; ਗੁਰੂ ਗਿਆਨ ਐਸਾ ਸੋਹਣਾ ਉਪਦੇਸ਼/ਰਾਹ ਅਪਣੇ ਸੇਵਕ/ਮੰਨਣਵਾਲ਼ੇ ਨੂੰ ਦੇਂਦਾ ਹੈ।

**ਮੋਹ ਮਾਇਆ ਕੈ ਸੰਗਿ ਨ ਲੇਪੁ ॥**

**ਮਨ ਮਹਿ ਰਾਖੈ ਹਰਿ ਹਰਿ ਏਕੁ ॥**

ਗੁਰੂ ਗਿਆਨ ਨੂੰ ਜੀਵਨ 'ਚ ਦ੍ਰਿੜ੍ਹ ਕਰਕੇ ਅਪਣੇ ਮਨ 'ਚ ਇੱਕ ਪਰਮਾਤਮਾ ਦਾ ਸ਼ੁਕਰਾਨਾ ਰੱਖਣ ਵਾਲ਼ਾ ਬਾਹਰੀ ਮੋਹ-ਮਾਇਆ (ਸੁੱਖ-ਦੁੱਖ ਦੇ ਭੁਲੇਖਿਆਂ) 'ਚ ਨਹੀਂ ਫੱਸਦਾ।

**ਅੰਧਕਾਰ ਦੀਪਕ ਪਰਗਾਸੇ ॥**

**ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥**

ਗੁਰੂ/ਗਿਆਨ ਸਾਡੇ ਮਨ ਅੰਦਰਲੀ ਅਗਿਆਨਤਾ ਦੇ ਹਨੇਰੇ ਵਿੱਚ ਗਿਆਨ ਦਾ ਚਾਨਣ ਕਰਦਾ ਹੈ; ਐਸੇ ਰੌਸ਼ਨ ਮਨ-ਸੁਰਤ ਵਿੱਚੋਂ ਸਾਰੇ ਭਰਮ-ਮੋਹ-ਦੁੱਖ ਭੱਜ ਜਾਂਦੇ ਨੇ।

**ਤਪਤਿ ਮਾਹਿ ਠਾਢਿ ਵਰਤਾਈ ॥**

**ਅਨਦੁ ਭਇਆ ਦੁਖ ਨਾਠੇ ਭਾਈ ॥**

ਤ੍ਰਿਸ਼ਨਾ-ਵਿਕਾਰਾਂ 'ਚ ਸੜ੍ਹਦੇ-ਤੱਪਦੇ ਮਨ ਅੰਦਰ ਗੁਰੂ ਦਾ ਗਿਆਨ (ਸੰਤੋਖ ਆਦਿ ਗੁਣਾਂ ਵਾਲ਼ੀ) ਠੰਡ ਵਰਤਾਉਂਦਾ ਹੈ, ਜਿਸ ਨਾਲ਼ ਸਾਰੇ ਦੁੱਖ ਮੁਕਦੇ ਨੇ ਤੇ ਅੰਦਰ ਅਨੰਦ ਟਿਕ ਜਾਂਦਾ ਹੈ

**ਜਨਮ ਮਰਨ ਕੇ ਮਿਟੇ ਅੰਦੇਸੇ ॥**

**ਸਾਧੂ ਕੇ ਪੂਰਨ ਉਪਦੇਸੇ ॥**

ਪੂਰੇ ਗੁਰੂ ਦੇ ਉਪਦੇਸ਼/ਗਿਆਨ ਨਾਲ਼ ਬਾਹਰੀ ਜੀਵਨ (ਦੇ ਉਤਾਰ-ਚੜ੍ਹਾਅ) ਦੇ ਡਰ-ਫਿਕਰ ਮੁੱਕਦੇ ਨੇ

**ਭਉ ਚੂਕਾ  ਨਿਰਭਉ ਹੋਇ ਬਸੇ ॥**

**ਸਗਲ ਬਿਆਧਿ   ਮਨ ਤੇ ਖੈ ਨਸੇ ॥**

ਗੁਰੂ ਗਿਆਨ ਨੂੰ ਦ੍ਰਿੜ੍ਹ ਕਰਕੇ ਅੰਦਰੋਂ ਸਾਰੇ ਡਰ-ਫਿਕਰ ਮੁੱਕਦੇ ਨੇ, ਤੇ ਮਨ ਨਿਰਭਉ ਪਰਮਾਤਮਾ ਵਿੱਚ ਟਿਕ ਜਾਂਦਾ ਹੈ; ਮਨ ਅੰਦਰੋਂ ਸਾਰੇ ਵਿਕਾਰਾਂ ਵਾਲ਼ੇ ਰੋਗ ਮੁੱਕ ਜਾਂਦੇ ਨੇ।

**ਜਿਸ ਕਾ ਸਾ   ਤਿਨਿ ਕਿਰਪਾ ਧਾਰੀ ॥**

**ਸਾਧਸੰਗਿ   ਜਪਿ ਨਾਮੁ ਮੁਰਾਰੀ ॥**

ਗੁਰੂ ਗਿਆਨ ਦੀ ਸੰਗਤ ਵਿੱਚ ਰੱਬੀ ਨਾਮ/ਗੁਣਾਂ ਨੂੰ ਦ੍ਰਿੜ੍ਹ ਕਰਕੇ ਅਪਣੇ ਮਾਲਕ ਪਰਮਾਤਮਾ ਦੀ ਕਿਰਪਾ ਮਿਲ਼ਦੀ ਹੈ।

**ਥਿਤਿ ਪਾਈ   ਚੂਕੇ ਭ੍ਰਮ ਗਵਨ ॥**

**ਸੁਨਿ  ਨਾਨਕ  ਹਰਿ ਹਰਿ ਜਸੁ ਸ੍ਰਵਨ ॥੭॥**

ਸਤਿਗੁਰੂ ਦੇ ਗਿਆਨ ਨੂੰ ਸੁਣ/ਮੰਨ ਕੇ ਰੱਬੀ ਜਸ/ਗੁਣਾਂ ਨੂੰ ਦ੍ਰਿੜ੍ਹ ਕਰਕੇ ਮਨ ਦੀ ਭਟਕਣਾ ਮੁੱਕਦੀ ਹੈ, ਤੇ ਅੰਦਰ ਟਿਕਾਅ/ਸ਼ਾਂਤੀ ਆਉਂਦੀ ਹੈ

**ਨਿਰਗੁਨੁ ਆਪਿ   ਸਰਗੁਨੁ ਭੀ ਓਹੀ ॥**

**ਕਲਾ ਧਾਰਿ   ਜਿਨਿ ਸਗਲੀ ਮੋਹੀ ॥**

ਜਿੰਨਾਂ ਵੀ ਬਾਹਰੀ ਦਿੱਸਦਾ ਸੰਸਾਰ ਹੈ, ਇਹ ਸਭ ਓਸੇ ਪਰਮਾਤਮਾ ਦਾ ਰੂਪ ਹੈ ਜੋ ਇਸ ਸਾਰੇ ਵਿੱਚ ਸਮਾਇਆ ਹੋਇਆ ਸਾਡੀਆਂ ਅੱਖਾਂ ਨੂੰ ਦਿੱਸਦਾ ਨਹੀਂ। ਇਹ ਸਾਰੀ ਸ੍ਰਿਸ਼ਟੀ ਪਰਮਾਤਮਾ ਦੀ ਬਣਾਈ ਹੋਈ, ਓਸੇ ਦੇ ਮੋਹ/ਹੁਕਮ 'ਚ ਬੱਝੀ ਹੈ।

**ਅਪਨੇ ਚਰਿਤ   ਪ੍ਰਭਿ ਆਪਿ ਬਨਾਏ ॥**

**ਅਪੁਨੀ ਕੀਮਤਿ   ਆਪੇ ਪਾਏ ॥**

ਅਸੀਂ ਬਾਹਰੀ ਗਿਆਨ/ਗੱਲਾਂ ਨਾ਼ਲ ਪਰਮਾਤਮਾ ਦੀ ਰਚਨਾ/ਵਡਿਆਈਆਂ ਦਾ ਅੰਤ ਨਹੀਂ ਪਾ ਸਕਦੇ; ਅਪਣੀ ਰਚਨਾ ਤੇ ਵਿਸਤਾਰ ਬਾਰੇ ਉਹ ਆਪ ਹੀ ਜਾਣਦਾ ਹੈ।

ਹਰਿ ਬਿਨੁ ਦੂਜਾ ਨਾਹੀ ਕੋਇ ॥
ਸਰਬ ਨਿਰੰਤਰਿ ਏਕੋ ਸੋਇ ॥

ਸਾਰਿਆਂ ਵਿੱਚ ਨਿਰੰਤਰ/ਇਕਰਸ ਇੱਕ ਪਰਮਾਤਮਾ ਹੀ ਸਮਾਇਆ ਹੋਇਆ ਹੈ, ਕੋਈ ਦੂਜਾ ਹੈ ਹੀ ਨਹੀਂ।

ਓਤਿ ਪੋਤਿ ਰਵਿਆ ਰੂਪ ਰੰਗ ॥
ਭਏ ਪ੍ਰਗਾਸ ਸਾਧ ਕੈ ਸੰਗ ॥

ਸਾਰੀ ਸ੍ਰਿਸ਼ਟੀ ਵਿੱਚ ਹਰ ਰੂਪ-ਰੰਗ ਵਿੱਚ ਪਰਮਾਤਮਾ ਭਰਪੂਰ ਹੈ, ਇਹ ਸਮਝ/ ਚਾਨਣ ਗੁਰੂ (ਗਿਆਨ) ਨਾਲ਼ ਹੁੰਦਾ ਹੈ

ਰਚਿ ਰਚਨਾ ਅਪਨੀ ਕਲ ਧਾਰੀ ॥
ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥

ਗੁਰੂ ਗਿਆਨ ਨੂੰ ਸਮਰਪਤ ਮਨ ਪਰਮਾਤਮਾ ਤੋਂ ਹਰ ਵੇਲ਼ੇ ਬਲਿਹਾਰ ਜਾਂਦਾ ਹੈ (ਸ਼ੁਕਰਾਨੇ ਵਿੱਚ ਜੀਊਂਦਾ ਹੈ) ਜਿਸਨੇ ਸਾਰੀ ਰਚਨਾ ਬਣਾ ਕੇ ਅਪਣੇ ਹੁਕਮ 'ਚ ਰੱਖੀ ਹੋਈ ਹੈ

ਸਲੋਕੁ ॥

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥੧॥

ਮੇਰੇ ਮਨਾ! ਜੀਵਨ ਵਿੱਚ ਸੁੱਖ ਦੇ ਰਾਹ 'ਤੇ ਪਰਮਾਤਮਾ ਦੇ ਭਜਨ (ਸ਼ੁਕਰਾਨੇ) ਤੋਂ ਇਲਾਵਾ ਹੋਰ ਕੁੱਝ ਨਹੀਂ ਚੱਲਦਾ; ਸਾਰੇ ਵਿਸ਼ੇ-ਵਿਕਾਰਾਂ ਨੂੰ ਛੱਡ ਦੇ। ਰਬੀ ਨਾਮ/ ਗੁਣਾਂ ਨੂੰ ਕਮਾ (ਜੀਵਨ ਵਿੱਚ ਉਤਾਰ), ਏਹੋ ਧਨ-ਦੌਲਤ ਹੈ ਜੋ ਇਸ ਰਾਹ 'ਤੇ ਨਾਲ਼ ਨਿਭਦੀ ਹੈ।

## ਅਸਟਪਦੀ ॥

**ਸੰਤ ਜਨਾ ਮਿਲਿ ਕਰਹੁ ਬੀਚਾਰੁ ॥**
**ਏਕੁ ਸਿਮਰਿ ਨਾਮ ਆਧਾਰੁ ॥**

ਗੁਰੂ ਨੂੰ ਮਿਲ਼ ਕੇ ਵਿਚਾਰ/ਸਮਝ ਲੈ, ਤੇ ਇੱਕ ਪਰਮਾਤਮਾ ਦੇ ਸਿਮਰਨ/ਚੇਤੇ ਤੇ ਰੱਬੀ ਨਾਮ/ਗੁਣਾਂ ਨੂੰ ਆਸਰਾ ਬਣਾ।

**ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥**
**ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥**

ਬਾਕੀ ਸਾਰੇ ਬਾਹਰੀ ਕਰਮ-ਕਾਂਡ ਨੂੰ ਛੱਡ ਦੇ; ਇੱਕ ਪਰਮਾਤਮਾ ਨੂੰ ਹਿਰਦੇ 'ਚ ਧਾਰਣ ਕਰ।

**ਕਰਨ ਕਾਰਨ ਸੋ ਪ੍ਰਭੁ ਸਮਰਥੁ ॥**
**ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥**

ਉਹ ਪਰਮਾਤਮਾ ਜਿਸਨੇ ਤੈਨੂੰ ਸਭ ਕੁਝ ਕਰਨ ਦੇ ਸਮਰੱਥ ਬਣਾਇਆ ਹੈ; ਰੱਬੀ ਨਾਮ/ਗੁਣਾਂ ਰਾਹੀਂ ਸੰਤੋਖ/ਸ਼ੁਕਰਾਨੇ ਵਾਲ਼ੀ ਵੱਥ/ਦੌਲਤ ਨੂੰ ਇਕੱਠਾ ਕਰ।

**ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥**
**ਸੰਤ ਜਨਾ ਕਾ ਨਿਰਮਲ ਮੰਤ ॥**

ਸੰਤੋਖ/ਸ਼ੁਕਰਾਨੇ ਵਾਲ਼ੀ ਦੌਲਤ ਇਕੱਠਾ ਕਰ ਲਵੇਂ ਤਾਂ ਹੀ ਭਾਗਾਂ ਵਾਲ਼ਾ ਹੋਵੇਂਗਾ; ਗੁਰੂ ਦੇ ਨਿਰਮਲ/ਪਵਿੱਤਰ ਮੰਤਰ/ਗਿਆਨ ਨਾਲ਼ ਇਹ ਦੌਲਤ ਮਿਲ਼ਦੀ ਹੈ।

**ਏਕ ਆਸ ਰਾਖਹੁ ਮਨ ਮਾਹਿ ॥**
**ਸਰਬ ਰੋਗ ਨਾਨਕ ਮਿਟਿ ਜਾਹਿ ॥੧॥**

ਬਾਹਰੀ ਆਸਾਂ ਛੱਡ ਕੇ ਇੱਕ ਰੱਬੀ ਗਿਆਨ ਤੋਂ ਆਸ ਲਗਾਈ ਜਾਵੇ ਤਾਂ ਸਾਰੇ ਵਿਕਾਰਾਂ ਵਾਲੇ ਦੁੱਖ-ਰੋਗ ਮਿਟ ਜਾਂਦੇ ਨੇ।

ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ ॥
ਸੋ ਧਨੁ ਹਰਿ ਸੇਵਾ ਤੇ ਪਾਵਹਿ ॥

ਜਿਸ ਸੁੱਖ ਦੀ ਦੌਲਤ ਲਈ ਤੂੰ ਬਾਹਰ ਸਾਰੇ ਪਾਸੇ ਭੱਜਿਆ ਫਿਰਦਾ ਹੈਂ। ਉਹ ਸੁੱਖ ਪਰਮਾਤਮਾ ਦੀ ਸੇਵਾ (ਰੱਬੀ ਹੁਕਮ ਨੂੰ ਦ੍ਰਿੜ੍ਹ ਕਰਨ) ਵਿੱਚ ਮਿਲ਼ਦਾ ਹੈ।

ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥
ਸੋ ਸੁਖੁ ਸਾਧੂ ਸੰਗਿ ਪਰੀਤਿ ॥

ਜਿਸ ਸੁੱਖ ਦੀ ਚਾਹ ਤੂੰ ਨਿੱਤ ਕਰਦਾ ਹੈਂ; ਉਹ ਸੁੱਖ ਗੁਰੂ (ਗਿਆਨ) ਦੇ ਸੰਗ ਪਿਆਰ ਪਾ ਕੇ ਮਿਲ਼ਦਾ ਹੈ।

ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥
ਸਾ ਸੋਭਾ ਭਜੁ ਹਰਿ ਕੀ ਸਰਨੀ ॥

ਬਾਹਰੋਂ ਵੱਡੀਆਂ ਮੱਲ਼ਾਂ ਮਾਰਕੇ ਜਿਹੜੀ ਸ਼ੋਭਾ ਲੈਣਾਂ ਚਾਹੁੰਦਾ ਹੈਂ; ਉਹ ਅਸਲ ਸ਼ੋਭਾ/ਜੱਸ ਅੰਦਰ ਵੱਸਦੇ ਪਰਮਾਤਮਾ ਦੀ ਸ਼ਰਨ (ਹੁਕਮ ਨੂੰ ਮੰਨਣ) ਵਿੱਚ ਮਿਲ਼ਦੀ ਹੈ।

ਅਨਿਕ ਉਪਾਵੀ ਰੋਗੁ ਨ ਜਾਇ ॥
ਰੋਗੁ ਮਿਟੈ ਹਰਿ ਅਵਖਧੁ ਲਾਇ ॥

ਬਾਹਰੋਂ ਕੁੱਝ ਵੀ ਜਤਨ ਕਰਕੇ ਅੰਦਰਲੇ ਵਿਕਾਰਾਂ ਵਾਲ਼ੇ ਰੋਗ ਨਹੀਂ ਮਿਟਦੇ; ਅੰਦਰਲੇ ਵਿਕਾਰਾਂ ਵਾਲ਼ੇ ਸਾਰੇ ਰੋਗ ਰੱਬੀ ਨਾਮ/ਗੁਣਾਂ ਵਾਲ਼ੀ ਦਵਾਈ ਨਾਲ਼ ਮਿਟ ਜਾਂਦੇ ਨੇ।

ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥
ਜਪਿ ਨਾਨਕ ਦਰਗਹਿ ਪਰਵਾਨੁ ॥੨॥

ਰੱਬੀ ਨਾਮ/ਗੁਣ ਹੀ ਸਭ ਤੋਂ ਵੱਡਾ ਖਜ਼ਾਨਾ ਹੈ, ਓਨ੍ਹਾਂ ਨੂੰ ਦ੍ਰਿੜ੍ਹ ਕਰ; ਏਹੋ ਖਜ਼ਾਨਾ ਰੱਬ ਦੀ ਦਰਗਾਹ 'ਤੇ ਪਰਵਾਨ ਹੈ।

**ਮਨੁ ਪਰਬੋਧਹੁ ਹਰਿ ਕੈ ਨਾਇ ॥**

**ਦਹ ਦਿਸਿ ਧਾਵਤ ਆਵੈ ਠਾਇ ॥**

ਅਪਣੇ ਮਨ ਨੂੰ (ਵਿਕਾਰਾਂ ਵਾਲ਼ੇ ਪਾਸਿਓਂ) ਰੱਬੀ ਨਾਮ/ਗੁਣਾਂ ਨਾਲ਼ ਰੋਕ ਲਵੇਂ ਤਾਂ ਦਸਾਂ ਦਿਸ਼ਾਵਾਂ 'ਚ ਭਟਕਦੇ ਮਨ ਨੂੰ ਟਿਕਾਅ/ਸ਼ਾਂਤੀ ਆ ਜਾਵੇ।

**ਤਾ ਕਉ ਬਿਘਨੁ ਨ ਲਾਗੈ ਕੋਇ ॥**

**ਜਾ ਕੈ ਰਿਦੈ ਬਸੈ ਹਰਿ ਸੋਇ ॥**

ਜਿਸਦੇ ਹਿਰਦੇ ਵਿੱਚ ਪਰਮਾਤਮਾ (ਦਾ ਚੇਤਾ/ਸ਼ੁਕਰਾਨਾ) ਵੱਸਿਆ ਹੈ, ਕੋਈ (ਵਿਕਾਰ) ਉਸਦੇ ਰਾਹ 'ਚ ਰੁਕਾਵਟ ਨਹੀਂ ਬਣਦੇ

**ਕਲਿ ਤਾਤੀ ਠਾਂਢਾ ਹਰਿ ਨਾਉ ॥**

**ਸਿਮਰਿ ਸਿਮਰਿ ਸਦਾ ਸੁਖ ਪਾਉ ॥**

ਮਨ ਅੰਦਰ ਵਿਕਾਰਾਂ ਦੇ ਕਲੇਸ਼ਾਂ ਦੀ ਅੱਗ ਵਿੱਚ ਕੇਵਲ ਰੱਬੀ ਨਾਮ/ਸ਼ੁਕਰਾਨਾ ਠੰਡ (ਸੰਤੋਖ) ਪਾਉਂਦਾ ਹੈ; ਪਰਮਾਤਮਾ ਨੂੰ ਸਿਮਰ/ਚੇਤੇ ਰੱਖ ਕੇ ਸਦਾ ਸੁੱਖ ਬਣਿਆ ਰਹਿੰਦਾ ਹੈ।

**ਭਉ ਬਿਨਸੈ ਪੂਰਨ ਹੋਇ ਆਸ ॥**

**ਭਗਤਿ ਭਾਇ ਆਤਮ ਪਰਗਾਸ ॥**

ਮਨ ਦੀ ਸੁਖੀ ਰਹਿਣ ਦੀ ਆਸ ਓਦੋਂ ਪੂਰੀ ਹੁੰਦੀ ਹੈ ਜਦੋਂ ਵਿਕਾਰਾਂ 'ਚੋਂ ਜਨਮੇ ਭਰਮ ਮੁੱਕਦੇ ਨੇ; ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰਨ (ਭਗਤੀ) ਨਾਲ਼ ਅੰਦਰ ਚਾਨਣ ਹੁੰਦਾ ਹੈ।

**ਤਿਤੁ ਘਰਿ ਜਾਇ ਬਸੈ ਅਬਿਨਾਸੀ ॥**

**ਕਹੁ ਨਾਨਕ ਕਾਟੀ ਜਮ ਫਾਸੀ ॥੩॥**

ਜਦ ਮਨ ਅਪਣੇ ਅੰਦਰ/ਘਰ ਵਿੱਚ ਗੁਰੂ ਗਿਆਨ ਨਾਲ਼ ਟਿਕਦਾ ਹੈ, ਫਿਰ ਇਹ ਵਿਕਾਰਾਂ ਦੇ ਫਾਹੇ ਕੱਟ ਕੇ ਅਬਿਨਾਸ਼ੀ ਹੋ ਜਾਂਦਾ ਹੈ

**ਤਤੁ ਬੀਚਾਰੁ ਕਹੈ ਜਨੁ ਸਾਚਾ ॥**

**ਜਨਮਿ ਮਰੈ ਸੋ ਕਾਚੋ ਕਾਚਾ ॥**

ਜੋ ਗੁਰੂ ਗਿਆਨ ਰਾਹੀਂ ਤੱਤ ਦੀ ਵਿਚਾਰ ਕਰਦਾ ਹੈ, ਉਹ ਸੱਚ/ਪਰਮਾਤਮਾ ਨਾਲ਼ ਜੁੜਦਾ ਹੈ; ਵਿਕਾਰਾਂ 'ਚ ਪੈ ਕੇ ਨਿੱਤ ਮਰਨ ਵਾਲ਼ਾ ਸਦਾ ਕੱਚਾ (ਰੱਬ ਤੋਂ ਦੂਰ) ਰਹਿੰਦਾ ਹੈ।

**ਆਵਾਗਵਨੁ ਮਿਟੈ ਪ੍ਰਭ ਸੇਵ ॥**

**ਆਪੁ ਤਿਆਗਿ ਸਰਨਿ ਗੁਰਦੇਵ ॥**

ਪਰਮਾਤਮਾ ਦੀ ਸੇਵਾ (ਹੁਕਮ ਮੰਨਣ) ਵਿੱਚ ਵਿਕਾਰਾਂ ਵਾਲ਼ਾ ਆਉਣ-ਜਾਣ ਮੁੱਕਦਾ ਹੈ ਅਪਣੀ ਮੈਂ ਨੂੰ ਛੱਡ ਕੇ ਅੰਦਰ ਵੱਸਦੇ ਪ੍ਰਭੂ ਦੀ ਸ਼ਰਨ 'ਚ ਪੈ ਜਾਈਏ (ਉਸਦੇ ਹੁਕਮ ਨੂੰ ਸਮਰਪਤ ਹੋ ਜਾਈਏ)।

**ਇਉ ਰਤਨ ਜਨਮ ਕਾ ਹੋਇ ਉਧਾਰੁ ॥**

**ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥**

ਇੰਝ ਇਸ ਕੀਮਤੀ ਜੀਵਨ ਦਾ ਭਲਾ ਹੁੰਦਾ ਹੈ, ਜਦ ਹਰੇਕ ਨੂੰ ਹਰਿਆ-ਭਰਿਆ/ ਜੀਵੰਤ ਕਰਨ ਵਾਲ਼ੇ ਪ੍ਰਭੂ (ਦੇ ਹੁਕਮ) ਨੂੰ ਜੀਵਨ ਦਾ ਆਸਰਾ ਬਣਾ ਲਈਏ

**ਅਨਿਕ ਉਪਾਵ ਨ ਛੂਟਨਹਾਰੇ ॥**

**ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥**

ਬਾਹਰੋਂ ਧਰਮ ਦੇ ਨਾਂਅ 'ਤੇ ਧਰਮ-ਗ੍ਰੰਥਾਂ ਦੇ ਪਾਠ-ਵਿਚਾਰ ਆਦਿਕ ਅਨੇਕਾਂ ਉਪਾਅ/ਜਤਨ ਕਰਕੇ ਵੀ ਵਿਕਾਰਾਂ ਤੋਂ ਛੁੱਟਿਆ ਨਹੀਂ ਜਾਂਦਾ

**ਹਰਿ ਕੀ ਭਗਤਿ ਕਰਹੁ ਮਨੁ ਲਾਇ ॥**

**ਮਨਿ ਬੰਛਤ ਨਾਨਕ ਫਲ ਪਾਇ ॥੪॥**

ਜੇਕਰ ਮਨ ਦੀ ਇੱਛਾ (ਅੰਦਰੂਨੀ ਸੁੱਖ) ਦਾ ਫਲ ਚਾਹੀਦਾ ਹੈ ਤਾਂ ਪਰਮਾਤਮਾ ਦੀ ਭਗਤੀ ਕਰ (ਰੱਬੀ ਨਾਮ/ਗੁਣਾਂ ਨੂੰ ਜੀਵਨ 'ਚ ਧਾਰਣ ਕਰ)

**ਸੰਗਿ ਨ ਚਾਲਸਿ ਤੇਰੈ ਧਨਾ ॥**

**ਤੂੰ ਕਿਆ ਲਪਟਾਵਹਿ ਮੂਰਖ ਮਨਾ ॥**

ਸਦੀਵੀ ਸੁੱਖ ਦੇ ਰਾਹ 'ਚ ਬਾਹਰੀ ਧਨ-ਦੌਲਤ ਕੰਮ ਨਹੀਂ ਆਉਂਦਾ; ਮੇਰੇ ਮਨਾ! ਤੂੰ ਕਿੰਨ੍ਹਾਂ ਕੰਮਾਂ 'ਚ ਉਲਝਿਆ ਪਿਆ ਹੈਂ?

**ਸੁਤ ਮੀਤ ਕੁਟੰਬ ਅਰੁ ਬਨਿਤਾ ॥**

**ਇਨ ਤੇ ਕਹਹੁ ਤੁਮ ਕਵਨ ਸਨਾਥਾ ॥**

ਇਹ ਸਾਰੇ ਬਾਹਰੀ ਰਿਸ਼ਤੇ-ਨਾਤੇ-ਟੱਬਰ, ਇਨ੍ਹਾਂ ਦਾ ਹੋਣਾ-ਜਾਂ ਨਾ ਹੋਣਾ ਤੈਨੂੰ ਸਦੀਵੀ ਸੁੱਖ ਦਾ ਮਾਲਕ ਨਹੀਂ ਬਣਾਉਂਦਾ

**ਰਾਜ ਰੰਗ ਮਾਇਆ ਬਿਸਥਾਰ ॥**

**ਇਨ ਤੇ ਕਹਹੁ ਕਵਨ ਛੁਟਕਾਰ ॥**

ਇਹ ਬਾਹਰੀ ਰਾਜ-ਪਾਟ ਦਾ ਵਿਸਤਾਰ ਤੈਨੂੰ ਵਿਕਾਰਾਂ ਤੋਂ ਉਪਜੇ ਦੁੱਖਾਂ ਤੋਂ ਛੁਟਕਾਰਾ ਨਹੀਂ ਦਵਾ ਸਕਦਾ

**ਅਸੁ ਹਸਤੀ ਰਥ ਅਸਵਾਰੀ ॥**

**ਝੂਠਾ ਡੰਫੁ ਝੂਠੁ ਪਾਸਾਰੀ ॥**

ਇਹ ਹਾਥੀ-ਘੋੜਿਆਂ ਦਾ ਮਾਣ ਬਾਹਰੀ ਸੁਵਿਧਾ ਤੱਕ ਦਾ ਹੀ ਪਸਾਰਾ ਹੈ (ਅੰਦਰੂਨੀ ਸਦੀਵੀ ਸੁੱਖ ਵੱਲ ਸਹਾਈ ਨਹੀਂ ਹੁੰਦਾ)

**ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥**

**ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥**

ਜਿਸ ਮਾਲਕ ਨੇ ਜੀਵਨ ਦਿੱਤਾ (ਜਿਸ ਜੀਵਨ ਕਰਕੇ ਹੀ ਸਾਰੇ ਰਿਸ਼ਤੇ-ਨਾਤੇ-ਟੱਬਰ, ਧਨ-ਦੌਲਤ ਤੇ ਸਾਰਾ ਕੁਝ ਹੈ), ਉਸ ਪ੍ਰਭੂ ਨੂੰ ਅਸੀਂ ਜਾਣਦੇ ਹੀ ਨਹੀਂ; ਉਸਦੇ ਨਾਮ/ਸ਼ੁਕਰਾਨੇ ਨੂੰ ਭੁੱਲ ਕੇ ਸਦਾ ਪਛਤਾਵਾ/ਦੁੱਖ ਰਹਿੰਦਾ ਹੈ

ਗੁਰ ਕੀ ਮਤਿ ਤੂੰ ਲੇਹਿ ਇਆਨੇ ॥

ਭਗਤਿ ਬਿਨਾ ਬਹੁ ਡੂਬੇ ਸਿਆਨੇ ॥

ਮੇਰੇ ਇਆਣੇ ਮਨਾ! ਗੁਰੂ ਦੀ ਮੱਤ ਲੈ; ਗੁਰੂ ਗਿਆਨ ਰਾਹੀਂ ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰਨ (ਭਗਤੀ) ਤੋਂ ਬਿਨਾਂ ਵੱਡੇ ਵੱਡੇ ਸਿਆਣੇ ਵਿਕਾਰਾਂ 'ਚ ਡੁੱਬ ਜਾਂਦੇ ਨੇ।

ਹਰਿ ਕੀ ਭਗਤਿ ਕਰਹੁ ਮਨ ਮੀਤ ॥

ਨਿਰਮਲ ਹੋਇ ਤੁਮ੍ਾਰੋ ਚੀਤ ॥

ਮੇਰੇ ਮਿੱਤਰ ਮਨਾ! ਰੱਬ ਦੀ ਭਗਤੀ (ਰੱਬੀ ਗੁਣਾਂ ਨੂੰ ਜੀਵਨ 'ਚ ਧਾਰਣ) ਕਰ, ਜਿਸ ਨਾਲ਼ ਤੇਰਾ ਚਿੱਤ ਨਿਰਮਲ/ਪਵਿੱਤਰ ਹੋ ਜਾਵੇ

ਚਰਨ ਕਮਲ ਰਾਖਹੁ ਮਨ ਮਾਹਿ ॥

ਜਨਮ ਜਨਮ ਕੇ ਕਿਲਬਿਖ ਜਾਹਿ ॥

ਰੱਬੀ ਚਰਨਾਂ (ਹੁਕਮ) ਨੂੰ ਸਦਾ ਮਨ 'ਚ ਵਸਾਈਏ ਤਾਂ ਜਨਮ ਭਰ ਦੇ ਅੰਦਰੂਨੀ ਕਲੇਸ਼/ਦੁੱਖਾਂ ਤੋਂ ਮੁਕਤੀ ਹੁੰਦੀ ਹੈ

ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥

ਸੁਨਤ ਕਹਤ ਰਹਤ ਗਤਿ ਪਾਵਹੁ ॥

ਆਪ ਵੀ ਰੱਬੀ ਨਾਮ/ਗੁਣਾਂ ਨੂੰ ਦ੍ਰਿੜ੍ਹ ਕਰੋ, ਹੋਰਨਾਂ ਨਾਲ ਵੀ ਬੋਲਦੇ-ਸੁਣਦੇ-ਵਿਚਰਦੇ ਏਸੇ ਰਾਹੇ ਪਾਓ

ਸਾਰ ਭੂਤ ਸਤਿ ਹਰਿ ਕੋ ਨਾਉ ॥

ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥

ਸਭ ਤੋਂ ਚੰਗੀ/ਉੱਤਮ ਜੇ ਕੋਈ ਚੀਜ਼ ਹੈ, ਤਾਂ ਉਹ ਹੈ ਰੱਬੀ ਗੁਣਾਂ ਨੂੰ ਜੀਵਨ 'ਚ ਉਤਾਰਨਾ। ਗੁਰੂ ਗਿਆਨ ਰਾਹੀਂ ਸਹਿਜ-ਸੁਭਾਅ ਰੱਬੀ ਗੁਣਾਂ ਨੂੰ ਗਾਓ (ਜੀਵਨ ਵਿੱਚ ਉਤਾਰੋ)।

ੴ

**ਗੁਨ ਗਾਵਤ   ਤੇਰੀ ਉਤਰਸਿ ਮੈਲੁ ॥**

**ਬਿਨਸਿ ਜਾਇ   ਹਉਮੈ ਬਿਖੁ ਫੈਲੁ ॥**

ਮੇਰੇ ਮਨਾ! ਰੱਬੀ ਗੁਣਾਂ ਨੂੰ ਗਾ/ਦ੍ਰਿੜ੍ਹ ਕਰਕੇ ਤੇਰੇ ਅੰਦਰੋਂ ਵਿਕਾਰਾਂ ਦੀ ਮੈਲ਼ ਉਤਰਦੀ ਹੈ। ਅੰਦਰੋਂ ਮੈਂ-ਮੇਰੀ ਵਾਲ਼ਾ ਫੈਲਿਆ ਹੋਇਆ ਜ਼ਹਿਰ ਮੁੱਕਦਾ ਹੈ।

**ਹੋਹਿ ਅਚਿੰਤੁ   ਬਸੈ ਸੁਖ ਨਾਲਿ ॥**

**ਸਾਸਿ ਗ੍ਰਾਸਿ   ਹਰਿ ਨਾਮੁ ਸਮਾਲਿ ॥**

ਰੱਬੀ ਗੁਣਾਂ 'ਚ ਜੀਊਣ ਨਾ਼ਲ ਚਿੰਤਾਵਾਂ ਮੁੱਕਦੀਆਂ ਨੇ, ਤੇ ਸੁੱਖ ਆ ਵੱਸਦਾ ਹੈ। ਮੇਰੇ ਮਨਾ! ਹਰ ਸਾਹ ਨਾ਼ਲ ਰੱਬੀ ਨਾਮ/ਗੁਣਾਂ ਨੂੰ ਸੰਭਾਲ/ਦ੍ਰਿੜ੍ਹ ਕਰਿਆ ਕਰ।

**ਛਾਡਿ ਸਿਆਨਪ ਸਗਲੀ   ਮਨਾ ॥**

**ਸਾਧਸੰਗਿ ਪਾਵਹਿ   ਸਚੁ ਧਨਾ ॥**

ਮਨਾ! ਸਾਰੀਆਂ ਬਾਹਰੀ ਸਿਆਣਪਾਂ/ਚਲਾਕੀਆਂ ਛੱਡ ਕੇ ਗੁਰੂ (ਗਿਆਨ) ਦੀ ਸੰਗਤ ਵਿੱਚੋਂ ਰੱਬੀ ਗੁਣਾਂ ਵਾ਼ਲਾ ਸੱਚਾ ਧਨ ਲਿਆ ਕਰ

**ਹਰਿ ਪੂੰਜੀ ਸੰਚਿ   ਕਰਹੁ ਬਿਉਹਾਰੁ ॥**

**ਈਹਾ ਸੁਖੁ   ਦਰਗਹ ਜੈਕਾਰੁ ॥**

ਰੱਬੀ ਗੁਣਾਂ ਦੀ ਇਸ ਪੂੰਜੀ/ਦੌਲਤ ਨੂੰ ਇਕੱਠਾ ਕਰਕੇ ਅਮਲ ਵਿੱਚ ਲਿਆਵੇਂ ਤਾਂ ਅੰਦਰ-ਬਾਹਰ ਹਰ ਥਾਂ ਸੁੱਖ-ਜੈਕਾਰ ਹੈ

**ਸਰਬ ਨਿਰੰਤਰਿ   ਏਕੋ ਦੇਖੁ ॥**

**ਕਹੁ ਨਾਨਕ   ਜਾ ਕੈ ਮਸਤਕਿ ਲੇਖੁ ॥੭॥**

ਸਭ ਵਿੱਚ, ਹਰ ਵੇ਼ਲੇ ਇੱਕ ਪਰਮਾਤਮਾ ਨੂੰ ਓਹੀ ਦੇਖਦਾ ਹੈ ਜਿਸਨੇ ਗੁਰੂ ਗਿਆਨ ਨੂੰ ਅਪਣੇ ਮੱਥੇ/ਮੱਤ ਵਿੱਚ ਲਿਖਿਆ/ਦ੍ਰਿੜ੍ਹ ਕੀਤਾ ਹੈ

ੴ

**ਏਕੋ ਜਪਿ ਏਕੋ ਸਾਲਾਹਿ ॥**

**ਏਕੁ ਸਿਮਰਿ ਏਕੋ ਮਨ ਆਹਿ ॥**

ਇੱਕ ਪਰਮਾਤਮਾ ਵੱਲ ਧਿਆਨ ਕਰ, ਉਸਦਾ ਸ਼ੁਕਰਾਨਾ ਕਰ; ਇੱਕ ਪਰਮਾਤਮਾ ਨੂੰ ਸਦਾ ਚੇਤੇ ਵਿੱਚ ਰੱਖ ਕੇ ਉਸਨੂੰ ਹੀ ਸਦਾ ਮਨ 'ਚ ਰੱਖ।

**ਏਕਸ ਕੇ ਗੁਨ ਗਾਉ ਅਨੰਤ ॥**

**ਮਨਿ ਤਨਿ ਜਾਪਿ ਏਕ ਭਗਵੰਤ ॥**

ਇੱਕ ਪਰਮਾਤਮਾ ਦੇ ਬੇਅੰਤ ਗੁਣ/ਵਡਿਆਈਆਂ ਲਈ ਧੰਨਵਾਦੀ ਹੋ। ਮਨ-ਤਨ (ਵਿਚਾਰ ਅਤੇ ਵਿਹਾਰ) ਕਰਕੇ ਇੱਕ ਪਰਮਾਤਮਾ ਨੂੰ ਜਪ/ਚੇਤੇ ਰੱਖ।

**ਏਕੋ ਏਕੁ ਏਕੁ ਹਰਿ ਆਪਿ ॥**

**ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥**

ਹਰ ਥਾਂ, ਸਭ ਵਿੱਚ ਇੱਕ ਪਰਮਾਤਮਾ ਆਪ ਹੀ ਬਿਆਪ ਰਿਹਾ ਹੈ

**ਅਨਿਕ ਬਿਸਥਾਰ ਏਕ ਤੇ ਭਏ ॥**

**ਏਕੁ ਅਰਾਧਿ ਪਰਾਛਤ ਗਏ ॥**

ਇੱਕ ਪਰਮਾਤਮਾ ਤੋਂ ਹੀ ਸਾਰਾ ਵਿਸਤਾਰ ਬਣਿਆ ਹੈ; ਉਸ ਇੱਕ ਪਰਮਾਤਮਾ ਨੂੰ ਅਰਾਧ ਕੇ (ਚੇਤੇ ਵਿੱਚ ਰੱਖ ਕੇ) ਸਾਰੇ ਵਿਕਾਰ/ਬੁਰਾਈਆਂ ਮੁੱਕਦੇ ਨੇ।

**ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥**

**ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥**

ਗੁਰੂ ਦੀ ਕਿਰਪਾ/ਗਿਆਨ ਨਾਲ਼ ਇੱਕ ਪਰਮਾਤਮਾ ਦੀ ਸਮਝ ਪੈਂਦੀ ਹੈ, ਤੇ ਮਨ-ਤਨ (ਵਿਚਾਰ ਅਤੇ ਵਿਹਾਰ) ਕਰਕੇ ਅਸੀਂ ਪ੍ਰਭੂ ਨਾਲ਼ ਇੱਕ ਹੋ ਜਾਂਦੇ ਹਾਂ

## ਸਲੋਕੁ ॥

**ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥**

**ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥੧॥**

ਹੇ ਪਰਮਾਤਮਾ! ਮੈਂ ਬਾਹਰੀ ਸੁੱਖ-ਸਹੂਲਤਾਂ ਵਿੱਚ ਸੁੱਖ ਲੱਭਦਾ ਫਿਰਦਾ ਫਿਰਦਾ ਤੇਰੀ ਸ਼ਰਣ ਵਿੱਚ ਆਇਆਂ ਹਾਂ (ਜਾਣ ਲਿਆ ਹੈ ਕਿ ਸੁੱਖ ਅੰਦਰ ਤੈਥੋਂ ਹੀ ਮਿਲਣਾ ਹੈ)। ਮੇਰੀ ਇਹ ਬੇਨਤੀ ਹੈ ਕਿ ਮੈਨੂੰ ਅਪਣੀ ਭਗਤੀ ਵਿੱਚ ਲਗਾ ਲੈ (ਰੱਬੀ ਗੁਣਾਂ ਨੂੰ ਧਾਰਣ ਕਰਨ ਦੀ ਸੁਮੱਤ ਬਖਸ਼)।

## ਅਸਟਪਦੀ ॥

**ਜਾਚਕ ਜਨੁ ਜਾਚੈ ਪ੍ਰਭ ਦਾਨੁ ॥**

**ਕਰਿ ਕਿਰਪਾ ਦੇਵਹੁ ਹਰਿ ਨਾਮੁ ॥**

ਮੇਰਾ ਮਨ ਜਾਚਕ ਬਣ ਕੇ ਤੈਥੋਂ ਇਹ ਮੰਗਦਾ ਹੈ; ਕਿਰਪਾ ਕਰਕੇ ਮੈਨੂੰ ਰੱਬੀ ਨਾਮ/ ਗੁਣਾਂ ਦੀ ਦਾਤ ਬਖਸ਼ੋ।

**ਸਾਧ ਜਨਾ ਕੀ ਮਾਗਉ ਧੂਰਿ ॥**

**ਪਾਰਬ੍ਰਹਮ ਮੇਰੀ ਸਰਧਾ ਪੂਰਿ ॥**

ਮੈਂ ਮੰਗਦਾ ਹਾਂ ਕਿ ਮੈਨੂੰ ਗੁਰੂ ਦੀ ਧੂੜ/ਗਿਆਨ ਮਿਲ਼ੇ; ਹੇ ਪਰਮਾਤਮਾ! ਮੇਰੇ ਮਨ ਦੀ ਇਹ ਸ਼ਰਧਾ ਪੂਰੀ ਕਰ (ਕਿ ਮੈਂ ਗੁਰੂ ਗਿਆਨ ਜੀਵਨ 'ਚ ਦ੍ਰਿੜ੍ਹ ਕਰ ਸੱਕਾਂ)।

**ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥**

**ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥**

ਮੈਂ ਸਦਾ ਰੱਬੀ ਗੁਣਾਂ ਨੂੰ ਗਾਵਾਂ (ਅਪਣੇ ਜੀਵਨ 'ਚ ਉਤਾਰਾਂ); ਤੇ ਹਰ ਸਾਹ ਨਾ਼ਲ, ਪ੍ਰਭੂ!, ਤੇਰੇ ਵੱਲ ਧਿਆਨ ਕਰਾਂ।

ਚਰਨ ਕਮਲ ਸਿਉ ਲਾਗੈ ਪ੍ਰੀਤਿ ॥
ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥

ਮੇਰਾ ਪਿਆਰ ਪਰਮਾਤਮਾ ਦੇ ਚਰਣਾਂ ਨਾਲ਼ ਪੈ ਜਾਵੇ (ਰੱਬੀ ਹੁਕਮ ਨਾਲ਼ ਪ੍ਰੀਤ ਬਣ ਜਾਏ)। ਮੈਂ ਰੱਬੀ ਗੁਣਾਂ ਨੂੰ ਅਪਣੇ ਜੀਵਨ 'ਚ ਸ਼ਾਮਲ ਕਰਨ ਵਾਲ਼ੀ ਭਗਤੀ ਨਿੱਤ ਕਰਦਾ ਰਹਾਂ।

ਏਕ ਓਟ ਏਕੋ ਆਧਾਰੁ ॥
ਨਾਨਕੁ ਮਾਗੈ ਨਾਮੁ ਪ੍ਰਭ ਸਾਰੁ ॥੧॥

ਮੈਂ ਕੇਵਲ ਇੱਕ ਪਰਮਾਤਮਾ ਦਾ ਓਟ-ਆਸਰਾ ਤੱਕਾਂ; ਹੇ ਪ੍ਰਭੂ ! ਮੈਨੂੰ ਇੱਕ ਰੱਬੀ ਨਾਮ/ਗੁਣਾਂ ਦੀ ਦਾਤ ਮਿਲ਼ ਜਾਏ।

ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥
ਹਰਿ ਰਸੁ ਪਾਵੈ ਬਿਰਲਾ ਕੋਇ ॥

ਪਰਮਾਤਮਾ ਦੀ ਦ੍ਰਿਸ਼ਟੀ/ਕਿਰਪਾ (ਹੁਕਮ 'ਚ ਜੀਊਣ) ਨਾਲ਼ ਅੰਦਰ ਸਦਾ ਸੁੱਖ ਹੁੰਦਾ ਹੈ; ਰੱਬੀ (ਹੁਕਮ ਦੇ) ਪਿਆਰ ਵਾਲ਼ਾ ਇਹ ਰਸ ਲੈਣ ਵਾਲ਼ਾ ਮਨ ਵਿਰਲਾ ਹੋ ਜਾਂਦਾ ਹੈ।

ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥
ਪੂਰਨ ਪੁਰਖ ਨਹੀ ਡੋਲਾਨੇ ॥

ਜੋ ਮਨ ਰੱਬੀ ਹੁਕਮ ਨਾਲ਼ ਪ੍ਰੇਮ ਦਾ ਰਸ ਪੀਂਦਾ ਹੈ, ਉਹ ਸਦਾ ਸੰਤੋਖ ਆਦਿ ਗੁਣਾਂ ਨਾਲ਼ ਰੱਜਿਆ ਰਹਿੰਦਾ ਹੈ; ਰੱਬੀ ਗੁਣਾਂ ਨਾਲ ਪੂਰਨ ਹੋਇਆ ਮਨੁੱਖ ਕਦੀ ਵਿਕਾਰਾਂ 'ਚ ਪੈ ਕੇ ਡੋਲਦਾ ਨਹੀਂ।

ਸੁਭਰ ਭਰੇ ਪ੍ਰੇਮ ਰਸ ਰੰਗਿ ॥
ਉਪਜੈ ਚਾਉ ਸਾਧ ਕੈ ਸੰਗਿ ॥

ਰੱਬੀ ਪਿਆਰ ਦੇ ਰੰਗ 'ਚ ਰੰਗਿਆ ਮਨ ਸਦਾ ਭਰਿਆ/ਧੰਨਵਾਦੀ ਰਹਿੰਦਾ ਹੈ; ਗੁਰੂ (ਗਿਆਨ) ਦੇ ਸੰਗ ਨਾਲ਼ ਮਨ ਅੰਦਰ ਸਦਾ ਚਾਓ/ਖੇੜਾ ਬਣਿਆ ਰਹਿੰਦਾ ਹੈ।

**ਪਰੇ ਸਰਨਿ  ਆਨ ਸਭ ਤਿਆਗਿ ॥**

**ਅੰਤਰਿ ਪ੍ਰਗਾਸ  ਅਨਦਿਨੁ ਲਿਵ ਲਾਗਿ ॥**

ਜੋ ਮਨ ਸਾਰੇ ਬਾਹਰੀ ਮੋਹ ਛੱਡ ਕੇ ਅੰਦਰ ਵੱਸਦੇ ਪਰਮਾਤਮਾ ਦੀ ਸ਼ਰਨ ਪੈਂਦਾ ਹੈ; ਉਸਦੇ ਅੰਦਰ ਗਿਆਨ ਦਾ ਚਾਨਣ ਹੁੰਦਾ ਹੈ, ਤੇ ਉਹ ਰਾਤ-ਦਿਨ ਪ੍ਰਭੂ ਵਿੱਚ ਲੀਨ ਰਹਿੰਦਾ ਹੈ।

**ਬਡਭਾਗੀ  ਜਪਿਆ ਪ੍ਰਭੁ ਸੋਇ ॥**

**ਨਾਨਕ  ਨਾਮਿ ਰਤੇ ਸੁਖੁ ਹੋਇ ॥੨॥**

ਪਰਮਾਤਮਾ ਨੂੰ ਚੇਤੇ ਵਿੱਚ ਰੱਖਣ ਵਾਲ਼ਾ ਮਨ ਵੱਡੇ ਭਾਗਾਂ ਵਾਲ਼ਾ ਹੈ; ਰੱਬੀ ਨਾਮ/ਗੁਣਾਂ ਵਿੱਚ ਰਚਿਆ ਮਨ ਅੰਦਰ ਸਦਾ ਸੁੱਖ ਹੁੰਦਾ ਹੈ।

**ਸੇਵਕ ਕੀ ਮਨਸਾ  ਪੂਰੀ ਭਈ ॥**

**ਸਤਿਗੁਰ ਤੇ  ਨਿਰਮਲ ਮਤਿ ਲਈ ॥**

ਰੱਬੀ ਹੁਕਮ ਦੇ ਸੇਵਕ/ਮੰਨਣਵਾਲ਼ੇ ਮਨ ਦੀ (ਸਦੀਵੀ ਸੁੱਖ ਵਾਲ਼ੀ) ਮਨਸਾ/ਇੱਛਾ ਪੂਰੀ ਹੁੰਦੀ ਹੈ; ਕਿਉਂਕਿ ਉਹ ਮਨ ਗੁਰੂ ਕੋਲੋਂ ਨਿਰਮਲ/ਪਵਿੱਤਰ) ਮੱਤ ਲੈ ਕੇ ਉਸ ਅਨੁਸਾਰ ਜੀਉਂਦਾ ਹੈ।

**ਜਨ ਕਉ  ਪ੍ਰਭੁ ਹੋਇਓ ਦਇਆਲੁ ॥**

**ਸੇਵਕੁ ਕੀਨੋ  ਸਦਾ ਨਿਹਾਲੁ ॥**

ਪਰਮਾਤਮਾ ਦੇ ਹੁਕਮ ਨੂੰ ਮੰਨਣ ਵਾਲ਼ਾ ਰੱਬੀ ਹੁਕਮ ਦੀ ਦਇਆ ਨਾਲ਼ ਸਦਾ ਨਿਹਾਲ ਹੋਇਆ ਰਹਿੰਦਾ ਹੈ

**ਬੰਧਨ ਕਾਟਿ  ਮੁਕਤਿ ਜਨੁ ਭਇਆ ॥**

**ਜਨਮ ਮਰਨ ਦੂਖੁ  ਭ੍ਰਮੁ ਗਇਆ ॥**

ਰੱਬੀ ਹੁਕਮ ਨੂੰ ਮੰਨਣ ਵਾਲ਼ਾ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ; ਉਸਦੇ ਬਾਹਰੀ ਜਨਮ-ਮਰਣ ਦੇ ਦੁੱਖ-ਭਰਮ ਮੁੱਕ ਜਾਂਦੇ ਨੇ।

**ਇਛ ਪੁਨੀ ਸਰਧਾ ਸਭ ਪੂਰੀ ॥**

**ਰਵਿ ਰਹਿਆ ਸਦ ਸੰਗਿ ਹਜੂਰੀ ॥**

ਪਰਮਾਤਮਾ ਦੇ (ਹੁਕਮ ਦੇ) ਸੇਵਕ ਦੀ (ਅੰਦਰੂਨੀ ਟਿਕਾਅ ਵਾ਼ਲੀ) ਇੱਛਾ-ਸ਼ਰਧਾ ਪੂਰੀ ਹੁੰਦੀ ਹੈ; ਉਹ ਪਰਮਾਤਮਾ ਨੂੰ ਹਰ ਥਾਂ ਅਪਣੇ ਨਾ਼ਲ ਜਾਣਦਾ ਹੈ।

**ਜਿਸ ਕਾ ਸਾ ਤਿਨਿ ਲੀਆ ਮਿਲਾਇ ॥**

**ਨਾਨਕ ਭਗਤੀ ਨਾਮਿ ਸਮਾਇ ॥੩॥**

ਰੱਬੀ ਹੁਕਮ ਨੂੰ ਮੰਨ ਕੇ ਅਸੀਂ ਅਪਣੇ ਰਚਨਹਾਰ ਪਰਮਾਤਮਾ ਵਿੱਚ ਮਿ਼ਲ ਜਾਂਦੇ ਹਾਂ; ਇੰਝ (ਰੱਬੀ ਹੁਕਮ ਨੂੰ ਦ੍ਰਿੜ੍ਹ ਕਰਣ ਵਾ਼ਲੇ) ਭਗਤ ਰੱਬੀ ਨਾਮ/ਗੁਣਾਂ 'ਚ ਸਮਾਏ ਰਹਿੰਦੇ ਨੇ।

**ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥**

**ਸੋ ਕਿਉ ਬਿਸਰੈ ਜਿ ਕੀਆ ਜਾਨੈ ॥**

ਮੇਰੇ ਮਨਾ! ਉਸ ਪ੍ਰਭੂ ਨੂੰ ਨਾ ਭੁੱਲ ਜੋ ਤੇਰੀ ਮਿਹਨਤ/ਲਗਨ ਨੂੰ ਅਜਾਈਂ ਨਹੀਂ ਜਾਣ ਦੇਂਦਾ; ਉਸ ਪਰਮਾਤਮਾ ਨੂੰ ਨਾ ਭੁੱਲ ਜੋ ਤੇਰੀ ਕੀਤੀ ਨੂੰ ਜਾਣਦਾ ਹੈ (ਸੁਣਾਉਣ/ਦੱਸਣ ਦੀ ਲੋੜ ਨਹੀਂ)।

**ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥**

**ਸੋ ਕਿਉ ਬਿਸਰੈ ਜਿ ਜੀਵਨ ਜੀਆ ॥**

ਉਸ ਪਰਮਾਤਮਾ ਨੂੰ ਨਾ ਭੁੱਲ ਜਿਸਨੇ ਸਭ ਕੁੱਝ ਤੈਨੂੰ ਦਿੱਤਾ ਹੈ; ਉਸ ਪਰਮਾਤਮਾ ਨੂੰ ਨਾ ਭੁੱਲ ਜੋ ਤੇਰੇ ਅੰਦਰ ਜੀ ਰਿਹਾ ਹੈ (ਉਸਤੋਂ ਬਿਨਾਂ ਜੀਵਨ ਹੀ ਨਹੀਂ ਹੈ)।

**ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥**

**ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥**

ਉਸ ਪਰਮਾਤਮਾ ਨੂੰ ਨਾ ਭੁੱਲ ਜੋ (ਅਪਣੇ ਹੁਕਮ/ਗਿਆਨ ਨਾ਼ਲ) ਤੈਨੂੰ ਤ੍ਰਿਸ਼ਨਾ ਆਦਿ ਵਿਕਾਰਾਂ ਦੀ ਅੱਗ ਤੋਂ ਬਚਾਉਂਦਾ ਹੈ। ਗੁਰੂ ਦੀ ਕਿਰਪਾ/ਗਿਆਨ ਨਾ਼ਲ ਇਹ ਸਮਝ ਲੈਣ ਵਾ਼ਲਾ ਮਨ ਵਿਰਲਾ/ਸ੍ਰੇਸ਼ਟ ਹੁੰਦਾ ਹੈ।

**ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥**

**ਜਨਮ ਜਨਮ ਕਾ ਟੂਟਾ ਗਾਢੈ ॥**

ਉਸ ਪਰਮਾਤਮਾ ਨੂੰ ਨਾ ਭੁੱਲ ਜੋ (ਅਪਣੇ ਹੁਕਮ/ਦਿਸ਼ਾਨਿਰਦੇਸ਼ ਨਾਲ਼) ਤੈਨੂੰ ਲੋਭ ਆਦਿ ਵਿਕਾਰਾਂ ਦੇ ਜ਼ਹਿਰ ਵਿੱਚੋਂ ਕੱਢ ਲੈਂਦਾ ਹੈ। ਲੰਮੇ ਸਮੇਂ ਤੋਂ ਵਿਕਾਰਾਂ 'ਚ ਪੈ ਕੇ ਅਪਣੇ ਨਿੱਜ ਸਰੂਪ ਤੋਂ ਟੁੱਟੇ ਹੋਏ ਮਨ ਨੂੰ ਵੀ ਰੱਬੀ ਹੁਕਮ ਜੋੜ ਲੈਂਦਾ ਹੈ

**ਗੁਰਿ ਪੂਰੈ ਤਤੁ ਇਹੈ ਬੁਝਾਇਆ ॥**

**ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥**

ਪੂਰੇ ਗੁਰੂ ਦੇ ਗਿਆਨ ਨਾਲ਼ ਇਹ ਤੱਤ/ਮੁੱਦੇ ਦੀ ਗੱਲ ਸਮਝ ਪੈਂਦੀ ਹੈ; ਫਿਰ ਹੀ ਮਨ ਅਪਣੇ ਅੰਦਰ ਵੱਸਦੇ ਪ੍ਰਭੂ ਦਾ ਸੇਵਕ (ਹੁਕਮ ਨੂੰ ਮੰਨਣ ਵਾਲਾ) ਹੋ ਕੇ ਸਦਾ ਉਸ ਵੱਲ ਧਿਆਨ ਕਰਦਾ ਹੈ।

**ਸਾਜਨ ਸੰਤ ਕਰਹੁ ਇਹੁ ਕਾਮੁ ॥**

**ਆਨ ਤਿਆਗਿ ਜਪਹੁ ਹਰਿ ਨਾਮੁ ॥**

ਮੇਰੇ ਮਨਾ! ਭਲਾ ਸੱਜਣ ਬਣ! ਇਹ ਕੰਮ ਕਰਿਆ ਕਰ ਕਿ ਸਭ ਬਾਹਰੀ ਅਡੰਬਰ ਛੱਡ ਕੇ ਰੱਬੀ ਨਾਮ/ਗੁਣਾਂ ਨੂੰ ਜਪਿਆ/ਦ੍ਰਿੜ੍ਹ ਕਰਿਆ ਕਰ।

**ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥**

**ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥**

ਪਰਮਾਤਮਾ ਨੂੰ ਸਦਾ ਚੇਤੇ ਰੱਖ ਕੇ ਸੁਖ ਪ੍ਰਾਪਤ ਕਰ; ਆਪ ਵੀ ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰ, ਤੇ ਹੋਰਨਾਂ ਨੂੰ ਵੀ ਇਸ ਕਰਮ ਵੱਲ ਪ੍ਰੇਰਿਆ ਕਰ।

**ਭਗਤਿ ਭਾਇ ਤਰੀਐ ਸੰਸਾਰੁ ॥**

**ਬਿਨੁ ਭਗਤੀ ਤਨੁ ਹੋਸੀ ਛਾਰੁ ॥**

ਰੱਬੀ ਗੁਣਾਂ ਨੂੰ ਅਮਲ 'ਚ ਲਿਆ ਕੇ ਅਪਣੇ ਅੰਦਰਲੇ ਵਿਚਾਰਾਂ ਦੇ ਸੰਸਾਰ ਨੂੰ ਵਿਕਾਰਾਂ ਤੋਂ ਤਾਰ/ਕੱਢ ਲੈ; ਰੱਬੀ ਗੁਣਾਂ ਨੂੰ ਦ੍ਰਿੜ੍ਹ ਕੀਤੇ ਬਿਨਾਂ ਇਹ ਤਨ/ਜੀਵਨ ਵਿਅਰਥ ਹੋ ਜਾਂਦਾ ਹੈ।

**ਸਰਬ ਕਲਿਆਣ ਸੂਖ ਨਿਧਿ ਨਾਮੁ ॥**

**ਬੂਡਤ ਜਾਤ ਪਾਏ ਬਿਸ੍ਰਾਮੁ ॥**

ਰੱਬੀ ਨਾਮ/ਗੁਣਾਂ ਦਾ ਖਜ਼ਾਨਾ ਹਰ ਤਰ੍ਹਾਂ ਭਲਾ ਕਰਦਾ ਹੈ, ਤੇ ਸੁੱਖ ਲੈ ਕੇ ਆਉਂਦਾ ਹੈ; ਰੱਬੀ ਨਾਮ/ਗੁਣਾਂ ਦਾ ਇਹ ਖਜ਼ਾਨਾ ਵਿਕਾਰਾਂ 'ਚ ਡੁੱਬਦੇ ਮਨ ਨੂੰ ਸਹਾਰਾ ਦੇ ਕੇ ਟਿਕਾਉਂਦਾ ਹੈ।

**ਸਗਲ ਦੂਖ ਕਾ ਹੋਵਤ ਨਾਸੁ ॥**

**ਨਾਨਕ ਨਾਮੁ ਜਪਹੁ ਗੁਨਤਾਸੁ ॥੫॥**

ਰੱਬੀ ਨਾਮ/ਗੁਣਾਂ ਨੂੰ ਦ੍ਰਿੜ੍ਹ ਕਰਕੇ ਸਭ ਦੁਖਾਂ ਦਾ ਨਾਸ਼ ਹੁੰਦਾ ਹੈ; ਇਸ ਕਰਕੇ ਮੇਰੇ ਮਨਾ! ਰੱਬੀ ਨਾਮ/ਗੁਣਾਂ ਨੂ ਜਪਿਆ/ਦ੍ਰਿੜ੍ਹ ਕਰਿਆ ਕਰ।

**ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥**

**ਮਨ ਤਨ ਅੰਤਰਿ ਇਹੀ ਸੁਆਉ ॥**

ਜਿਸਦੇ ਅੰਦਰ ਰੱਬੀ ਗੁਣਾਂ ਲਈ ਪਿਆਰ ਤੇ ਚਾਅ ਬਣਦਾ ਹੈ; ਉਸਦੇ ਮਨ-ਤਨ (ਵਿਚਾਰ ਅਤੇ ਵਿਹਾਰ) ਅੰਦਰ ਏਹੋ ਸੁਹੱਪਣ/ਸੁੰਦਰਤਾ ਆ ਜਾਂਦੀ ਹੈ।

**ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥**

**ਮਨੁ ਬਿਗਸੈ ਸਾਧ ਚਰਨ ਧੋਇ ॥**

ਉਹ ਜੋ ਕੁਝ ਅੱਖਾਂ ਨਾਲ਼ ਵੇਖਦਾ ਹੈ, ਉਸ ਸਭ ਵਿੱਚ ਪਰਮਾਤਮਾ ਦੇ ਦਰਸ਼ਨ ਕਰਕੇ ਸੁਖੀ ਹੁੰਦਾ ਹੈ; ਉਸਦਾ ਮਨ ਗੁਰੂ ਦੇ ਚਰਣ ਧੋ ਕੇ (ਗਿਆਨ ਨੂੰ ਸਮਰਪਤ ਹੋ ਕੇ) ਸਦਾ ਖੁਸ਼ ਹੁੰਦਾ ਹੈ।

**ਭਗਤ ਜਨਾ ਕੈ ਮਨਿ ਤਨਿ ਰੰਗੁ ॥**

**ਬਿਰਲਾ ਕੋਊ ਪਾਵੈ ਸੰਗੁ ॥**

ਰੱਬ ਦੇ ਭਗਤਾਂ (ਹੁਕਮ ਨੂੰ ਮੰਨਣ ਵਾਲਿਆ) ਦਾ ਮਨ-ਤਨ ਰੱਬੀ ਗੁਣਾਂ 'ਚ ਰੰਗਿਆ ਰਹਿੰਦਾ ਹੈ; ਜੋ ਇੰਝ ਅਪਣੇ ਪ੍ਰਭੂ ਦਾ ਸਦਾ ਸੰਗ ਮਾਣਦੇ ਨੇ ਉਹ ਵਿਰਲੇ/ਭਾਗਾਂਵਾਲ਼ੇ ਹੁੰਦੇ ਨੇ।

ਏਕ ਬਸਤੁ ਦੀਜੈ ਕਰਿ ਮਇਆ ॥

ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥

ਹੇ ਪ੍ਰਭੂ! ਇੱਕ ਚੀਜ਼/ਸਮਝ ਮੈਨੂੰ ਦਇਆ ਕਰਕੇ ਦੇ ਦਵੋ; ਕਿ ਮੈਂ ਗੁਰੂ ਦੀ ਕਿਰਪਾ/ਗਿਆਨ ਨੂੰ ਦ੍ਰਿੜ੍ਹ ਕਰਕੇ ਰੱਬੀ ਨਾਮ/ਗੁਣਾਂ ਨੂੰ ਧਾਰਣ ਕਰ ਲਵਾਂ।

ਤਾ ਕੀ ਉਪਮਾ ਕਹੀ ਨ ਜਾਇ ॥

ਨਾਨਕ ਰਹਿਆ ਸਰਬ ਸਮਾਇ ॥੬॥

ਜੋ ਇਹ ਕਰਦੇ ਨੇ ਉਨ੍ਹਾਂ ਦੀ ਉਪਮਾ/ਵਡਿਆਈ ਅੱਖਰਾਂ 'ਚ ਕਹੀ ਨਹੀਂ ਜਾ ਸਕਦੀ; ਉਨ੍ਹਾਂ ਦੀ ਸਾਰੀ/ਪੂਰੀ ਹੋਂਦ (ਬੋਲ-ਬਾਣੀ, ਵਿਚਾਰ-ਵਿਹਾਰ) ਵਿੱਚ ਆਪ ਪਰਮਾਤਮਾ ਸਮਾਇਆ ਰਹਿੰਦਾ ਹੈ।

ਪ੍ਰਭ ਬਖਸੰਦ ਦੀਨ ਦਇਆਲ ॥

ਭਗਤਿ ਵਛਲ ਸਦਾ ਕਿਰਪਾਲ ॥

ਪਰਮਾਤਮਾ ਸਦਾ ਬਖਸ਼ਿਸ਼ ਕਰਦਾ ਹੈ, ਉਹ ਸਦਾ ਦਿਆਲ ਹੈ; ਭਗਤਾਂ ਦਾ ਪਿਆਰਾ ਸਦਾ ਕਿਰਪਾ ਕਰਦਾ ਹੈ।

ਅਨਾਥ ਨਾਥ ਗੋਬਿੰਦ ਗੁਪਾਲ ॥

ਸਰਬ ਘਟਾ ਕਰਤ ਪ੍ਰਤਿਪਾਲ ॥

ਉਸਤੋਂ ਇਲਾਵਾ ਹੋਰ ਕੋਈ ਸਾਡਾ ਮਾਲਕ ਨਹੀਂ ਹੈ (ਉਸਤੋਂ ਬਿਨਾਂ ਅਸੀਂ ਅਨਾਥ/ਬੇਸਹਾਰਾ ਹੁੰਦੇ ਹਾਂ); ਸਭ ਦੇ ਹਿਰਦੇ/ਅੰਦਰ ਵੱਸਣ ਵਾਲ਼ਾ ਪਰਮਾਤਮਾ ਆਪ ਸਾਨੂੰ ਪਾਲ਼ਦਾ ਹੈ।

ਆਦਿ ਪੁਰਖ ਕਾਰਣ ਕਰਤਾਰ ॥

ਭਗਤ ਜਨਾ ਕੇ ਪ੍ਰਾਨ ਅਧਾਰ ॥

ਸਭ ਨੂੰ ਬਣਾਉਣ ਵਾਲ਼ਾ ਕਰਤਾ ਪੁਰਖ ਪਰਮਾਤਮਾ, ਅਪਣੇ ਪਿਆਰਿਆਂ ਦੇ ਜੀਵਨ ਦਾ ਆਸਰਾ ਹੈ (ਉਸਨੂੰ ਪਿਆਰ ਕਰਣ ਵਾਲ਼ੇ ਉਸਦੇ ਹੁਕਮ ਸਦਕਾ ਜੀਵਨ ਜੀਊਂਦੇ ਨੇ)।

**ਜੋ ਜੋ ਜਪੈ ਸੁ ਹੋਇ ਪੁਨੀਤ ॥**

**ਭਗਤਿ ਭਾਇ ਲਾਵੈ ਮਨ ਹੀਤ ॥**

ਜੋ ਵੀ ਉਸ ਵੱਲ ਧਿਆਨ ਕਰਦੇ ਨੇ (ਉਸਦੇ ਹੁਕਮ 'ਚ ਜੀਊਂਦੇ ਨੇ), ਉਹ ਹੀ ਮਨ ਕਰਕੇ ਉਸਦੀ ਭਗਤੀ ਕਰ ਰਹੇ ਨੇ

**ਹਮ ਨਿਰਗੁਨੀਆਰ ਨੀਚ ਅਜਾਨ ॥**

**ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥**

ਹੇ ਪ੍ਰਭੂ ! ਅਸੀਂ ਗੁਣਾਂ ਤੋਂ ਹੀਣੇ, ਨੀਵੀਂ ਸੋਚ ਤੇ ਅਗਿਆਨ ਵਿੱਚੋਂ ਨਿਕਲਣ ਲਈ ਤੇਰੀ ਸ਼ਰਣ/ਹੁਕਮ 'ਚ ਵਿੱਚ ਆ ਜਾਈਏ

**ਸਰਬ ਬੈਕੁੰਠ ਮੁਕਤਿ ਮੋਖ ਪਾਏ ॥**

**ਏਕ ਨਿਮਖ ਹਰਿ ਕੇ ਗੁਨ ਗਾਏ ॥**

ਰੱਬੀ ਗੁਣਾਂ ਨੂੰ ਇੱਕ ਪਲ ਵੀ ਦ੍ਰਿੜ੍ਹ ਕਰ ਲਈਏ ਤਾਂ ਉਸ ਪਲ'ਚ ਅਸੀਂ ਸਾਰੇ ਵਿਕਾਰਾਂ ਵਾਲ਼ੇ ਨਰਕਾਂ ਤੋਂ ਮੁਕਤ ਹੋ ਕੇ ਸੁਅਰਗ (ਸੁਖ-ਸ਼ਾਂਤੀ) ਲੈ ਸਕਦੇ ਹਾਂ

**ਅਨਿਕ ਰਾਜ ਭੋਗ ਬਡਿਆਈ ॥**

**ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥**

ਅਸਲੀ (ਮਨ ਅੰਦਰਲੇ) ਰਾਜ-ਭੋਗ ਦੀ ਵਡਿਆਈ ਉਦੋਂ ਮਿਲ਼ਦੀ ਹੈ ਜਦ ਅਸੀਂ ਰੱਬੀ ਨਾਮ/ਗੁਣਾਂ ਨਾਲ਼ ਪਿਆਰ ਪਾਉਂਦੇ ਹਾਂ

**ਬਹੁ ਭੋਜਨ ਕਾਪਰ ਸੰਗੀਤ ॥**

**ਰਸਨਾ ਜਪਤੀ ਹਰਿ ਹਰਿ ਨੀਤ ॥**

ਸਾਡੇ ਮਨ ਅੰਦਰ ਕਪੜਾ (ਪੱਤ), ਭੋਜਨ (ਸੰਤੋਖ), ਅਤੇ ਸੰਗੀਤ (ਅਨੰਦ) ਉਦੋਂ ਆਉਂਦਾ ਹੈ ਜਦ ਸਾਡੀ ਰਸਨਾ/ਸੁਰਤ ਜੀਵਨ ਰੂਪ ਪਰਮਾਤਮਾ ਨੂੰ ਜਪਦੀ/ਦ੍ਰਿੜ੍ਹ ਕਰਦੀ ਹੈ

**ਭਲੀ ਸੁ ਕਰਨੀ ਸੋਭਾ ਧਨਵੰਤ ॥**

**ਹਿਰਦੈ ਬਸੇ ਪੂਰਨ ਗੁਰ ਮੰਤ ॥**

ਹਿਰਦੇ ਵਿੱਚ ਗੁਰੂ ਦੇ ਮੰਤਰ/ਗਿਆਨ ਦਾ ਵੱਸ ਜਾਣਾ ਹੀ ਸਭ ਤੋਂ ਭਲਾ, ਸ਼ੋਭਾ, ਅਤੇ ਅਮੀਰੀ ਵਾਲ਼ਾ ਕਰਮ ਹੈ

**ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥**

**ਸਰਬ ਸੂਖ ਨਾਨਕ ਪਰਗਾਸ ॥੮॥੨੦॥**

ਹੇ ਪਰਮਾਤਮਾ! (ਮੈਂ ਸਦਾ ਏਹੋ ਅਰਦਾਸ ਕਰਾਂ ਕਿ) ਮੈਨੂੰ ਗੁਰੂ (ਦੇ ਗਿਆਨ) ਦਾ ਸੰਗ ਮਿਲ਼ੇ, ਜਿਸ ਨਾਲ਼ ਮਨ ਅੰਦਰ ਸਭ ਸੁਖਾਂ ਦਾ ਪਰਗਾਸ ਹੁੰਦਾ ਹੈ

**ਸਲੋਕੁ ॥**

**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥**

**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥**

ਜਦੋ ਸਾਰੇ ਦਿੱਸਦੀ ਰਚਨਾ ਵਿੱਚ ਵੱਸਦੇ ਨਿਰੰਕਾਰ ਪਰਮਾਤਮਾ ਦੇ ਵੱਲ ਅਪਣਾ ਧਿਆਨ ਕਰ ਲਿਆ ਜਾਵੇ, ਤਾਂ ਆਪ ਹੀ ਉਸਦਾ ਨਿਰੰਤਰ ਜਾਪ ਹੁੰਦਾ ਹੈ (ਕੋਈ ਬਾਹਰੀ ਧਾਰਮਕ ਸਮਾਧੀ-ਜਾਪ ਦੀ ਲੋੜ ਨਹੀਂ ਹੁੰਦੀ)

**ਅਸਟਪਦੀ ॥**

**ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥**

**ਪਾਪ ਪੁੰਨ ਤਬ ਕਹ ਤੇ ਹੋਤਾ ॥**

ਜਦੋਂ ਇਹ ਮਨ ਬਾਹਰੀ ਅਕਾਰ/ਦਿੱਖ ਦੇ ਵਿਤਕਰਿਆਂ ਨੂੰ ਦੇਖਣਾ ਛੱਡ ਕੇ (ਸਭ ਵਿੱਚ ਵੱਸਦੇ ਇੱਕ ਵੱਲ ਧਿਆਨ ਕਰਦਾ ਹੈ); ਤਾਂ ਫਿਰ ਪਾਪ-ਪੁੰਨ ਵਾਲ਼ੀ ਗੱਲ ਹੀ ਨਹੀਂ ਰਹਿੰਦੀ (ਮਨ ਅਪਣੇ ਆਪ ਕੇਵਲ ਭਲਾ ਹੀ ਕਰਦਾ ਹੈ)।

ਜਬ ਧਾਰੀ  ਆਪਨ ਸੁੰਨ ਸਮਾਧਿ ॥
ਤਬ ਬੈਰ ਬਿਰੋਧ  ਕਿਸੁ ਸੰਗਿ ਕਮਾਤਿ ॥

ਜਦ ਮਨ ਅਪਣੇ ਅੰਦਰ ਵੱਸਦੇ ਪ੍ਰਭੂ ਵੱਲ ਨਿਰੰਤਰ ਜੁੜਿਆ ਰਹਿੰਦਾ ਹੈ; ਫਿਰ ਇਹ ਕਿਸੇ ਨਾਲ਼ ਵੈਰ-ਵਿਰੋਧ ਨਹੀਂ ਕਰਦਾ।

ਜਬ ਇਸ ਕਾ  ਬਰਨੁ ਚਿਹਨੁ ਨ ਜਾਪਤ ॥
ਤਬ  ਹਰਖ ਸੋਗ  ਕਹੁ ਕਿਸਹਿ ਬਿਆਪਤ ॥

ਜਦ ਇਹ ਮਨ ਰੰਗ-ਰੂਪ-ਨਿਸ਼ਾਨੀਆਂ ਦੇ ਅਧਾਰ 'ਤੇ ਵੰਡਣਾ ਛੱਡ ਦੇਂਦਾ ਹੈ; ਫਿਰ (ਬਾਹਰੀ ਸੰਸਾਰ ਕਰਕੇ) ਸੁਖੀ-ਦੁਖੀ ਹੋਣਾ ਛੁੱਟ ਜਾਂਦਾ ਹੈ।

ਜਬ ਆਪਨ ਆਪ  ਆਪਿ ਪਾਰਬ੍ਰਹਮ ॥
ਤਬ  ਮੋਹ ਕਹਾ  ਕਿਸੁ ਹੋਵਤ ਭਰਮ ॥

ਜਦ ਅਪਣੇ ਆਪ ਦੀ ਪਛਾਣ ਇੱਕ ਪਰਮਾਤਮਾ ਦੇ ਅਧਾਰ 'ਤੇ ਹੋ ਜਾਂਦੀ ਹੈ; ਫਿਰ ਕੇਵਲ ਬਾਹਰੀ ਸ਼ਰੀਰ ਨਾਲ਼ ਜੁੜੇ ਮੋਹ-ਪਿਆਰ ਵਾਲ਼ੇ ਭਰਮ ਮੁੱਕ ਜਾਂਦੇ ਨੇ।

ਆਪਨ ਖੇਲੁ  ਆਪਿ ਵਰਤੀਜਾ ॥
ਨਾਨਕ  ਕਰਨੈਹਾਰੁ ਨ ਦੂਜਾ ॥੧॥

ਇਸ ਕਰਕੇ, ਮਨਾ! ਇਹ ਜਾਣ ਲੈ ਕਿ ਇੱਕ ਪਰਮਾਤਮਾ ਆਪ ਅਪਣੀ ਰਚਨਾ ਵਿੱਚ ਵਰਤ ਰਿਹਾ ਹੈ, ਹੋਰ ਕੋਈ ਦੂਜਾ ਹੈ ਹੀ ਨਹੀਂ।

ਜਬ  ਹੋਵਤ ਪ੍ਰਭ ਕੇਵਲ ਧਨੀ ॥
ਤਬ  ਬੰਧ ਮੁਕਤਿ ਕਹੁ ਕਿਸ ਕਉ ਗਨੀ ॥

ਜਦ ਕੇਵਲ ਇੱਕ ਪਰਮਾਤਮਾ ਵੱਲ ਹੀ ਧਿਆਨ ਹੋ ਜਾਵੇ, ਫਿਰ ਉਹ ਬੰਧਨ ਹੀ ਨਹੀਂ ਰਹਿ ਜਾਂਦੇ ਜਿਨ੍ਹਾਂ ਤੋਂ ਮੁਕਤੀ ਲਈ ਬਾਹਰੀ ਕਰਮ-ਕਾਂਡ ਕੀਤੇ ਜਾ ਰਹੇ ਨੇ

**ਜਬ ਏਕਹਿ ਹਰਿ ਅਗਮ ਅਪਾਰ ॥**

**ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥**

ਜਦ ਇਹ ਅਹਿਸਾਸ ਹੋ ਗਿਆ ਕਿ ਹਰ ਥਾਂ, ਹਰ ਵੇਲ਼ੇ ਇੱਕ ਪਰਮਾਤਮਾ ਹੀ ਹੈ, ਫਿਰ ਸੁਅਰਗ-ਨਰਕ ਦੇ ਗੇੜਿਆਂ ਵਾਲ਼ਾ ਭਰਮ ਹੀ ਮੁੱਕ ਜਾਂਦਾ ਹੈ

**ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥**

**ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥**

ਜਦ ਇੱਕ ਪਰਮਾਤਮਾ ਨੂੰ ਸਭ ਵਿੱਚ ਇੱਕ ਬਰਾਬਰ ਜਾਣ ਲਿਆ ਜਾਵੇ, ਫਿਰ ਸ਼ਿਵ-ਸ਼ਕਤੀ (ਰੱਬ ਨਾਲ਼ ਜੋੜੀਆਂ ਜਾਂਦੀਆਂ ਹਵਾਈ ਕਹਾਣੀਆਂ) ਕਿਤੇ ਟਿਕਦੀਆਂ ਹੀ ਨਹੀਂ

**ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥**

**ਤਬ ਕਵਨ ਨਿਡਰੁ ਕਵਨ ਕਤ ਡਰੈ ॥**

ਜਦ ਸਾਰਿਆਂ ਵਿੱਚ ਇੱਕ ਪਰਮਾਤਮਾ ਆਪ ਹੀ ਅਪਣੀ ਜੋਤ ਧਰੀ ਬੈਠਾ ਹੈ, ਫਿਰ ਕਿਸੇ ਤੋਂ ਡਰਣ ਜਾਂ ਕਿਸੇ ਨੂੰ ਡਰਾਉਣ ਵਾਲ਼ੀ ਗੱਲ ਹੀ ਨਹੀਂ ਰਹਿੰਦੀ

**ਆਪਨ ਚਲਿਤ ਆਪਿ ਕਰਨੈਹਾਰ ॥**

**ਨਾਨਕ ਠਾਕੁਰ ਅਗਮ ਅਪਾਰ ॥੨॥**

ਮੇਰੇ ਮਨਾ! ਇਹ ਜਾਣ ਲੈ ਠਾਕੁਰ ਪਰਮਾਤਮਾ ਆਪ ਅਪਣੀ ਰਚਨਾ ਵਿੱਚ ਸਦਾ ਸਮਾਇਆ ਹੋਇਆ ਕਾਰਜ ਕਰ ਰਿਹਾ ਹੈ

**ਅਬਿਨਾਸੀ ਸੁਖ ਆਪਨ ਆਸਨ ॥**

**ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥**

ਜਦ ਅਬਿਨਾਸੀ ਪਰਮਾਤਮਾ ਨੂੰ ਅਪਣੇ ਅੰਦਰ ਸੁੱਖਾਂ ਦਾ ਟਿਕਾਣਾ ਜਾਣ ਲਈਏ; ਤਾਂ ਫਿਰ ਇਹ ਮਨ (ਵਿਕਾਰਾਂ ਵਾਲ਼ੇ) ਜਨਮ-ਮਰਣ ਵਿੱਚ ਬਾਰ-ਬਾਰ ਖਤਮ ਨਹੀਂ ਹੁੰਦਾ।

**ਜਬ ਪੂਰਨ ਕਰਤਾ ਪ੍ਰਭੁ ਸੋਇ ॥**

**ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥**

ਜਦ ਇਹ ਮਨ ਪਰਮਾਤਮਾ ਨੂੰ ਸਭ ਕੁਝ ਕਰਣ ਵਾਲ਼ਾ ਜਾਣ ਲਵੇ; ਤਾਂ ਫਿਰ ਸ਼ਰੀਰਕ ਮੌਤ ਦੇ ਡਰ ਮੁੱਕ ਜਾਂਦੇ ਨੇ।

**ਜਬ ਅਬਿਗਤ ਅਗੋਚਰ ਪ੍ਰਭ ਏਕਾ ॥**

**ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥**

ਜਦ ਮਨ ਇਹ ਜਾਣ ਲਵੇ ਕਿ ਇੱਕ ਪਰਮਾਤਮਾ ਹਰ ਥਾਂ ਸਭ ਵਿੱਚ ਸਮਾਇਆ ਹੈ; ਫਿਰ ਇਹ ਚਿੱਤਰ-ਗੁਪਤ ਦੇ ਲੇਖਾ ਮੰਗਣ ਵਾਲ਼ੀਆਂ ਬਾਤਾਂ ਦੀ ਲੋੜ ਹੀ ਨਹੀਂ ਰਹਿੰਦੀ।

**ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥**

**ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥**

ਜਦ ਇੱਕ ਪਰਮਾਤਮਾ ਨੂੰ ਅਪਣਾ ਨਾਥ/ਮਾਲਕ ਜਾਣ ਲਿਆ ਜਾਵੇ; ਫਿਰ ਨਾ ਤਾਂ ਖੁਦ ਬੰਧਨ 'ਚ ਰਹਿੰਦੇ ਹਾਂ, ਨਾ ਕਿਸੇ ਨੂੰ ਬੰਨ੍ਹ ਦੀ ਲੋੜ ਰੋਹਿੰਦੀ ਹੈ।

**ਆਪਨ ਆਪ ਆਪ ਹੀ ਅਚਰਜਾ ॥**

**ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥**

ਮਨਾ! ਜਾਣ ਕਿ ਇਹ ਸਾਰੀ ਰਚਨਾ ਅੰਦਰ-ਬਾਹਰ ਇੱਕ ਪਰਮਾਤਮਾ ਦਾ ਹੀ ਰੂਪ, ਓਸੇ ਦਾ ਬਣਾਇਆ-ਚਲਾਇਆ ਚੱਲ ਰਿਹਾ ਹੈ

**ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥**

**ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥**

ਜਦ ਮਨ ਅਪਣੇ ਅੰਦਰ-ਬਾਹਰ ਪਵਿੱਤਰ ਪਰਮਾਤਮਾ ਨੂੰ ਜਾਣ ਲੈਂਦਾ ਹੈ; ਫਿਰ ਆਪ ਵੀ ਅੰਦਰੋਂ-ਬਾਹਰੋਂ ਪਵਿੱਤਰ ਹੁੰਦਾ ਹੈ; ਬਾਹਰੋਂ ਧਾਰਮਕ ਅਡੰਬਰਾਂ ਵਾਲ਼ੇ ਪਵਿੱਤਰ ਇਸ਼ਨਾਨਾਂ ਦੀ ਲੋੜ ਨਹੀਂ ਹੈ।

**ਜਹ ਨਿਰੰਜਨ ਨਿਰੰਕਾਰ ਨਿਰਬਾਨ ॥**

**ਤਹ ਕਉਨ ਕਉ ਮਾਨ ਕਉਨ ਅਭਿਮਾਨ ॥**

ਜਦ ਮਨ ਸਭ ਵਿੱਚ ਵੱਸਦੇ ਪਰਮਾਤਮਾ ਵੱਲ ਧਿਆਨ ਕਰ ਲੈਂਦਾ ਹੈ; ਫਿਰ ਵੱਡੇ ਹੋਣ ਵਾਲ਼ਾ ਮਾਣ-ਅਹੰਕਾਰ ਨਹੀਂ ਹੁੰਦਾ।

**ਜਹ ਸਰੂਪ ਕੇਵਲ ਜਗਦੀਸ ॥**

**ਤਹ ਛਲ ਛਿਦ੍ਰ ਲਗਤ ਕਹੁ ਕੀਸ ॥**

ਜਦ ਇਹ ਮਨ ਇੱਕ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ (ਉਸ 'ਚ ਹੀ ਸਮਾਇਆ ਰਹਿੰਦਾ ਹੈ); ਫਿਰ ਇਸ ਵਿੱਚ ਛਲ਼-ਫਰੇਬ ਆਦਿ ਵਿਕਾਰ ਨਹੀਂ ਰਹਿੰਦੇ

**ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥**

**ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥**

ਜਦ ਇਹ ਮਨ ਸਭ ਵਿੱਚ ਵੱਸਣ ਵਾਲ਼ੀ ਜੋਤ/ਸ਼ਕਤੀ ਵਿੱਚ ਸਮਾਇਆ ਰਹਿੰਦਾ ਹੈ; ਫਿਰ ਨਾ ਤਾਂ ਕੋਈ ਲਾਲਚ-ਭੁੱਖ ਰਹਿੰਦੀ ਹੈ, ਨਾ ਹੀ ਕਿਸੇ ਮੰਗ ਨੂੰ ਪੂਰਾ ਕਰਣ ਵਾਲ਼ੀ ਅਰਦਾਸ-ਬੇਨਤੀ ਰਹਿੰਦੀ ਹੈ।

**ਕਰਨ ਕਰਾਵਨ ਕਰਨੈਹਾਰੁ ॥**

**ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥**

ਮਨਾ! ਕਰਣਹਾਰ ਪਰਮਾਤਮਾ ਵੱਲ ਧਿਆਨ ਕਰ, ਜਿਸਦੀ ਰਚਨਾ ਬੇਸ਼ੁਮਾਰ ਹੈ

**ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥**

**ਤਬ ਕਵਨ ਮਾਇ ਬਾਪ ਮਿਤ੍ਰੁ ਸੁਤ ਭਾਈ ॥**

ਜਦ ਮਨ ਇਹ ਜਾਣ ਲਵੇ ਕਿ ਸਾਰੀ ਰਚਨਾ ਪਰਮਾਤਮਾ ਦੀ ਹੀ ਬਣਾਈ ਹੈ; ਫਿਰ ਅਪਣੇ-ਬਗਾਨੇ ਵਾਲ਼ੇ ਭੇਦ ਮਿਟ ਜਾਂਦੇ ਨੇ।

ਜਹ ਸਰਬ ਕਲਾ ਆਪਹਿ ਪਰਬੀਨ ॥
ਤਹ ਬੇਦ ਕਤੇਬ ਕਹਾ ਕੋਊ ਚੀਨ ॥

ਜੇ ਮਨ ਅਪਣੇ ਅੰਦਰ ਸਰਬ ਕਲਾ ਦੇ ਮਾਲਕ ਪਰਮਾਤਮਾ ਨੂੰ ਸਮਰਪਤ ਹੋ ਜਾਵੇ; ਤਾਂ ਬਾਹਰੀ ਧਰਮ-ਗ੍ਰੰਥਾਂ ਦੇ ਨਿਰੰਤਰ ਪਾਠਾਂ ਵੱਲ ਨਹੀਂ ਜਾਂਦਾ।

ਜਬ ਆਪਨ ਆਪੁ ਆਪਿ ਉਰਿ ਧਾਰੈ ॥
ਤਉ ਸਗਨ ਅਪਸਗਨ ਕਹਾ ਬੀਚਾਰੈ ॥

ਜੇ ਮਨ ਅਪਣੇ ਅੰਦਰ ਅਪਣੇ ਨਿੱਜ ਸਰੂਪ ਪਰਮਾਤਮਾ ਨਾਲ਼ ਜੁੜਦਾ ਹੈ; ਤਾਂ ਬਾਹਰੀ ਸ਼ਗਨ-ਅਪਸ਼ਗਨ ਦੀਆਂ ਵਿਚਾਰਾਂ ਵਿੱਚ ਨਹੀਂ ਪੈਂਦਾ।

ਜਹ ਆਪਨ ਊਚ ਆਪਨ ਆਪਿ ਨੇਰਾ ॥
ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥

ਜਦ ਅਪਣੇ ਅੰਦਰ ਹੀ ਸਭ ਤੋਂ ਵੱਡੇ ਪਰਮਾਤਮਾ ਦੇ ਨੇੜੇ ਹੋ ਜਾਈਏ; ਤਾਂ ਬਾਹਰੋਂ ਕਿਸੇ ਠਾਕੁਰ (ਧਰਮ ਦੇ ਠੇਕੇਦਾਰ) ਦੇ ਚੇਲੇ ਬਣਨ ਦੀ ਲੋੜ ਹੀ ਨਹੀਂ।

ਬਿਸਮਨ ਬਿਸਮ ਰਹੇ ਬਿਸਮਾਦ ॥
ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥

ਮੇਰੇ ਮਨਾ! ਅੰਦਰ-ਬਾਹਰ ਹਰ ਥਾਂ ਵੱਸਦੇ ਵਿਸਮਾਦੀ ਪਰਮਾਤਮਾ ਵੱਲ ਧਿਆਨ ਕਰਕੇ ਤੂੰ ਅਪਣੀ ਅਸਲ ਰੂਪ ਦੀ ਆਪ ਪਛਾਣ ਕਰ

ਜਹ ਅਛਲ ਅਛੇਦ ਅਭੇਦ ਸਮਾਇਆ ॥
ਊਹਾ ਕਿਸਹਿ ਬਿਆਪਤ ਮਾਇਆ ॥

ਜੋ ਮਨ ਛਲ਼-ਫਰੇਬ ਤੋਂ ਪਰੇ ਪਰਮਾਤਮਾ ਨਾਲ਼ ਇਕਮਿਕ ਹੋਇਆ ਰਹਿੰਦਾ ਹੈ; ਉਹ ਮਾਇਆ (ਬਾਹਰੀ ਸੰਸਾਰ ਵਿੱਚੋਂ ਸੁੱਖ-ਦੁੱਖ ਮਿਲਣ ਦਾ ਭਰਮ) ਤੋਂ ਛੁੱਟ ਜਾਂਦਾ ਹੈ।

**ਆਪਸ ਕਉ ਆਪਹਿ ਆਦੇਸੁ ॥**

**ਤਿਹੁ ਗੁਣ ਕਾ ਨਾਹੀ ਪਰਵੇਸੁ ॥**

ਜੋ ਅਪਣੇ ਅੰਦਰ ਵੱਸਦੇ ਪਰਮਾਤਮਾ ਨੂੰ ਸਮਰਪਤ ਹੋ ਜਾਂਦਾ ਹੈ; ਉਸ ਅੰਦਰੋਂ ਭਟਕਣਾ ਖਤਮ ਹੁੰਦੀ ਹੈ, ਟਿਕਾਅ ਆਉਂਦਾ ਹੈ।

**ਜਹ ਏਕਹਿ ਏਕ ਏਕ ਭਗਵੰਤਾ ॥**

**ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥**

ਜਦ ਇੱਕ ਪਰਮਾਤਮਾ ਨਾਲ਼ ਇੱਕ ਹੋ ਜਾਈਏ; ਫਿਰ ਕੋਈ ਅਚਿੰਤ ਜਾਂ ਚਿੰਤਾ ਵਾਲ਼ੀ ਗੱਲ ਨਹੀਂ ਰਹਿੰਦੀ (ਮਨ ਸਦਾ ਚਿੰਤਾ ਤੋਂ ਮੁਕਤ ਹੋਇਆ ਰਹਿੰਦਾ ਹੈ)।

**ਜਹ ਆਪਨ ਆਪੁ ਆਪਿ ਪਤੀਆਰਾ ॥**

**ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥**

ਜਦ ਇਹ ਮਨ ਅਪਣੇ ਨਿੱਜ ਸਰੂਪ ਪਰਮਾਤਮਾ ਨਾਲ਼ ਇੱਕ ਹੁੰਦਾ ਹੈ; ਫਿਰ ਬਾਹਰੀ ਗਿਆਨ-ਧਿਆਨ ਵਾਲ਼ਾ ਕਹਿਣਾ-ਸੁਣਨਾ ਮੁੱਕ ਜਾਂਦਾ ਹੈ।

**ਬਹੁ ਬੇਅੰਤ ਊਚ ਤੇ ਊਚਾ ॥**

**ਨਾਨਕ ਆਪਸ ਕਉ ਆਪਹਿ ਪਹੂਚਾ ॥੬॥**

ਮੇਰੇ ਮਨਾ! ਉਸ ਬੇਅੰਤ ਤੇ ਸ੍ਰੇਸ਼ਟ ਪਰਮਾਤਮਾ ਵੱਲ ਸਦਾ ਧਿਆਨ ਕਰ, ਜਿਸ ਵੱਲ ਧਿਆਨ ਕੀਤਿਆਂ ਤੂੰ ਅਪਣੇ ਆਪ ਤੱਕ ਪੁੱਜਦਾ ਹੈਂ

**ਜਹ ਆਪਿ ਰਚਿਓ ਪਰਪੰਚੁ ਅਕਾਰੁ ॥**

**ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥**

ਜਿਸ ਮਨ ਨੇ (ਨਿੱਜ ਸਰੂਪ ਪਰਮਾਤਮਾ ਤੋਂ ਟੁੱਟ ਕੇ) ਅਪਣੇ ਅੰਦਰ ਪਰਪੰਚ/ਝੂਠ ਦਾ ਪਸਾਰਾ ਬਣਾ ਲਿਆ ਹੈ। ਉਹ ਲਗਾਤਾਰ ਚੰਗੇ-ਮੰਦੇ ਵਿਚਾਰਾਂ ਦੇ ਗੇੜੇ ਵਾਲ਼ੀ ਭਟਕਣਾਂ ਨੂੰ ਹੀ ਵਧਾਉਂਦਾ ਹੈ।

**ਪਾਪੁ ਪੁੰਨੁ ਤਹ ਭਈ ਕਹਾਵਤ ॥**

**ਕੋਊ ਨਰਕ ਕੋਊ ਸੁਰਗ ਬੰਛਾਵਤ ॥**

(ਰੱਬ ਤੋਂ ਟੁੱਟੇ ਹੋਏ) ਉਸ ਮਨ ਅੰਦਰ ਹੀ ਪਾਪ-ਪੁੰਨ ਦੀਆਂ ਕਹਾਣੀਆਂ (ਤੇ ਉਨ੍ਹਾਂ ਨਾਲ਼ ਜੁੜੇ ਵਹਿਮ-ਚਿੰਤਾਵਾਂ) ਬਣਦੀਆਂ ਨੇ। ਜਿਨ੍ਹਾਂ ਕਰਕੇ ਉਸਦੇ ਅੰਦਰ ਸੁਅਰਗ ਨੂੰ ਪਾਉਣ, ਤੇ ਨਰਕ ਤੋਂ ਬਚਣ ਦੀਆਂ ਮੰਗਾਂ/ਮੁਰਾਦਾਂ ਬਣਦੀਆਂ ਨੇ।

**ਆਲ ਜਾਲ ਮਾਇਆ ਜੰਜਾਲ ॥**

**ਹਉਮੈ ਮੋਹ ਭਰਮ ਭੈ ਭਾਰ ॥**

ਐਸਾ ਮਨ ਹਰ ਤਰ੍ਹਾਂ ਨਾਲ਼ ਕੇਵਲ ਬਾਹਰੀ ਸੁੱਖ-ਦੁੱਖ ਦੇ ਜੰਜਾਲ਼ਾਂ ਵਿੱਚ ਫਸਿਆ ਰਹਿੰਦਾ ਹੈ; ਤੇ ਉਸ ਅੰਦਰ ਉਨ੍ਹਾਂ ਸ਼ਰੀਰਕ/ਪਦਾਰਥਵਾਦੀ ਸੁੱਖਾਂ ਦੀ ਹੀ ਹਉਮੈ-ਅਹੰਕਾਰ, ਭਰਮ, ਤੇ ਡਰ ਦਾ ਭਾਰ ਪਿਆ ਰਹਿੰਦਾ ਹੈ

**ਦੂਖ ਸੂਖ ਮਾਨ ਅਪਮਾਨ ॥**

**ਅਨਿਕ ਪ੍ਰਕਾਰ ਕੀਓ ਬਖ੍ਯ਼ਾਨ ॥**

(ਪਰਮਾਤਮਾ ਤੋਂ ਟੁੱਟਿਆ) ਐਸਾ ਮਨ ਸਦਾ ਬਾਹਰੀ ਸੁੱਖਾਂ-ਦੁੱਖਾਂ ਨੂੰ ਸੋਚਦਾ, ਤੇ ਇਨ੍ਹਾਂ ਦੇ ਮਿਲਣ ਵਿੱਚ ਹੀ ਮਾਣ-ਅਪਮਾਨ ਦੀ ਵਿਆਖਿਆ ਕਰਦਾ ਰਹਿੰਦਾ ਹੈ

**ਆਪਨ ਖੇਲੁ ਆਪਿ ਕਰਿ ਦੇਖੈ ॥**

**ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥**

ਇੰਝ, ਅਪਣੇ ਅੰਦਰ ਹੀ ਬੇਅੰਤ ਖੇਡਾਂ ਬਣਾ-ਬਣਾ, ਮਨ ਆਪ ਹੀ ਉਨ੍ਹਾਂ 'ਚ ਉਲ਼ਝਿਆ ਰਹਿੰਦਾ ਹੈ; ਪਰ ਇਹ ਸਭ ਅੰਦਰੂਨੀ ਭਟਕਣਾ ਵਾਲ਼ੀ ਖੇਢ ਛੱਡ ਦਵੇ, ਤਾਂ ਪਰਮਾਤਮਾ ਨਾਲ਼ ਇੱਕ ਹੋ ਸਕਦਾ ਹੈ

**ਜਹ ਅਬਿਗਤੁ ਭਗਤੁ ਤਹ ਆਪਿ ॥**

**ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥**

ਜਿੱਥੇ ਇਹ ਮਨ ਪਰਮਾਤਮਾ ਨੂੰ ਸਮਰਪਤ/ਭਗਤ ਹੋ ਜਾਂਦਾ ਹੈ. ਓਥੇ ਆਪ ਰੱਬ ਦਾ ਹੀ ਰੂਪ ਹੋ ਜਾਂਦਾ ਹੈ; ਜਿੱਥੇ ਮਨ ਅੰਦਰ ਰੱਬੀ ਸਮਪਰਣ ਵਾਲ਼ਾ ਪਸਾਰ/ਕੰਮ ਹੁੰਦਾ ਹੈ, ਓਥੇ ਮਨ ਅੰਦਰ ਸੰਤ/ਗੁਰੂ ਵਾਲ਼ਾ ਪਰਤਾਪ ਪਰਗਟ ਹੁੰਦਾ ਹੈ।

**ਦੁਹੂ ਪਾਖ ਕਾ ਆਪਹਿ ਧਨੀ ॥**

**ਉਨ ਕੀ ਸੋਭਾ ਉਨਹੂ ਬਨੀ ॥**

ਜਦ ਅੰਦਰ-ਬਾਹਰ ਦੋਵੇਂ ਪੱਖਾਂ ਦਾ ਮਾਲਕ ਇੱਕ ਪਰਮਾਤਮਾ ਹੋ ਜਾਵੇ (ਵਿਚਾਰ ਤੇ ਵਿਹਾਰ ਰੱਬੀ ਹੁਕਮ ਅਨੁਸਾਰ ਹੋ ਜਾਣ), ਤਾਂ ਐਸੇ ਮਨ ਦੀ ਸ਼ੋਭਾ ਕੋਈ ਕਹਿ ਹੀ ਨਹੀਂ ਸਕਦਾ

**ਆਪਹਿ ਕਉਤਕ ਕਰੈ ਅਨਦ ਚੋਜ ॥**

**ਆਪਹਿ ਰਸ ਭੋਗਨ ਨਿਰਜੋਗ ॥**

ਪਰਮਾਤਮਾ ਨੂੰ ਸਮਰਪਤ ਮਨ (ਬਾਹਰੀ ਜੀਵਨ ਦੇ ਆਮ ਕਾਰ-ਵਿਹਾਰ) ਸਭ ਕੁਝ ਕਰਦਾ ਅੰਦਰੋਂ ਸਦਾ ਅਨੰਦ ਮਾਣਦਾ ਹੈ। ਐਸਾ ਮਨ ਜੀਵਨ ਦੀਆਂ ਜਿੰਮੇਵਾਰੀਆਂ-ਸੁਖ-ਦੁਖ ਆਦਿਕ ਸਭ ਭੋਗਦਾ ਹੋਇਆ ਵੀ ਸਦਾ ਨਿਰਲੇਪ/ਮੁਕਤ ਜੀਊਂਦਾ ਹੈ।

**ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥**

**ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥**

ਜਿਸ ਮਨ ਨੂੰ ਰੱਬੀ ਸਮਰਪਣ ਵਾਲ਼ਾ ਅਨੰਦ ਭਾਅ ਗਿਆ, ਉਹ ਖੁਦ ਨੂੰ ਰੱਬੀ ਹੁਕਮ ਵੱਲ ਲਗਾ ਲੈਂਦਾ ਹੈ; ਫਿਰ ਜਿਵੇਂ ਪਰਮਾਤਮਾ ਨੂੰ ਭਾਉਂਦਾ ਹੈ (ਜੋ ਰੱਬੀ ਹੁਕਮ ਹੈ), ਉਸ ਖੇਡ 'ਚ ਹੀ ਖੁਦ ਨੂੰ ਲਗਾਉਂਦਾ ਹੈ।

ਬੇਸੁਮਾਰ ਅਥਾਹ ਅਗਨਤ ਅਤੋਲੈ ॥

ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥

ਮੇਰੇ ਮਨਾ! ਜੋ ਉਹ ਬੇਸ਼ੁਮਾਰ ਪਰਮਾਤਮਾ ਤੈਨੂੰ ਹੁਕਮ ਕਰਦਾ ਹੈ, ਉਸਦਾ ਦਾਸ ਬਣ, ਉਸਦੇ ਅਨੁਸਾਰ ਹੀ ਜੀਵਨ ਬਣਾ ਲੈ

ਸਲੋਕੁ ॥

ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥੧॥

ਮੇਰੇ ਮਨਾ! ਕਹਿ, ਕਿ ਹੇ ਸਾਰੇ ਜੀਅ-ਜੰਤ ਦੇ ਮਾਲਕ ਪਰਮਾਤਮਾ! ਤੂੰ ਆਪ ਹੀ ਸਾਰਿਆਂ 'ਚ ਵਰਤ ਰਿਹਾ ਹੈਂ; ਇੱਕ ਪਰਮਾਤਮਾ ਹੀ ਸਭ ਥਾਂ ਹੈ, ਹੋਰ ਕੋਈ ਦੂਜਾ ਹੈ ਹੀ ਨਹੀਂ।

ਅਸਟਪਦੀ ॥

ਆਪਿ ਕਥੈ ਆਪਿ ਸੁਨਨੈਹਾਰੁ ॥

ਆਪਹਿ ਏਕੁ ਆਪਿ ਬਿਸਥਾਰੁ ॥

ਉਹ ਪ੍ਰਭੂ ਆਪ ਹੀ ਮੇਰੇ ਅੰਦਰ ਬੋਲਣ-ਸੁਣਨ ਦੀ ਸ਼ਕਤੀ ਦੇਂਦਾ ਹੈ; ਉਹ ਆਪ ਇੱਕ ਹੀ ਮੇਰੇ ਅੰਦਰ-ਬਾਹਰ ਦਾ ਸਾਰਾ ਵਿਸਤਾਰ ਕਰਕੇ ਉਸ 'ਚ ਸਮਾਇਆ ਹੈ।

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥

ਆਪਨੈ ਭਾਣੈ ਲਏ ਸਮਾਏ ॥

ਉਸ ਪ੍ਰਭੂ ਦੇ ਭਾਣੇ/ਹੁਕਮ 'ਚ ਹੀ ਅੰਦਰ-ਬਾਹਰ ਸਾਰੀ ਸ੍ਰਿਸ਼ਟੀ ਦੀ ਰਚਨਾ ਹੁੰਦੀ ਹੈ, ਤੇ ਅਪਣੇ ਹੁਕਮ 'ਚ ਹੀ ਸਭ ਨੂੰ ਸਮਾਈ ਰੱਖਦਾ/ਚਲਾਉਂਦਾ ਹੈ

**ਤੁਮ ਤੇ ਭਿੰਨ ਨਹੀ ਕਿਛੁ ਹੋਇ ॥**

**ਆਪਨ ਸੂਤਿ ਸਭੁ ਜਗਤੁ ਪਰੋਇ ॥**

ਹੇ ਪ੍ਰਭੂ! ਤੇਰੇ ਤੋਂ ਵੱਖ/ਬਿਨਾਂ ਕੁਝ ਵੀ ਨਹੀਂ ਹੈ; ਤੂੰ ਆਪ ਹੀ ਸਾਰਿਆਂ ਵਿੱਚ ਹੈ, ਜਿਵੇਂ ਇੱਕ ਧਾਗਾ ਸਾਰੀ ਮਾਲ਼ਾ ਨੂੰ ਪਰੋਈ ਰੱਖਦਾ ਹੈ।

**ਜਾ ਕਉ ਪ੍ਰਭ ਜੀਉ ਆਪਿ ਬੁਝਾਏ ॥**

**ਸਚੁ ਨਾਮੁ ਸੋਈ ਜਨੁ ਪਾਏ ॥**

ਪਰਮਾਤਮਾ ਵੱਲੋਂ ਮਿਲ਼ੀ ਸਮਝ ਨਾਲ਼ ਜਦ ਕੋਈ ਅਪਣੇ ਨਿੱਜ ਸਰੂਪ ਨੂੰ ਜਾਣ ਲੈਂਦਾ ਹੈ; ਉਸਨੂੰ ਹੀ ਸੱਚੇ ਨਾਮ/ਗੁਣਾਂ ਦੀਆਂ ਵਡਿਆਈਆਂ ਹਾਸਲ ਹੁੰਦੀਆਂ ਨੇ।

**ਸੋ ਸਮਦਰਸੀ ਤਤ ਕਾ ਬੇਤਾ ॥**

**ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥**

ਸਾਰਿਆਂ ਵਿੱਚ ਇੱਕ ਪਰਮਾਤਮਾ ਨੂੰ ਵੇਖਣ ਵਾਲ਼ਾ ਹੀ ਅਸਲ ਗਿਆਨੀ ਹੈ; ਉਸਨੇ ਅਪਣੇ ਅੰਦਰਲੇ ਵਿਚਾਰਾਂ ਦੇ ਸੰਸਾਰ ਨੂੰ ਜਿੱਤ ਲਿਆ ਹੈ।

**ਜੀਅ ਜੰਤ੍ਰ ਸਭ ਤਾ ਕੈ ਹਾਥ ॥**

**ਦੀਨ ਦਇਆਲ ਅਨਾਥ ਕੋ ਨਾਥੁ ॥**

ਜੀਵਨ ਦਾ ਜੰਤਰ (ਬਣਾਉਣਾ-ਮਿਟਾਉਣਾ) ਪਰਮਾਤਮਾ ਦੇ ਹੱਥ ਹੈ; ਓਹੀ ਪਰਮਾਤਮਾ ਸਾਰਿਆਂ 'ਤੇ ਦਇਆ ਕਰਨ ਵਾਲ਼ਾ ਮਾਲਕ ਹੈ।

**ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥**

**ਸੋ ਮੂਆ ਜਿਸੁ ਮਨਹੁ ਬਿਸਾਰੈ ॥**

ਜਿਸਨੇ ਵੀ ਉਸਨੂੰ ਮਨ 'ਚ ਰੱਖਿਆ/ਵਸਾਇਆ ਹੈ, ਉਸਨੂੰ ਕੋਈ (ਵਿਕਾਰ) ਮਾਰ ਨਹੀਂ ਸਕਦਾ। ਜਿਸਨੇ ਮਨ ਵਿੱਚੋਂ ਰੱਬ ਨੂੰ ਵਿਸਾਰਿਆ/ਭੁਲਾਇਆ ਹੈ, ਉਹ ਵਿਕਾਰਾਂ 'ਚ ਮਰਦਾ ਹੈ।

ਤਿਸੁ ਤਜਿ ਅਵਰ ਕਹਾ ਕੋ ਜਾਇ ॥

ਸਭ ਸਿਰਿ ਏਕੁ ਨਿਰੰਜਨ ਰਾਇ ॥

ਉਸ ਪਰਮਾਤਮਾ ਨੂੰ ਛੱਡ/ਭੁੱਲ ਕੇ ਹੋਰ ਪਾਸੇ ਨਾ ਜਾ, ਮੇਰੇ ਮਨਾ! ਸਭ ਤੋਂ ਉੱਚਾ/ ਵੱਡਾ ਇੱਕ ਪਰਮਾਤਮਾ ਹੀ ਹੈ ਜੋ ਬੇਦਾਗ ਹੈ (ਕਦੀ ਗਲਤ ਨਹੀਂ ਹੁੰਦਾ)।

ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥

ਅੰਤਰਿ ਬਾਹਰਿ ਜਾਨਹੁ ਸਾਥਿ ॥

ਜੀਵਨ ਦੀ ਜੁਗਤ/ਰਾਹ ਦਾ ਸਾਰਾ ਗਿਆਨ ਪਰਮਾਤਮਾ (ਦੇ ਹੁਕਮ) ਵਿੱਚ ਹੈ; ਉਸਨੂੰ ਅੰਦਰ-ਬਾਹਰ ਸਦਾ ਨਾਲ਼ ਜਾਣ, ਮੇਰੇ ਮਨਾ!

ਗੁਨ ਨਿਧਾਨ ਬੇਅੰਤ ਅਪਾਰ ॥

ਨਾਨਕ ਦਾਸ ਸਦਾ ਬਲਿਹਾਰ ॥੨॥

ਗੁਣਾਂ ਦੇ ਖਜ਼ਾਨੇ, ਬੇਅੰਤ ਪਰਮਾਤਮਾ (ਦੇ ਹੁਕਮ) ਤੋਂ, ਮੇਰੇ ਮਨਾ! ਬਲਿਹਾਰ ਜਾ (ਹੁਕਮ ਨੂੰ ਅਪਣਾ ਆਪ ਸੌਂਪ ਦੇ)

ਪੂਰਨ ਪੂਰਿ ਰਹੇ ਦਇਆਲ ॥

ਸਭ ਊਪਰਿ ਹੋਵਤ ਕਿਰਪਾਲ ॥

ਸਭ 'ਤੇ ਕਿਰਪਾ ਕਰਨ ਵਾਲ਼ਾਂ ਪਰਮਾਤਮਾ ਹਰ ਥਾਂ, ਸਭ ਵਿੱਚ ਸਮਾਇਆ ਹੋਇਆ ਹੈ

ਅਪਨੇ ਕਰਤਬ ਜਾਨੈ ਆਪਿ ॥

ਅੰਤਰਜਾਮੀ ਰਹਿਓ ਬਿਆਪਿ ॥

ਅਪਣੀ ਬਣਾਈ ਰਚਨਾ ਦੀ ਆਪ ਸੰਭਾਲ਼ ਕਰਣ ਵਾਲ਼ਾਂ ਪਰਮਾਤਮਾ ਸਭ ਦੇ ਅੰਦਰ ਵੱਸਦਾ ਹੈ

**ਪ੍ਰਤਿਪਾਲੈ ਜੀਅਨ ਬਹੁ ਭਾਤਿ ॥**

**ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥**

ਹਰ ਤਰ੍ਹਾਂ ਨਾਲ਼ ਸਭ ਨੂੰ ਪਾਲਣ ਵਾਲ਼ੇ ਪਰਮਾਤਮਾ ਦੀ ਹਰ ਰਚਨਾ ਉਸਦੇ ਧਿਆਨ ਵਿੱਚ ਹੈ

**ਜਿਸੁ ਭਾਵੈ ਤਿਸੁ ਲਏ ਮਿਲਾਇ ॥**

**ਭਗਤਿ ਕਰਹਿ ਹਰਿ ਕੇ ਗੁਣ ਗਾਇ ॥**

ਜਿਸ ਨੂੰ ਉਹ ਪਰਮਾਤਮਾ ਭਾ ਜਾਂਦਾ ਹੈ, ਉਸਨੂੰ ਉਹ ਆਪ ਅਪਣੇ ਨਾਲ਼ ਮਿਲਾ ਲੈਂਦਾ ਹੈ; ਓਹੀ ਪਰਮਾਤਮਾ ਦੀ ਭਗਤੀ ਕਰਦੇ ਨੇ ਜੋ ਰੱਬੀ ਗੁਣਾਂ ਨੂੰ ਅਪਣੇ ਜੀਵਨ 'ਚ ਗਾਉਂਦੇ/ਉਤਾਰਦੇ ਨੇ।

**ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥**

**ਕਰਨਹਾਰੁ ਨਾਨਕ ਇਕੁ ਜਾਨਿਆ ॥੩॥**

ਜਿਨ੍ਹਾਂ ਨੇ ਮਨ ਅੰਦਰ ਵਿਸ਼ਵਾਸ ਕਰਕੇ ਪਰਮਾਤਮਾ ਦੇ ਹੁਕਮ ਨੂੰ ਮੰਨਿਆ ਹੈ; ਉਹ ਹੀ ਇੱਕ ਕਰਣਹਾਰ ਪਰਮਾਤਮਾ ਨੂੰ ਜਾਣ ਲੈਂਦੇ ਨੇ।

**ਜਨੁ ਲਾਗਾ ਹਰਿ ਏਕੈ ਨਾਇ ॥**

**ਤਿਸ ਕੀ ਆਸ ਨ ਬਿਰਥੀ ਜਾਇ ॥**

ਪਰਮਾਤਮਾ ਦਾ ਸੇਵਕ ਉਹ ਹੈ ਜੋ ਇੱਕ ਨਾਮ/ਹੁਕਮ ਨਾਲ਼ ਲੱਗਿਆ/ਜੁੜਿਆ ਹੈ; ਉਸਦੀ (ਸਦੀਵੀ ਸੁੱਖ ਵਾਲ਼ੀ) ਆਸ ਵਿਅਰਥ ਨਹੀਂ ਜਾਂਦੀ।

**ਸੇਵਕ ਕਉ ਸੇਵਾ ਬਨਿ ਆਈ ॥**

**ਹੁਕਮੁ ਬੂਝਿ ਪਰਮ ਪਦੁ ਪਾਈ ॥**

ਰੱਬ ਦਾ ਸੇਵਕ ਉਹ ਹੈ ਜਿਸ ਨੂੰ ਪਰਮਾਤਮਾ ਦੀ ਸੇਵਾ ਕਰਨੀ ਆ ਜਾਂਦੀ ਹੈ; ਉਹ ਪਰਮਾਤਮਾ ਦੇ ਹੁਕਮ ਨੂੰ ਮੰਨ ਕੇ ਪਰਮ ਪਦਵੀ (ਰੱਬ ਨਾਲ਼ ਇੱਕਮਿਕਤਾ) ਪਾ ਲੈਂਦੇ ਨੇ।

**ਇਸ ਤੇ ਊਪਰਿ ਨਹੀ ਬੀਚਾਰੁ ॥**

**ਜਾ ਕੈ ਮਨਿ ਬਸਿਆ ਨਿਰੰਕਾਰੁ ॥**

ਨਿਰੰਕਾਰ ਪਰਮਾਤਮਾ ਨੂੰ ਮਨ 'ਚ ਵਸਾ ਲੈਣ ਨਾਲ਼ੋਂ ਉੱਪਰ ਹੋਰ ਕੋਈ ਵਿਚਾਰ/ ਸਿਆਣਪ ਨਹੀਂ ਹੈ

**ਬੰਧਨ ਤੋਰਿ ਭਏ ਨਿਰਵੈਰ ॥**

**ਅਨਦਿਨੁ ਪੂਜਹਿ ਗੁਰ ਕੇ ਪੈਰ ॥**

ਉਹ ਹੀ ਗੁਰੂ ਦੀ ਪੂਜਾ ਕਰ ਰਹੇ ਨੇ ਜੋ ਵੈਰ ਆਦਿਕ ਵਿਕਾਰਾਂ ਦੇ ਬੰਧਨ ਤੋੜ ਕੇ ਨਿਰਵੈਰ ਜੀਉਂਦੇ ਨੇ

**ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥**

**ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥**

ਜੋ ਅਪਣੇ ਇਸ ਲੋਕ (ਅੰਦਰ) ਸੁਖੀ ਹੁੰਦੇ ਨੇ, ਓਹੀ ਪਰਲੋਕ (ਬਾਹਰ) ਸੁਹੇਲੇ/ਸੌਖੇ ਹੁੰਦੇ ਨੇ; ਇਹ ਅੰਦਰੂਨੀ ਸੁਖ ਵਾਲ਼ੀ ਅਵਸਥਾ ਨਾਲ਼ ਪਰਮਾਤਮਾ (ਦਾ ਹੁਕਮ) ਹੀ ਮਿਲਾਉਂਦਾ ਹੈ।

**ਸਾਧਸੰਗਿ ਮਿਲਿ ਕਰਹੁ ਅਨੰਦ ॥**

**ਗੁਨ ਗਾਵਹੁ ਪ੍ਰਭ ਪਰਮਾਨੰਦ ॥**

ਮੇਰੇ ਮਨਾ! ਗੁਰੂ (ਦੇ ਗਿਆਨ) ਦੀ ਸੰਗਤ ਵਿੱਚ ਰੱਬੀ ਗੁਣਾਂ ਨੂੰ ਗਾ/ਦ੍ਰਿੜ੍ਹ ਕਰਕੇ ਅਨੰਦ ਪ੍ਰਾਪਤ ਕਰ

**ਰਾਮ ਨਾਮ ਤਤੁ ਕਰਹੁ ਬੀਚਾਰੁ ॥**

**ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥**

ਪਰਮਾਤਮਾ ਨੂੰ ਹਰ ਥਾਂ (ਰਾਮ) ਜਾਨਣ ਵਾਲ਼ੇ ਗੁਣ (ਨਾਮ) ਦੀ ਵਿਚਾਰ ਕਰਕੇ ਇਸ ਬੇਸ਼ਕੀਮਤੀ ਜੀਵਨ ਨੂੰ ਸੰਵਾਰ ਲੈ

**ਅੰਮ੍ਰਿਤ ਬਚਨ    ਹਰਿ ਕੇ ਗੁਨ ਗਾਉ ॥**

**ਪ੍ਰਾਨ ਤਰਨ ਕਾ    ਇਹੈ ਸੁਆਉ ॥**

ਜੀਵਨ ਨੂੰ ਵਿਕਾਰਾਂ ਤੋਂ ਬਚਾਉਣ (ਤਰਨ) ਦਾ ਇਹੋ ਰਾਹ ਹੈ ਕਿ ਗੁਰੂ ਦੇ ਅੰਮ੍ਰਿਤ ਗਿਆਨ ਵਿੱਚੋਂ ਰੱਬੀ ਗੁਣਾਂ ਨੂੰ ਗਾਇਆ/ਅਪਣਾਇਆ ਜਾਵੇ

**ਆਠ ਪਹਰ    ਪ੍ਰਭ ਪੇਖਹੁ ਨੇਰਾ ॥**

**ਮਿਟੈ ਅਗਿਆਨੁ    ਬਿਨਸੈ ਅੰਧੇਰਾ ॥**

ਅੱਠੇ ਪਹਿਰ ਪਰਮਾਤਮਾ ਨੂੰ ਨੇੜੇ ਜਾਨਣ ਨਾਲ਼ ਅੰਦਰੋਂ ਅਗਿਆਨਤਾ ਦਾ ਹਨੇਰਾ ਮੁੱਕਦਾ ਹੈ

**ਸੁਨਿ ਉਪਦੇਸੁ    ਹਿਰਦੈ ਬਸਾਵਹੁ ॥**

**ਮਨ ਇਛੇ    ਨਾਨਕ    ਫਲ ਪਾਵਹੁ ॥੫॥**

ਗੁਰੂ ਦੇ ਉਪਦੇਸ਼ ਨੂੰ ਕੇ ਹਿਰਦੇ 'ਚ ਵਸਾਉਣ ਨਾਲ਼ ਮਨ ਦੀ ਇੱਛਾ (ਸਦੀਵੀ ਸੁੱਖ) ਵਾਲ਼ਾ ਫਲ਼ ਮਿਲ਼ਦਾ ਹੈ

**ਹਲਤੁ ਪਲਤੁ ਦੁਇ    ਲੇਹੁ ਸਵਾਰਿ ॥**

**ਰਾਮ ਨਾਮੁ    ਅੰਤਰਿ ਉਰਿ ਧਾਰਿ ॥**

ਰੱਬੀ ਨਾਮ/ਗੁਣਾਂ ਨੂੰ ਅੰਦਰ ਉਤਾਰਨ ਨਾਲ਼ ਹਲਤ-ਪਲਤ (ਅੰਦਰੋਂ-ਬਾਹਰੋਂ ਖੁਦ ਨੂੰ) ਸਵਾਰਿਆ ਜਾਂਦਾ ਹੈ

**ਪੂਰੇ ਗੁਰ ਕੀ    ਪੂਰੀ ਦੀਖਿਆ ॥**

**ਜਿਸੁ ਮਨਿ ਬਸੈ    ਤਿਸੁ ਸਾਚੁ ਪਰੀਖਿਆ ॥**

ਪੂਰੇ ਗੁਰੂ ਤੋਂ ਗਿਆਨ ਲੈ ਕੇ ਮਨ 'ਚ ਵਸਾਉਣ ਵਾਲ਼ੇ ਨੂੰ ਪਰਮਾਤਮਾ ਦੀ ਪਛਾਣ ਹੁੰਦੀ ਹੈ

ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥
ਦੂਖੁ ਦਰਦੁ ਮਨ ਤੇ ਭਉ ਜਾਇ ॥

ਮੇਰੇ ਮਨਾ! ਮਨ-ਤਨ (ਵਿਚਾਰ-ਵਿਹਾਰ) ਕਰਕੇ ਰੱਬੀ ਗੁਣਾਂ ਨੂੰ ਦ੍ਰਿੜ੍ਹ ਕਰੇਂ, ਤਾਂ ਮਨ ਅੰਦਰੋਂ ਸਾਰੇ ਦੁੱਖ-ਦਰਦ-ਡਰ ਮੁੱਕ ਜਾਂਦੇ ਨੇ

ਸਚੁ ਵਾਪਾਰੁ ਕਰਹੁ ਵਾਪਾਰੀ ॥
ਦਰਗਹ ਨਿਬਹੈ ਖੇਪ ਤੁਮਾਰੀ ॥

ਮਨਾ! ਰੱਬੀ ਹੁਕਮ ਨੂੰ ਦ੍ਰਿੜ੍ਹ ਕਰ, ਜਿਸ ਤੋਂ ਮਿਲ਼ੀ ਰੱਬੀ ਗੁਣਾਂ ਦੀ ਪੂੰਜੀ/ਦੌਲਤ ਤੇਰੇ ਨਾਲ਼ ਨਿਭਦੀ ਹੈ

ਏਕਾ ਟੇਕ ਰਖਹੁ ਮਨ ਮਾਹਿ ॥
ਨਾਨਕ ਬਹੁਰਿ ਨ ਆਵਹਿ ਜਾਹਿ ॥੬॥

ਇੱਕ ਪਰਮਾਤਮਾ ਦੀ ਟੇਕ/ਆਸਰਾ ਕਰ ਲਵੇਂ ਤਾਂ ਫਿਰ ਵਿਕਾਰਾਂ ਵਾਲ਼ੇ ਆਵਾਗਉਣ ਤੋਂ ਛੁਟ ਜਾਵੇਂਗਾ

ਤਿਸ ਤੇ ਦੂਰਿ ਕਹਾ ਕੋ ਜਾਇ ॥
ਉਬਰੈ ਰਾਖਨਹਾਰੁ ਧਿਆਇ ॥

ਜਿਸ ਪਰਮਾਤਮਾ ਵੱਲ ਧਿਆਨ ਕੀਤਿਆਂ ਤੂੰ ਵਿਕਾਰਾਂ ਤੋਂ ਬੱਚਦਾ ਹੈਂ, ਉਸ ਤੋਂ ਦੂਰ ਨਾ ਜਾ

ਨਿਰਭਉ ਜਪੈ ਸਗਲ ਭਉ ਮਿਟੈ ॥
ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥

ਜਿਸ ਨੂੰ ਜਪਣ (ਚੇਤੇ ਵਿੱਚ ਰੱਖਣ) ਨਾਲ਼ ਡਰ-ਫਿਕਰ ਮੁੱਕਦੇ ਨੇ, ਉਸ ਪ੍ਰਭੂ ਦੀ ਕਿਰਪਾ ਨਾਲ਼ ਅਸੀਂ ਵਿਕਾਰਾਂ ਤੋਂ ਛੁੱਟਦੇ ਹਾਂ

**ਜਿਸੁ ਪ੍ਰਭੁ ਰਾਖੈ   ਤਿਸੁ ਨਾਹੀ ਦੂਖ ॥**

**ਨਾਮੁ ਜਪਤ   ਮਨਿ ਹੋਵਤ ਸੂਖ ॥**

ਜਿਸਨੇ ਅਪਣਾ ਧਿਆਨ ਪਰਮਾਤਮਾ ਵੱਲ ਰੱਖਿਆ ਹੈ ਉਸਨੂੰ ਦੁੱਖ ਨਹੀਂ ਲੱਗਦੇ; ਰੱਬੀ ਨਾਮ/ਗੁਣਾਂ ਨੂੰ ਜਪਣ (ਜੀਵਨ 'ਚ ਉਤਾਰਨ) ਨਾਲ਼ ਮਨ ਅੰਦਰ ਸਦਾ ਸੁੱਖ ਬਣਿਆ ਰਹਿੰਦਾ ਹੈ।

**ਚਿੰਤਾ ਜਾਇ   ਮਿਟੈ ਅਹੰਕਾਰੁ ॥**

**ਤਿਸੁ ਜਨ ਕਉ   ਕੋਇ ਨ ਪਹੁਚਨਹਾਰੁ ॥**

ਪ੍ਰਭੂ ਵੱਲ ਧਿਆਨ ਕੀਤਿਆਂ ਚਿੰਤਾ ਜਾਂਦੀ ਹੈ, ਅਹੰਕਾਰ ਮਿਟਦਾ ਹੈ; ਐਸੇ ਸੇਵਕ (ਦੀ ਸੁਰਤ) ਤੱਕ ਕੋਈ ਵਿਕਾਰ ਨਹੀਂ ਪੁੱਜ ਪਾਉਂਦੇ।

**ਸਿਰ ਊਪਰਿ   ਠਾਢਾ ਗੁਰੁ ਸੂਰਾ ॥**

**ਨਾਨਕ   ਤਾ ਕੇ ਕਾਰਜ ਪੂਰਾ ॥੭॥**

ਜਿਨ੍ਹਾਂ ਦੇ ਸਿਰ/ਮੱਤ ਉੱਪਰ ਗੁਰੂ (ਦਾ ਗਿਆਨ) ਖੜਾ/ਟਿਕਿਆ ਹੈ; ਉਨ੍ਹਾਂ ਦਾ (ਅੰਦਰੋਂ ਸਦਾ ਸੁਖੀ ਰਹਿਣ ਦਾ) ਕਾਰਜ ਪੂਰਾ ਹੁੰਦਾ ਹੈ।

**ਮਤਿ ਪੂਰੀ   ਅੰਮ੍ਰਿਤੁ ਜਾ ਕੀ ਦ੍ਰਿਸਟਿ ॥**

**ਦਰਸਨੁ ਪੇਖਤ   ਉਧਰਤ ਸ੍ਰਿਸਟਿ ॥**

ਗੁਰੂ ਦੀ ਦਿੱਤੀ ਮੱਤ ਨਾਲ਼ ਦ੍ਰਿਸ਼ਟੀ/ਸੁਰਤ ਵਿੱਚ (ਰੱਬੀ ਗਿਆਨ ਦਾ) ਅੰਮ੍ਰਿਤ ਆਉਂਦਾ ਹੈ; ਗੁਰੂ ਦੇ ਦਰਸ਼ਨ/ਗਿਆਨ ਨੂੰ ਦੇਖ/ਦ੍ਰਿੜ੍ਹ ਕਰਕੇ ਅੰਦਰ-ਬਾਹਰ ਦੀ ਸਾਰੀ ਸ੍ਰਿਸ਼ਟੀ/ਸੰਸਾਰ ਵਿਕਾਰਾਂ ਤੋਂ ਬਚਦੀ ਹੈ।

**ਚਰਨ ਕਮਲ ਜਾ ਕੇ   ਅਨੂਪ ॥**

**ਸਫਲ ਦਰਸਨੁ   ਸੁੰਦਰ ਹਰਿ ਰੂਪ ॥**

ਗੁਰੂ ਦੇ ਚਰਨ-ਕਮਲ (ਗਿਆਨ ਭਰੇ ਸ਼ਬਦ) ਅਨੂਪ/ਸੋਹਣੇ ਨੇ; ਗੁਰੂ ਦਾ ਗਿਆਨ/ਦਰਸ਼ਨ ਸਾਡੇ ਅੰਦਰ ਸੋਹਣਾ ਰੱਬੀ (ਗੁਣਾਂ ਵਾਲ਼ਾ) ਰੂਪ ਬਣਾਉਣ ਵਿੱਚ ਸਫਲ ਹੁੰਦਾ ਹੈ।

**ਧੰਨੁ ਸੇਵਾ ਸੇਵਕੁ ਪਰਵਾਨੁ ॥**

**ਅੰਤਰਜਾਮੀ ਪੁਰਖੁ ਪ੍ਰਧਾਨੁ ॥**

ਗੁਰੂ ਦੇ ਗਿਆਨ ਦੀ ਸੇਵਾ (ਮੰਨਣ) ਕਰਨ ਵਾਲ਼ਾ ਸੇਵਕ ਧੰਨ ਹੈ. ਓਹੀ ਪਰਵਾਨ ਹੈ; ਉਸਨੇ ਅੰਦਰ ਵੱਸਦੇ ਪਰਮਾਤਮਾ (ਦੇ ਹੁਕਮ) ਨੂੰ ਅਪਣਾ ਮੁਖੀ ਬਣਾਇਆ ਹੈ

**ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥**

**ਤਾ ਕੈ ਨਿਕਟਿ ਨ ਆਵਤ ਕਾਲੁ ॥**

ਜਿਸਦੇ ਮਨ ਅੰਦਰ ਪਰਮਾਤਮਾ ਦਾ ਧਿਆਨ ਵੱਸ ਗਿਆ, ਓਹੀ ਨਿਹਾਲ ਹੁੰਦਾ ਹੈ; ਉਸਦੇ ਨੇੜੇ ਵਿਕਾਰਾਂ ਵਾਲ਼ੀ ਅੰਦਰੂਨੀ ਮੌਤ ਨਹੀਂ ਆਉਂਦੀ।

**ਅਮਰ ਭਏ ਅਮਰਾ ਪਦੁ ਪਾਇਆ ॥**

**ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥**

ਅੰਦਰੋਂ ਵਿਕਾਰਾਂ ਵਿੱਚ ਨਾ ਮਰਣ ਵਾਲ਼ਾ ਹੀ ਅਮਰ ਹੁੰਦਾ ਹੈ, ਉਸਨੇ ਹੀ ਅਮਰ ਹੋਣ ਵਾਲ਼ੀ ਅਵਸਥਾ ਹਾਸਲ ਕੀਤੀ ਹੈ; ਇਹ ਅਵਸਥਾ ਗੁਰੂ (ਦੇ ਗਿਆਨ) ਦੀ ਸੰਗਤ ਕਰਕੇ ਜੀਵਨ ਰੂਪ ਪਰਮਾਤਮਾ ਵੱਲ ਧਿਆਨ ਕਰਨ ਨਾਲ਼ ਮਿਲ਼ਦੀ ਹੈ।

**ਸਲੋਕੁ ॥**

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥**

**ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥**

ਗੁਰੂ ਗਿਆਨ ਦਾ ਸੁਰਮਾ ਦੇਂਦਾ ਹੈ ਜਿਸ ਨਾਲ਼ ਸਾਡੇ ਅੰਦਰੋਂ ਅਗਿਆਨਤਾ ਦਾ ਹਨੇਰਾ ਮਿਟਦਾ ਹੈ। ਗੁਰੂ ਸੰਤ ਹੀ ਮਨ ਅੰਦਰ ਗਿਆਨ ਦਾ ਚਾਨਣ ਕਰਕੇ ਰੱਬੀ ਕਿਰਪਾ ਦਾ ਵਸੀਲਾ ਬਣਦਾ ਹੈ

## ਅਸਟਪਦੀ ॥

**ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥**

**ਨਾਮੁ ਪ੍ਰਭੂ ਕਾ ਲਾਗਾ ਮੀਠਾ ॥**

ਗੁਰੂ (ਦੇ ਗਿਆਨ) ਦਾ ਸੰਗ ਕਰਕੇ ਅੰਦਰ ਹੀ ਪਰਮਾਤਮਾ ਨੂੰ ਦੇਖ ਲਈਦਾ ਹੈ; ਗੁਰੂ ਦੇ ਗਿਆਨ ਨਾਲ਼ ਰੱਬੀ ਨਾਮ/ਗੁਣਾਂ ਦੀ ਮਿਠਾਸ ਨਾਲ਼ ਮਨ ਲੱਗਦਾ ਹੈ।

**ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥**

**ਅਨਿਕ ਰੰਗ ਨਾਨਾ ਦ੍ਰਿਸਟਾਹਿ ॥**

ਗੁਰੂ ਦੇ ਗਿਆਨ ਨਾਲ਼ ਮਨ ਵਿਚਲੀ ਅਨੇਕਾਂ ਤਰ੍ਹਾਂ ਤੇ ਰੰਗਾਂ (ਸੋਚ-ਵਿਚਾਰ) ਵਾਲ਼ੀ ਸਾਰੀ ਅੰਦਰੂਨੀ ਸਮੱਗਰੀ ਇੱਕ ਪਰਮਾਤਮਾ ਵੱਲ ਲੱਗ ਜਾਂਦੀ ਹੈ

**ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥**

**ਦੇਹੀ ਮਹਿ ਇਸ ਕਾ ਬਿਸ੍ਰਾਮੁ ॥**

ਗੁਰੂ ਗਿਆਨ ਨਾਲ਼ ਸਾਰੇ ਖਜ਼ਾਨੇ ਤੇ ਅੰਮ੍ਰਿਤ ਦੇਣ ਵਾਲ਼ੇ ਰੱਬੀ ਨਾਮ/ਗੁਣਾਂ ਦਾ ਦੇਹੀ (ਸੁਰਤ-ਮੱਤ-ਮਨ) ਵਿੱਚ ਨਿਵਾਸ/ਟਿਕਾਣਾ ਬਣ ਜਾਂਦਾ ਹੈ

**ਸੁੰਨ ਸਮਾਧਿ ਅਨਹਤ ਤਹ ਨਾਦ ॥**

**ਕਹਨੁ ਨ ਜਾਈ ਅਚਰਜ ਬਿਸਮਾਦ ॥**

ਜਿੱਥੇ ਰੱਬੀ ਨਾਮ/ਗੁਣਾਂ ਦਾ ਟਿਕਾਣਾ ਹੈ ਓਥੇ ਹੀ ਅਸਲ ਸੁੰਨ-ਸਮਾਧੀ ਤੇ ਅਨਹਤ ਨਾਦ ਹੈ; ਉਸ ਨੂੰ ਅੱਖਰਾਂ 'ਚ ਕਿਹਾ ਨਹੀਂ ਜਾ ਸਕਦਾ

**ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥**

**ਨਾਨਕ ਤਿਸੁ ਜਨ ਸੋਝੀ ਪਾਏ ॥੧॥**

ਜਿਸ ਨੂੰ ਗੁਰੂ ਗਿਆਨ ਨੇ ਅਪਣੇ ਆਪ ਦੀ ਸਮਝ ਦੇ ਦਿੱਤੀ ਉਸਨੂੰ ਪਰਮਾਤਮਾ ਅਪਣੇ ਅੰਦਰ ਦਿੱਸ ਪੈਂਦਾ ਹੈ; ਓਸੇ ਰੱਬ ਦੇ ਪਿਆਰੇ ਨੂੰ ਸੋਝੀ ਹੋਈ ਜਾਣੋ

**ਸੋ ਅੰਤਰਿ ਸੋ ਬਾਹਰਿ ਅਨੰਤ ॥**

**ਘਟਿ ਘਟਿ ਬਿਆਪਿ ਰਹਿਆ ਭਗਵੰਤ ॥**

ਅੰਦਰ-ਬਾਹਰ, ਹਰੇਕ ਵਿੱਚ ਇੱਕ ਭਗਵਾਨ ਹੀ ਵਿਆਪ ਰਿਹਾ ਹੈ

**ਧਰਨਿ ਮਾਹਿ ਆਕਾਸ ਪਇਆਲ ॥**

**ਸਰਬ ਲੋਕ ਪੂਰਨ ਪ੍ਰਤਿਪਾਲ ॥**

ਧਰਤੀ-ਅਕਾਸ਼-ਪਤਾਲ਼ ਹਰ ਥਾਂ ਉਹ ਪਰਮਾਤਮਾ ਹੀ ਸਭ ਨੂੰ ਪਾਲ਼ ਰਿਹਾ ਹੈ

**ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥**

**ਜੈਸੀ ਆਗਿਆ ਤੈਸਾ ਕਰਮੁ ॥**

ਛੋਟੇ ਜਿਹੇ ਤਿਨਕੇ ਤੋਂ ਲੈ ਕੇ ਜੰਗਲ ਤੇ ਪਹਾੜ, ਸਭ ਕੁਝ ਪਾਰਬ੍ਰਹਮ ਪਰਮਾਤਮਾ ਦਾ ਹੀ ਵਾਸ ਹੈ, ਤੇ ਓਸੇ ਦੇ ਹੁਕਮ ਵਿੱਚ ਹੈ

**ਪਉਣ ਪਾਣੀ ਬੈਸੰਤਰ ਮਾਹਿ ॥**

**ਚਾਰਿ ਕੁੰਟ ਦਹ ਦਿਸੇ ਸਮਾਹਿ ॥**

ਹਵਾ-ਪਾਣੀ-ਅੱਗ, ਹਰ ਪਾਸੇ ਹਰ ਥਾਂ ਪਰਮਾਤਮਾ ਹੀ ਸਮਾਇਆ ਹੋਇਆ ਹੈ

**ਤਿਸ ਤੇ ਭਿੰਨ ਨਹੀ ਕੋ ਠਾਉ ॥**

**ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥**

ਐਸਾ ਕੋਈ ਵੀ ਥਾਂ ਨਹੀਂ ਜਿੱਥੇ ਰੱਬ ਨਹੀਂ; ਗੁਰੂ ਦੇ ਗਿਆਨ ਨਾਲ਼ (ਪਰਮਾਤਮਾ ਦੇ ਹਰ ਥਾਂ ਹੋਣ ਦਾ ਅਹਿਸਾਸ ਲੈਕੇ) ਸੁਖੀ ਰਿਹਾ ਜਾਂਦਾ ਹੈ।

**ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥**

**ਸਸੀਅਰ ਸੂਰ ਨਖ੍ਯ੍ਤ੍ਰ ਮਹਿ ਏਕੁ ॥**

ਧਾਰਮਕ ਗ੍ਰੰਥਾਂ ਰਾਹੀਂ (ਜੇ ਕੁਝ ਦੇਖਣਾ/ਸਿੱਖਣਾ ਹੀ ਹੈ ਤਾਂ) ਇਹ ਸਿੱਖ ਕਿ ਹਰ ਥਾਂ ਇੱਕ ਪਰਮਾਤਮਾ ਹੀ ਹੈ।

ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥

ਆਪਿ ਅਡੋਲੁ ਨ ਕਬਹੂ ਡੋਲੈ ॥

ਮਨਾ! ਇਹ ਜਾਣ ਕਿ ਸਾਰਿਆਂ 'ਚ ਪਰਮਾਤਮਾ ਹੀ ਬੋਲ ਰਿਹਾ ਹੈ; ਇੰਝ ਕਰਕੇ ਤੂੰ ਆਪ ਅਡੋਲ ਹੋ ਜਾਵੇਂਗਾ

ਸਰਬ ਕਲਾ ਕਰਿ ਖੇਲੈ ਖੇਲ ॥

ਮੋਲਿ ਨ ਪਾਈਐ ਗੁਣਹ ਅਮੋਲ ॥

ਜੋ ਪਰਮਾਤਮਾ ਆਪ ਸਭ ਬਣਾ ਕੇ ਵਿੱਚ ਵਰਤ ਰਿਹਾ ਹੇ, ਉਸਨੂੰ ਕੋਈ ਬਾਹਰੀ ਪਦਾਰਥ ਦੇ ਕੇ ਖਰੀਦਿਆ ਨਹੀਂ ਜਾ ਸਕਦਾ

ਸਰਬ ਜੋਤਿ ਮਹਿ ਜਾ ਕੀ ਜੋਤਿ ॥

ਧਾਰਿ ਰਹਿਓ ਸੁਆਮੀ ਓਤਿ ਪੋਤਿ ॥

ਸਾਰਿਆਂ ਵਿੱਚ ਪਰਮਾਤਮਾ ਖੁਦ ਹੀ ਜੀਵਨ ਜੋਤ ਧਰ/ਟਿਕਾ ਕੇ ਪੂਰਨ ਤੌਰ ਤੇ ਸਮਾਇਆ ਹੋਇਆ ਹੈ

ਗੁਰ ਪਰਸਾਦਿ ਭਰਮ ਕਾ ਨਾਸੁ ॥

ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥

ਗੁਰੂ ਦੀ ਕਿਰਪਾ/ਗਿਆਨ ਨਾਲ਼ ਜਿਨ੍ਹਾਂ ਅੰਦਰੋਂ ਭਰਮ ਮੁੱਕਦਾ ਹੈ, ਉਨ੍ਹਾਂ ਅੰਦਰ ਇਹ ਵਿਸ਼ਵਾਸ ਬਣਦਾ ਹੈ ਕਿ ਇੱਕ ਪਰਮਾਤਮਾ ਹੀ ਸਭ ਵਿੱਚ ਸਮਾਇਆ ਹੈ

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥

ਸੰਤ ਜਨਾ ਕੈ ਹਿਰਦੈ ਸਭਿ ਧਰਮ ॥

ਗੁਰੂ ਜਨਾਂ ਦੀ ਦ੍ਰਿਸ਼ਟੀ/ਗਿਆਨ ਸਾਰੀ (ਨਵੀਂ ਤੇ ਸੋਹਣੀ) ਘਾੜਤ ਕਰਨ ਵਾਲ਼ਾ ਹੁੰਦਾ ਹੈ। ਗੁਰੂ ਜਨਾਂ ਦਾ ਹਿਰਦਾ ਪੂਰੀ ਤਰ੍ਹਾਂ ਧਰਮ (ਸੱਚ ਪਰੋਪਕਾਰ) ਨਾਲ਼ ਭਰਿਆ ਹੈ (ਉਸ 'ਚ ਕੋਈ ਛਲ ਜਾਂ ਲਾਲਚ ਨਹੀਂ)।

**ਸੰਤ ਜਨਾ ਸੁਨਹਿ  ਸੁਭ ਬਚਨ ॥**

**ਸਰਬ ਬਿਆਪੀ  ਰਾਮ ਸੰਗਿ ਰਚਨ ॥**

ਗੁਰੂ ਜਨਾਂ ਤੋਂ ਹਰ ਕੋਈ ਹਮੇਸ਼ਾ ਸ਼ੁਭ/ਭਲੇ ਬਚਨ ਹੀ ਸੁਣਦਾ ਹੈ (ਉਨ੍ਹਾਂ ਕੋਲ਼ ਬੁਰਾਈ ਨਹੀਂ)। ਗੁਰੂ ਜਨ ਹਰ ਥਾਂ ਵੱਸਦੇ ਪਰਮਾਤਮਾ ਦੇ ਰੰਗ/ਪ੍ਰੇਮ 'ਚ ਜੀਊਂਦੇ ਨੇ।

**ਜਿਨਿ ਜਾਤਾ  ਤਿਸ ਕੀ ਇਹ ਰਹਤ ॥**

**ਸਤਿ ਬਚਨ  ਸਾਧੂ ਸਭਿ ਕਹਤ ॥**

ਗੁਰੂ ਜਨਾਂ ਦੇ ਸੱਤ ਬਚਨਾਂ ਨੂੰ ਜਿਸਨੇ ਵੀ ਜਾਣਿਆ (ਅਮਲ ਕੀਤਾ) ਹੈ, ਉਸਦਾ ਜੀਵਨ ਵੀ ਓਸੇ (ਗੁਰੂ ਵਰਗੀ ਜੀਵਨ ਜਾਚ) ਦਾ ਧਾਰਣੀ ਹੋ ਜਾਂਦਾ ਹੈ

**ਜੋ ਜੋ ਹੋਇ  ਸੋਈ ਸੁਖੁ ਮਾਨੈ ॥**

**ਕਰਨ ਕਰਾਵਨਹਾਰੁ ਪ੍ਰਭੁ  ਜਾਨੈ ॥**

ਗੁਰੂ ਦੇ ਗਿਆਨ ਨੂੰ ਅਮਲ 'ਚ ਲਿਆਉਣ ਵਾਲ਼ੇ ਪਰਮਾਤਮਾ ਨੂੰ ਕਰਤਾ ਪੁਰਖ ਜਾਣ ਕੇ ਹਰ ਹਾਲ 'ਚ ਸੁਖੀ ਰਹਿੰਦਾ ਹੈ

**ਅੰਤਰਿ ਬਸੇ  ਬਾਹਰਿ ਭੀ ਓਹੀ ॥**

**ਨਾਨਕ  ਦਰਸਨੁ ਦੇਖਿ ਸਭ ਮੋਹੀ ॥੪॥**

ਗੁਰੂ ਦੇ ਗਿਆਨ ਨਾਲ਼ ਪ੍ਰੇਮ ਪਾਉਣ ਵਾਲ਼ਾਂ ਅੰਦਰ ਵੀ ਤੇ ਬਾਹਰ ਵੀ ਇੱਕ ਪਰਮਾਤਮਾ ਨੂੰ ਹੀ ਦੇਖਦਾ ਹੈ

**ਆਪਿ ਸਤਿ  ਕੀਆ ਸਭੁ ਸਤਿ ॥**

**ਤਿਸੁ ਪ੍ਰਭ ਤੇ  ਸਗਲੀ ਉਤਪਤਿ ॥**

ਗੁਰੂ (ਦਾ ਗਿਆਨ) ਆਪ ਤਾਂ ਸੱਚ ਹੈ ਹੀ, (ਦ੍ਰਿੜ੍ਹ ਕਰਣ ਵਾਲਿਆਂ) ਸਾਰਿਆਂ ਨੂੰ ਸਚਿਆਰਾ ਕਰ ਦੇਂਦਾ ਹੈ। ਉਸ ਸੱਚ ਪ੍ਰਭੁ/ਗੁਰੂ ਤੋਂ ਹੀ ਅੰਦਰ ਸੱਚ ਦੀ ਸਾਰੀ ਉਤਪਤੀ/ਬਣਤਰ ਹੁੰਦੀ ਹੈ।

**ਤਿਸੁ ਭਾਵੈ ਤਾ ਕਰੇ ਬਿਸਥਾਰੁ ॥**

**ਤਿਸੁ ਭਾਵੈ ਤਾ ਏਕੰਕਾਰੁ ॥**

ਗੁਰੂ ਗਿਆਨ ਨੂੰ ਭਾ ਜਾਈਏ (ਗੁਰੂ ਗਿਆਨ ਅਨੁਸਾਰ ਜੀਵੀਏ) ਤਾਂ ਅੰਦਰ ਰੱਬੀ ਗੁਣਾਂ ਦਾ ਵਿਸਤਾਰ ਹੁੰਦਾ ਹੈ। ਗੁਰੂ ਗਿਆਨ ਅਨੁਸਾਰ ਜੀਵੀਏ ਤਾਂ ਪਰਮਾਤਮਾ ਨਾ਼ਲ ਇੱਕ ਹੋਈਦਾ ਹੈ।

**ਅਨਿਕ ਕਲਾ ਲਖੀ ਨਹ ਜਾਇ ॥**

**ਜਿਸੁ ਭਾਵੈ ਤਿਸੁ ਲਏ ਮਿਲਾਇ ॥**

ਗੁਰੂ ਗਿਆਨ ਦੀਆਂ ਬਰਕਤਾਂ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ, ਜੋ ਉਸ ਅਨੁਸਾਰ ਜੀਊਂਦਾ ਹੈ, ਓਹੀ ਅਪਣੇ ਪਰਮਾਤਮਾ ਨਾ਼ਲ ਮਿ਼ਲ ਪੈਂਦਾ ਹੈ

**ਕਵਨ ਨਿਕਟਿ ਕਵਨ ਕਹੀਐ ਦੂਰਿ ॥**

**ਆਪੇ ਆਪਿ ਆਪ ਭਰਪੂਰਿ ॥**

ਪਰਮਾਤਮਾ ਨਾ਼ਲ ਮਿਲਾਪ ਕੋਈ ਨੇੜੇ ਜਾਂ ਦੂਰ ਵਾ਼ਲੀ ਗੱਲ ਨਹੀਂ। ਆਪ ਪਰਮਾਤਮਾ ਹੀ ਸਾਡੇ ਅੰਦਰ-ਬਾਹਰ ਹਰ ਥਾਂ ਭਰਪੂਰ ਹੈ (ਲੋੜ ਹੈ ਸਿਰਫ ਗੁਰੂ ਗਿਆਨ ਨਾ਼ਲ ਉਸ ਅੰਦਰ ਸਮਾਉਣ ਦੀ)।

**ਅੰਤਰਗਤਿ ਜਿਸੁ ਆਪਿ ਜਨਾਏ ॥**

**ਨਾਨਕ ਤਿਸੁ ਜਨ ਆਪਿ ਬੁਝਾਏ ॥੫॥**

ਗੁਰੂ ਗਿਆਨ ਨਾ਼ਲ ਜਿਸਨੇ ਅੰਦਰ ਵੱਸਦੇ ਪਰਮਾਤਮਾ ਨੂੰ ਜਾਣ ਲਿਆ। ਉਸ ਰੱਬੀ ਪਿਆਰੇ ਨੂੰ ਖੁਦ ਦੇ ਅਸਲ ਸਰੂਪ ਦੀ ਪਛਾਣ ਹੋ ਜਾਂਦੀ ਹੈ।

**ਸਰਬ ਭੂਤ ਆਪਿ ਵਰਤਾਰਾ ॥**

**ਸਰਬ ਨੈਨ ਆਪਿ ਪੇਖਨਹਾਰਾ ॥**

(ਗੁਰੂ ਗਿਆਨ ਨਾ਼ਲ ਇਹ ਸਮਝ ਪੈਂਦੀ ਹੈ ਕਿ) ਇਸ ਸਾਰੇ ਬਾਹਰੀ ਵਰਤਾਰੇ ਵਿੱਚ ਪਰਮਾਤਮਾ ਆਪ ਵੱਸਿਆ ਹੈ। ਇਹ ਸਾਰੀਆਂ ਅੱਖਾਂ (ਜੋ ਮੇਰੇ ਆ਼ਲੇ ਦੁਆ਼ਲੇ ਨੇ, ਇਨ੍ਹਾਂ ਸਭ) ਰਾਹੀਂ ਉਹ ਪਰਮਾਤਮਾ ਹੀ ਦੇਖ ਰਿਹਾ ਹੈ।

**ਸਗਲ ਸਮਗ੍ਰੀ ਜਾ ਕਾ ਤਨਾ ॥**

**ਆਪਨ ਜਸੁ ਆਪ ਹੀ ਸੁਨਾ ॥**

ਇਹ ਸਾਰੀ ਕਾਇਨਾਤ ਉਸੇ ਦਾ ਸ਼ਰੀਰ ਹੈ, ਤੇ ਇਸ ਰਾਹੀਂ ਉਹ ਆਪ ਸਭ ਸੁਣਦਾ ਹੈ।

**ਆਵਨ ਜਾਨੁ ਇਕੁ ਖੇਲੁ ਬਨਾਇਆ ॥**

**ਆਗਿਆਕਾਰੀ ਕੀਨੀ ਮਾਇਆ ॥**

ਸਾਰੀ ਸ੍ਰਿਸ਼ਟੀ ਦੇ ਜਨਮ-ਮਰਨ ਦਾ ਇਹ ਖੇਲ ਵੀ ਪ੍ਰਭੂ ਦੀ ਅਗਿਆ ਵਿੱਚ ਹੀ ਹੈ।

**ਸਭ ਕੈ ਮਧਿ ਅਲਿਪਤੋ ਰਹੈ ॥**

**ਜੋ ਕਿਛੁ ਕਹਣਾ ਸੁ ਆਪੇ ਕਹੈ ॥**

ਸਾਰਿਆਂ ਵਿੱਚ ਪਰਮਾਤਮਾ ਆਪ ਵੱਸਿਆ ਹੈ, ਸਭ ਵਿੱਚ ਉਹ ਆਪ ਬੋਲਦਾ/ ਜੀਊਂਦਾ ਹੈ।

**ਆਗਿਆ ਆਵੈ ਆਗਿਆ ਜਾਇ ॥**

**ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥**

ਉਸਦੀ ਅਗਿਆ ਵਿੱਚ ਹੀ ਜੀਵ ਬਣਦੇ-ਮੁੱਕਦੇ ਨੇ; ਜੇ ਪਰਮਾਤਮਾ ਦੀ ਹਰ ਥਾਂ ਹੋਂਦ ਨੂੰ ਅਸੀਂ ਸਵੀਕਾਰ ਕਰ ਲਈਏ ਤਾਂ ਓਸੇ ਵਿੱਚ ਸਮਾਏ ਰਹਿੰਦੇ ਹਾਂ।

**ਇਸ ਤੇ ਹੋਇ ਸੁ ਨਾਹੀ ਬੁਰਾ ॥**

**ਓਰੈ ਕਹਹੁ ਕਿਨੈ ਕਛੁ ਕਰਾ ॥**

ਇਸ ਗਿਆਨ (ਕਿ ਰੱਬ ਹਰ ਥਾਂ ਹੈ) ਨੂੰ ਧਾਰਣ ਕਰਨ ਨਾਲ਼ ਕਦੀ ਬੁਰਾ ਹੋ ਹੀ ਨਹੀ ਸਕਦਾ; ਇਸ ਸੋਝੀ ਤੋਂ ਬਿਨਾਂ ਕਦੀ ਕਿਸੇ ਤੋਂ ਭਲਾ ਹੋਇਆ ਵੀ ਨਹੀਂ ਹੈ।

**ਆਪਿ ਭਲਾ ਕਰਤੂਤਿ ਅਤਿ ਨੀਕੀ ॥**

**ਆਪੇ ਜਾਨੈ ਅਪਨੇ ਜੀ ਕੀ ॥**

ਇਸ ਸਮਝ ਨਾਲ਼ ਜੀਉਣ ਵਾਲ਼ਾਂ ਆਪ ਵੀ ਭਲਾ ਹੈ, ਤੇ ਭਲੇ ਹੀ ਕੰਮ ਕਰਦਾ ਹੈ; ਉਸਨੂੰ ਅਪਣੇ ਆਪ ਦੀ ਸਮਝ ਪੈ ਜਾਂਦੀ ਹੈ

**ਆਪਿ ਸਾਚੁ ਧਾਰੀ ਸਭ ਸਾਚੁ ॥**

**ਓਤਿ ਪੋਤਿ ਆਪਨ ਸੰਗਿ ਰਾਚੁ ॥**

ਉਹ ਸੱਚੇ ਰੱਬ ਗਿਆਨ ਨੂੰ ਹਿਰਦੇ 'ਚ ਧਾਰਣ ਕਰਕੇ ਆਪ ਅੰਦਰੋਂ ਸੱਚਾ/ਪਵਿੱਤਰ ਹੁੰਦਾ ਹੈ; ਉਹ ਅਪਣੇ ਅੰਦਰ ਵੱਸਦੇ ਪਰਮਾਤਮਾ ਨਾਲ਼ ਆਪ ਰਚਿਆ/ਮਿਲ਼ਿਆ ਰਹਿੰਦਾ ਹੈ।

**ਤਾ ਕੀ ਗਤਿ ਮਿਤਿ ਕਹੀ ਨ ਜਾਇ ॥**

**ਦੂਸਰ ਹੋਇ ਤ ਸੋਝੀ ਪਾਇ ॥**

ਪਰਮਾਤਮਾ ਨਾਲ਼ ਇੱਕ ਹੋਏ ਮਨ ਬਾਰੇ ਕਿਹਾ ਨਹੀਂ ਜਾ ਸਕਦਾ; ਕਹੀਏ ਤੇ ਤਾਂ ਜੇ ਉਸ ਵਿੱਚ ਕੋਈ ਦੂਜਾ ਦਿੱਸੇ; ਉਹ ਤਾਂ ਰੱਬ ਦਾ ਹੀ ਰੂਪ ਹੈ।

**ਤਿਸ ਕਾ ਕੀਆ ਸਭੁ ਪਰਵਾਨੁ ॥**

**ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥**

ਗੁਰੂ ਦੀ ਕਿਰਪਾ/ਗਿਆਨ ਨਾਲ਼ ਇੱਕ ਪਰਮਾਤਮਾ ਨੂੰ ਜਾਨਣ ਵਾਲ਼ੇ ਦਾ ਹਰ ਕਰਮ ਪਰਵਾਨ ਹੈ

**ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥**

**ਆਪਿ ਮਿਲਾਇ ਲਏ ਪ੍ਰਭੁ ਸੋਇ ॥**

ਜੋ (ਪਰਮਾਤਮਾ ਨੂੰ ਹਰ ਥਾਂ ਸਭ ਵਿੱਚ) ਜਾਣਦਾ ਹੈ, ਉਸਨੂੰ ਸਦਾ ਸੁਖ ਹੁੰਦਾ ਹੈ; ਉਹ ਆਪ ਪ੍ਰਭੂ ਨਾਲ਼ ਮਿਲ਼ਿਆ ਰਹਿੰਦਾ ਹੈ।

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥
ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥

ਉਹ ਹੀ ਅਸਲ ਅਮੀਰ, ਉੱਚੀ ਕੁਲ ਵਾਲ਼ਾ, ਤੇ ਪੱਤ ਵਾਲ਼ਾ ਹੈ; ਉਹ ਜੀਊਂਦੇ ਜੀ ਮੁਕਤ ਹੈ ਜਿਸਨੇ ਹਿਰਦੇ 'ਚ ਪਰਮਾਤਮਾ ਨੂੰ ਵਸਾਇਆ ਹੈ।

ਧੰਨੁ ਧੰਨੁ ਧੰਨੁ ਜਨੁ ਆਇਆ ॥
ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥

ਰੱਬ ਦੇ ਐਸੇ ਪਿਆਰੇ ਦਾ ਜੀਵਨ 'ਚ ਆਉਣਾ ਧੰਨ ਹੈ; ਜਿਸਨੇ ਗੁਰੂ ਦੀ ਕਿਰਪਾ/ਗਿਆਨ ਨਾਲ਼ ਅਪਣੇ ਅੰਦਰਲੇ ਸੰਸਾਰ ਨੂੰ ਵਿਕਾਰਾਂ ਤੋਂ ਬਚਾਇਆ ਹੈ।

ਜਨ ਆਵਨ ਕਾ ਇਹੈ ਸੁਆਉ ॥
ਜਨ ਕੈ ਸੰਗਿ ਚਿਤਿ ਆਵੈ ਨਾਉ ॥

ਰੱਬ ਦੇ ਪਿਆਰੇ ਜੀਵਨ 'ਚ ਆਉਣ ਦਾ ਮਨੋਰਥ ਹੀ ਇਸ ਨੂੰ ਮੰਨਦੇ ਨੇ (ਕਿ ਅੰਦਰੋਂ ਵਿਕਾਰਾਂ ਨੂੰ ਖਤਮ ਕਰਨਾ ਹੈ); ਇਹੋ ਜਿਹੇ ਰੱਬ ਦੇ ਪਿਆਰਿਆਂ ਦੇ ਸੰਗ ਵਿੱਚ ਰੱਬੀ ਨਾਮ/ਗੁਣਾਂ ਵੱਲ ਚਿੱਤ ਲੱਗਦਾ ਹੈ।

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥

ਉਹ ਗੁਰੂ ਗਿਆਨ ਨਾਲ਼ ਵਿਕਾਰਾਂ ਤੋਂ ਮੁਕਤ ਹੋ ਕੇ ਅਪਣੇ ਅੰਦਰਲੇ (ਸੋਚ-ਵਿਚਾਰ ਦੇ) ਸਾਰੇ ਸੰਸਾਰ ਨੂੰ ਮੁਕਤ ਕਰ ਲੈਂਦੇ ਨੇ; ਰੱਬ ਦੇ ਐਸੇ ਪਿਆਰਿਆਂ ਨੂੰ ਸਦਾ ਨਮਸਕਾਰ ਹੈ।

## ਸਲੋਕੁ ॥

**ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥**

**ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥**

ਜਿਸ ਪਰਮਾਤਮਾ ਦਾ ਹੁਕਮ ਵਰਤ ਰਿਹਾ ਹੈ ਉਸ ਸੱਚੇ ਰੱਬ ਨੂੰ ਅਰਾਧੀਏ (ਚੇਤੇ ਵਿੱਚ ਰੱਖੀਏ); ਪੂਰਨ ਪਰਮਾਤਮਾ ਨੂੰ ਉਦੋਂ ਪਾਇਆ ਜਾਂਦਾ ਹੈ ਜਦੋਂ ਰੱਬੀ ਗੁਣਾਂ ਨੂੰ ਗਾਇਆ (ਜੀਵਨ 'ਚ ਉਤਾਰਿਆ) ਜਾਵੇ।

## ਅਸਟਪਦੀ ॥

**ਪੂਰੇ ਗੁਰ ਕਾ ਸੁਨਿ ਉਪਦੇਸੁ ॥**

**ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥**

ਮੇਰੇ ਮਨਾ! ਪੂਰੇ ਗੁਰੂ ਦਾ ਉਪਦੇਸ਼/ਗਿਆਨ ਸੁਣ/ਮੰਨ ਕੇ ਪਰਮਾਤਮਾ ਨੂੰ ਸਦਾ ਅਪਣੇ ਨੇੜੇ ਜਾਣ

**ਸਾਸਿ ਸਾਸਿ ਸਿਮਰਹੁ ਗੋਬਿੰਦ ॥**

**ਮਨ ਅੰਤਰ ਕੀ ਉਤਰੈ ਚਿੰਦ ॥**

ਹਰ ਵੇਲ਼ੇ ਪਰਮਾਤਮਾ ਨੂੰ ਚੇਤੇ ਰੱਖਣ ਨਾ਼ਲ ਮਨ ਅੰਦਰੋਂ ਸਭ ਚਿੰਤਾਵਾਂ ਮੁੱਕਦੀਆਂ ਨੇ

**ਆਸ ਅਨਿਤ ਤਿਆਗਹੁ ਤਰੰਗ ॥**

**ਸੰਤ ਜਨਾ ਕੀ ਧੂਰਿ ਮਨ ਮੰਗ ॥**

ਬਾਕੀ ਸਭ ਆਸਾਂ-ਫੁਰਨੇ ਛੱਡ ਕੇ ਗੁਰੂ ਜਨਾਂ ਦੀ ਧੂੜ੍ਹ/ਗਿਆਨ ਦੀ ਮੰਗ ਕਰ

**ਆਪੁ ਛੋਡਿ ਬੇਨਤੀ ਕਰਹੁ ॥**

**ਸਾਧ ਸੰਗਿ ਅਗਨਿ ਸਾਗਰੁ ਤਰਹੁ ॥**

ਅਪਣੀ ਹਉਮੈ (ਮੈਂ-ਮੇਰੀ) ਛੱਡ ਕੇ ਗੁਰੂ ਤੋਂ ਗਿਆਨ ਦੀ ਮੰਗ ਦੀ ਬੇਨਤੀ ਕਰ; ਗੁਰੂ (ਦੇ ਗਿਆਨ) ਦੀ ਸੰਗਤ ਨਾ਼ਲ (ਵਿਕਾਰਾਂ ਦੇ) ਸਾਗਰ ਤੋਂ ਤਰਿਆ ਜਾਂਦਾ ਹੈ।

**ਹਰਿ ਧਨ ਕੇ  ਭਰਿ ਲੇਹੁ ਭੰਡਾਰ ॥**

**ਨਾਨਕ  ਗੁਰ ਪੂਰੇ ਨਮਸਕਾਰ ॥੧॥**

ਰੱਬੀ ਗੁਣਾਂ ਦੀ ਦੌਲਤ ਨਾਲ਼ ਅਪਣੇ ਅੰਦਰ ਦੇ ਭੰਡਾਰ ਭਰ ਲੈ; ਤੇ (ਇਹ ਰੱਬੀ ਗੁਣ ਹਾਸਲ ਕਰਨ ਲਈ) ਪੂਰੇ ਗੁਰੂ (ਦੇ ਗਿਆਨ) ਨੂੰ ਨਮਸਕਾਰ/ਸਮਰਪਣ ਕਰ।

**ਖੇਮ  ਕੁਸਲ  ਸਹਜ  ਆਨੰਦ ॥**

**ਸਾਧਸੰਗਿ  ਭਜੁ ਪਰਮਾਨੰਦ ॥**

ਗੁਰੂ (ਗਿਆਨ) ਦੇ ਸੰਗ ਵਿੱਚ ਪਰਮਾਤਮਾ ਵੱਲ ਧਿਆਨ ਕੀਤਿਆਂ ਜੀਵਨ ਵਿੱਚ ਸਹਿਜ ਅਤੇ ਅਨੰਦ ਆਉਂਦਾ ਹੈ।

**ਨਰਕ ਨਿਵਾਰਿ  ਉਧਾਰਹੁ ਜੀਉ ॥**

**ਗੁਨ ਗੋਬਿੰਦ  ਅੰਮ੍ਰਿਤ ਰਸੁ ਪੀਉ ॥**

ਰੱਬੀ ਗੁਣਾਂ ਦੇ ਅੰਮ੍ਰਿਤ ਨੂੰ ਜੀਵਨ 'ਚ ਉਤਾਰਨ ਨਾਲ਼ ਮਨ ਵਿਕਾਰਾਂ ਦੇ ਨਰਕ 'ਚੋਂ ਮੁਕਤ ਹੁੰਦਾ ਹੈ।

**ਚਿਤਿ ਚਿਤਵਹੁ  ਨਾਰਾਇਣ ਏਕ ॥**

**ਏਕ ਰੂਪ  ਜਾ ਕੇ ਰੰਗ ਅਨੇਕ ॥**

ਇੱਕ ਪਰਮਾਤਮਾ ਨੂੰ ਚੇਤੇ ਵਿੱਚ ਰੱਖੀਏ ਜੋ ਇੱਕ ਹੀ ਸਾਰਿਆਂ 'ਚ ਸਮਾਇਆ ਹੈ।

**ਗੋਪਾਲ  ਦਾਮੋਦਰ  ਦੀਨ ਦਇਆਲ ॥**

**ਦੁਖ ਭੰਜਨ  ਪੂਰਨ ਕਿਰਪਾਲ ॥**

ਪਰਮਾਤਮਾ (ਦਾ ਨਾਮ/ਹੁਕਮ) ਹੀ ਸਭ ਨੂੰ ਪਾਲ਼ਣ ਵਾਲ਼ਾ ਦੀਨ ਦਿਆਲ ਹੈ; ਉਹ ਸਦਾ ਕਿਰਪਾ ਕਰਕੇ ਸਾਡੇ ਦੁੱਖ ਦੂਰ ਕਰਦਾ ਹੈ।

**ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥**

**ਨਾਨਕ ਜੀਅ ਕਾ ਇਹੈ ਅਧਾਰ ॥੨॥**

ਇਸ ਮਨ ਨੂੰ (ਵਿਕਾਰਾਂ ਦੇ ਨਰਕ ਤੋਂ) ਬਚਣ ਦਾ ਇੱਕ ਹੀ ਸਹਾਰਾ ਹੈ ਕਿ ਰੱਬੀ ਨਾਮ/ਹੁਕਮ ਨੂੰ ਸਦਾ ਸਿਮਰਿਆ (ਚੇਤੇ ਵਿੱਚ ਰੱਖਿਆ) ਜਾਵੇ।

**ਉਤਮ ਸਲੋਕ ਸਾਧ ਕੇ ਬਚਨ ॥**

**ਅਮੁਲੀਕ ਲਾਲ ਏਹਿ ਰਤਨ ॥**

ਗੁਰੂ ਦੇ ਬਚਨ/ਗਿਆਨ ਹੀ ਸਭ ਤੋਂ ਉੱਤਮ ਤੇ ਕੀਮਤੀ ਰਤਨ-ਪਦਾਰਥ ਨੇ

**ਸੁਨਤ ਕਮਾਵਤ ਹੋਤ ਉਧਾਰ ॥**

**ਆਪਿ ਤਰੈ ਲੋਕਹ ਨਿਸਤਾਰ ॥**

ਗੁਰੂ ਗਿਆਨ ਨੂੰ ਸੁਣ-ਮੰਨ ਕੇ ਇਹ ਧਨ ਕਮਾਉਣ ਵਾਲ਼ੇ ਵਿਕਾਰਾਂ ਤੋਂ ਪਾਰ ਹੁੰਦੇ ਨੇ; ਉਹ ਆਪ ਤਾਂ ਵਿਕਾਰਾਂ ਦੀਆਂ ਛੱਲਾਂ ਤੋਂ ਤਰਦੇ ਹੀ ਨੇ, ਸਗੋਂ ਹੋਰਨਾਂ ਨੂੰ ਵੀ ਪ੍ਰੇਰਣਾ ਕਰਦੇ ਨੇ।

**ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥**

**ਜਾ ਕੈ ਮਨਿ ਲਾਗਾ ਹਰਿ ਰੰਗੁ ॥**

ਗੁਰੂ ਗਿਆਨ 'ਚ ਜੀਵਿਆ ਜੀਵਨ ਸਫਲ ਹੈ, ਤੇ ਸਫਲ ਹੈ ਐਸੇ ਜੀਵਨ ਵਾਲ਼ਿਆਂ ਦਾ ਸੰਗ ਕਰਨਾ ਜਿਨ੍ਹਾਂ ਦਾ ਮਨ ਰੱਬੀ ਗੁਣਾਂ 'ਚ ਰੰਗਿਆਂ ਹੈ

**ਜੈ ਜੈ ਸਬਦੁ ਅਨਾਹਦੁ ਵਾਜੈ ॥**

**ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥**

ਹਰ ਮੈਦਾਨ ਵਿੱਚ ਫਤਿਹ ਦਵਾਉਣ ਵਾਲ਼ਾ ਰੱਬੀ ਹੁਕਮ ਲਗਾਤਾਰ ਸਾਡੇ ਅੰਦਰ ਚੱਲਦਾ ਹੈ। ਉਹ ਪਰਮਾਤਮਾ (ਦਾ ਹੁਕਮ) ਜੋ ਸਾਡੇ ਅੰਦਰ ਨਿੱਤ ਗੱਜਦਾ (ਨਿਡਰ ਹੋ ਕੇ ਰਾਹ ਦੱਸਦਾ) ਹੈ, ਉਸਨੂੰ ਸੁਣ-ਮੰਨ ਕੇ ਸਦਾ ਅਨੰਦ ਹੁੰਦਾ ਹੈ।

**ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥**

**ਨਾਨਕ ਉਧਰੇ ਤਿਨ ਕੈ ਸਾਥੇ ॥੩॥**

ਗੁਰੂ ਗਿਆਨ ਰਾਹੀਂ ਉੱਚਾ ਜੀਵਨ ਜੀਉਣ ਵਾਲਿਆਂ ਦੇ ਮੱਥੇ (ਸੁਰ-ਮੱਤ) ਵਿੱਚ ਪਰਮਾਤਮਾ ਪਰਗਟ ਹੁੰਦਾ ਹੈ। ਐਸੇ ਰੱਬੀ ਪਿਆਰਿਆਂ ਦੇ ਸੰਗ ਨਾਲ਼ ਪਾਰ ਉਤਾਰਾ ਹੁੰਦਾ ਹੈ।

**ਸਰਨਿ ਜੋਗੁ ਸੁਨਿ ਸਰਨੀ ਆਏ ॥**

**ਕਰਿ ਕਿਰਪਾ ਪ੍ਰਭ ਆਪ ਮਿਲਾਏ ॥**

ਗੁਰੂ (ਦੇ ਗਿਆਨ) ਨੂੰ ਸੁਣ ਕੇ ਉਸ ਰੱਬ ਦੀ ਸ਼ਰਣ ਵਿੱਚ ਆਈਏ ਜਿਸਦੀ ਸ਼ਰਣ ਵਿੱਚ ਜਾਣਾ ਬਣਦਾ ਹੈ; ਗੁਰੂ ਗਿਆਨ ਦੀ ਕਿਰਪਾ ਨਾਲ਼ ਹੀ ਆਪ ਪਰਮਾਤਮਾ ਨੂੰ ਮਿਲ਼ਿਆ ਜਾਂਦਾ ਹੈ।

**ਮਿਟਿ ਗਏ ਬੈਰ ਭਏ ਸਭ ਰੇਨ ॥**

**ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥**

ਗੁਰੂ ਦੇ ਗਿਆਨ ਰਾਹੀਂ ਰੱਬੀ ਨਾਮ/ਗੁਣਾਂ ਦੇ ਅੰਮ੍ਰਿਤ ਨੂੰ ਜੀਵਨ 'ਚ ਉਤਾਰਨ ਨਾਲ਼ ਮਨ ਅੰਦਰਲੇ ਸਾਰੇ ਵੈਰੀ (ਵਿਕਾਰ) ਮੁੱਕ ਕੇ ਮਿੱਟੀ ਹੋ ਜਾਂਦੇ ਨੇ

**ਸੁਪ੍ਰਸੰਨ ਭਏ ਗੁਰਦੇਵ ॥**

**ਪੂਰਨ ਹੋਈ ਸੇਵਕ ਕੀ ਸੇਵ ॥**

(ਅੰਦਰੋਂ ਵਿਕਾਰਾਂ ਦਾ ਮੁੱਕ ਜਾਣਾ ਹੀ) ਪਰਮਾਤਮਾ ਦੀ ਖੁਸ਼ੀ ਤੇ ਸੇਵਾ ਪੂਰੀ ਹੋਣ ਦੀ ਨਿਸ਼ਾਨੀ ਹੈ

**ਆਲ ਜੰਜਾਲ ਬਿਕਾਰ ਤੇ ਰਹਤੇ ॥**

**ਰਾਮ ਨਾਮ ਸੁਨਿ ਰਸਨਾ ਕਹਤੇ ॥**

ਰੱਬੀ ਨਾਮ/ਗੁਣਾਂ ਨੂੰ ਸੁਣਨ/ਮੰਨਣ ਤੇ ਅਮਲ 'ਚ ਲਿਆਉਣ ਨਾਲ਼ ਵਿਕਾਰਾਂ ਵਾਲ਼ੇ ਸਾਰੇ ਜੰਜਾਲ਼ ਮੁੱਕਦੇ ਨੇ

**ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥**

**ਨਾਨਕ ਨਿਬਹੀ ਖੇਪ ਹਮਾਰੀ ॥੪॥**

(ਮਨ ਚੋਂ ਵਿਕਾਰਾਂ ਦੇ ਜੰਜਾਲ਼ ਮੁੱਕੇ ਤਾਂ ਜਾਣੀਏ ਕਿ) ਪਰਮਾਤਮਾ ਦੀ ਦਇਆ ਹੋਈ ਹੈ, ਤੇ ਸਾਡੇ ਖੇਪ/ਕਮਾਈ ਸਫਲ ਹੋਈ ਹੈ

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥**

**ਸਾਵਧਾਨ ਏਕਾਗਰ ਚੀਤ ॥**

ਮੇਰੇ ਭਲੇ ਮਿੱਤਰ ਮਨਾ! ਸਦਾ ਇੱਕ ਚਿੱਤ ਹੋ ਕੇ ਪਰਮਾਤਮਾ ਦੀ ਸਿਫਤ/ਸ਼ੁਕਰਾਨਾ ਕਰਿਆ ਕਰ।

**ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥**

**ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥**

ਰੱਬੀ ਨਾਮ/ਗਿਆਨ ਹੀ ਸਹਿਜ ਸੁੱਖ ਦੇਣ ਵਾਲ਼ੀ ਮਣੀ ਹੈ (ਬਾਹਰੋਂ ਜਾਦੂਈ ਪੱਥਰ ਨਾ ਲੱਭਦਾ ਫਿਰ!); ਜਿਸਦੇ ਹਿਰਦੇ ਵਿੱਚ ਇਹ ਰੱਬੀ ਗਿਆਨ/ਹੁਕਮ ਵੱਸਦਾ ਹੈ, ਉਹ ਅੰਦਰੋਂ ਅਮੀਰ ਹੋ ਜਾਂਦਾ ਹੈ।

**ਸਰਬ ਇਛਾ ਤਾ ਕੀ ਪੂਰਨ ਹੋਇ ॥**

**ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥**

ਰੱਬੀ ਗਿਆਨ ਨੂੰ ਜੀਵਨ 'ਚ ਉਤਾਰਨ ਵਾਲ਼ਿਆਂ ਦੀ (ਸਦੀਵੀ ਸੁੱਖ/ਅਨੰਦ ਵਾਲ਼ੀ) ਹਰ ਇੱਛਾ ਪੂਰੀ ਹੁੰਦੀ ਹੈ। ਉਨ੍ਹਾਂ ਅੰਦਰ ਹਰ ਤਲ (ਸੁਰਤ-ਮੱਤ-ਮਨ) 'ਤੇ ਪਰਮਾਤਮਾ ਪਰਗਟ ਹੁੰਦਾ ਹੈ।

**ਸਭ ਤੇ ਊਚ ਪਾਏ ਅਸਥਾਨੁ ॥**

**ਬਹੁਰਿ ਨ ਹੋਵੈ ਆਵਨ ਜਾਨੁ ॥**

ਉਹ ਅਪਣੇ ਅੰਦਰ ਸਭ ਤੋਂ ਉੱਚੇ (ਸਚਿਆਰ) ਸਥਾਨ/ਮੁਕਾਮ ਨੂੰ ਹਾਸਲ ਕਰਦੇ ਨੇ। ਉਹ ਫਿਰ ਵਿਕਾਰਾਂ ਵਾਲ਼ੇ ਆਵਣ-ਜਾਣ 'ਚ ਨਹੀਂ ਪੈਂਦੇ।

ਹਰਿ ਧਨੁ ਖਾਟਿ ਚਲੈ ਜਨੁ ਸੋਇ ॥
ਨਾਨਕ ਜਿਸਹਿ ਪਰਾਪਤਿ ਹੋਇ ॥੫॥

ਜਿਨ੍ਹਾਂ ਨੂੰ ਪੂਰਨ ਗੁਰੂ ਗਿਆਨ ਮਿਲ਼ ਜਾਂਦਾ ਹੈ, ਉਹ ਰੱਬੀ ਗਿਆਨ ਦੀ ਦੌਲਤ ਨੂੰ ਖੱਟ ਲੈਂਦੇ ਨੇ।

ਖੇਮ ਸਾਂਤਿ ਰਿਧਿ ਨਵ ਨਿਧਿ ॥
ਬੁਧਿ ਗਿਆਨੁ ਸਰਬ ਤਹ ਸਿਧਿ ॥

ਜਿਨ੍ਹਾਂ ਗੁਰੂ ਗਿਆਨ ਨਾਲ਼ ਅਪਣੀ ਮੱਤ ਨੂੰ ਸਵਾਰਿਆ ਹੈ ਉਨ੍ਹਾਂ ਅੰਦਰ ਸ਼ਾਂਤੀ, ਸਭ ਸ਼ਕਤੀਆਂ, ਸਿੱਧੀਆਂ ਅਤੇ ਖਜ਼ਾਨੇ ਆ ਜਾਂਦੇ ਨੇ।

ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥

ਪ੍ਰਭੂ ਵੱਲ ਧਿਆਨ ਲਗਾਉਣਾ ਹੀ ਸਾਰੀ ਵਿਦਿਆ, ਤਪ, ਅਤੇ ਜੋਗ ਹੈ ਗੁਰੂ ਗਿਆਨ ਵਿੱਚ ਮਨ ਦਾ ਇਸ਼ਨਾਨ (ਵਿਕਾਰਾਂ ਦੀ ਮੈਲ਼ ਧੋਣਾ) ਸਭ ਤੋਂ ਉੱਤਮ ਹੈ।

ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥

ਗੁਰੂ ਗਿਆਨ ਰਾਹੀਂ ਮਨ (ਰੂਪੀ ਕਮਲ) ਅੰਦਰ ਖਿੜਾਅ ਹੁੰਦਾ ਹੈ, ਅਤੇ ਅੰਦਰ ਸਭ ਕੁਝ (ਸੰਤੋਖ) ਮਿਲ਼ ਜਾਂਦਾ ਹੈ; ਰੱਬੀ ਗਿਆਨ 'ਚ ਰੁਸ਼ਨਾਇਆ ਮਨ ਸਾਰੇ ਕਾਰ ਵਿਹਾਰ ਕਰਦਾ ਹੋਇਆ ਵੀ ਬਾਹਰੀ ਸਾਰੇ ਸੁੱਖ-ਦੁੱਖ ਤੋਂ ਬੇਅਸਰ ਸਦਾ ਅਨੰਦ 'ਚ ਰਹਿੰਦਾ ਹੈ।

ਸੁੰਦਰੁ ਚਤੁਰੁ ਤਤ ਕਾ ਬੇਤਾ ॥
ਸਮਦਰਸੀ ਏਕ ਦ੍ਰਿਸਟੇਤਾ ॥

ਗੁਰੂ ਕੋਲੋਂ ਪ੍ਰਾਪਤ ਤੱਤ ਗਿਆਨ 'ਚ ਜੀਊਣ ਵਾਲ਼ਾ ਹੀ ਸੋਹਣਾ ਤੇ ਸਿਆਣਾ ਹੈ; ਉਹ ਸਭ ਵਿੱਚ ਇੱਕ ਪਰਮਾਤਮਾ ਨੂੰ ਦੇਖਦਾ ਹੈ।

ੴ

**ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥**

**ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥**

ਗੁਰੂ ਦੇ ਬਚਨ/ਗਿਆਨ ਨੂੰ ਸੁਣਨ-ਮੰਨਣ ਵਾਲ਼ੇ ਵਿੱਚ ਹੀ ਇਹ ਸਾਰੇ ਗੁਣ ਆ ਵੱਸਦੇ ਨੇ।

**ਇਹੁ ਨਿਧਾਨੁ ਜਪੈ ਮਨਿ ਕੋਇ ॥**

**ਸਭ ਜੁਗ ਮਹਿ ਤਾ ਕੀ ਗਤਿ ਹੋਇ ॥**

ਰੱਬੀ ਗੁਣਾਂ/ਗਿਆਨ ਦਾ ਇਹ ਖਜ਼ਾਨਾ ਜੋ ਵੀ ਜਪਦਾ/ਦ੍ਰਿੜ੍ਹ ਕਰਦਾ ਹੈ; ਉਸਦੇ ਅੰਦਰ-ਬਾਹਰ ਹਰ ਸਮੇਂ ਗਤਿ ਹੁੰਦੀ (ਵਿਕਾਰਾਂ ਤੋਂ ਛੁਟਕਾਰਾ ਹੁੰਦਾ) ਹੈ।

**ਗੁਣ ਗੋਬਿੰਦ ਨਾਮ ਧੁਨਿ ਬਾਣੀ ॥**

**ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥**

ਸਭ ਧਰਮ ਗ੍ਰੰਥਾਂ ਦਾ ਗਿਆਨ ਵੀ ਰੱਬੀ ਗੁਣਾਂ ਦੀ ਧੁਨ/ਪ੍ਰੇਮ ਵਿੱਚ ਅੰਦਰਲੀ ਸੋਹਣੀ ਬਾਣੀ/ਬਣਤਰ ਕਰਨ ਲਈ ਕਹਿੰਦਾ ਹੈ।

**ਸਗਲ ਮਤਾਂਤ ਕੇਵਲ ਹਰਿ ਨਾਮ ॥**

**ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥**

ਕੇਵਲ ਰੱਬੀ ਨਾਮ/ਗੁਣ ਹੀ ਸਾਰੇ ਧਾਰਮਕ ਗਿਆਨ ਦਾ ਅਖੀਰ ਹੈ, ਤੇ ਇਹ ਰੱਬੀ ਪਿਆਰਿਆਂ ਦੇ ਮਨ 'ਚ ਵੱਸਦਾ ਹੈ।

**ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥**

**ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥**

ਗੁਰੂ ਦੇ ਗਿਆਨ ਦੀ ਸੰਗਤ ਵਿੱਚ ਮਨ ਅੰਦਰਲੀਆਂ ਕਰੋੜਾਂ ਬੁਰਾਈਆਂ ਮੁਕਦੀਆਂ ਨੇ। ਗੁਰੂ ਦੇ ਗਿਆਨ ਦੀ ਕਿਰਪਾ ਨਾਲ਼ ਵਿਕਾਰਾਂ ਰੂਪੀ ਜਮ ਤੋਂ ਛੁਟਕਾਰਾ ਮਿਲ਼ਦਾ ਹੈ।

**ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥**

**ਸਾਧ ਸਰਣਿ ਨਾਨਕ ਤੇ ਆਏ ॥੭॥**

ਇਹ ਸਮਝ ਜੇ ਕਿਸੇ ਦੇ ਮੱਥੇ/ਮੱਤ ਵਿੱਚ ਰੱਬ ਕਰਕੇ ਪੈ ਜਾਵੇ ਤਾਂ ਉਹ ਹੀ ਗੁਰੂ (ਗਿਆਨ) ਦੀ ਸ਼ਰਣ ਵਿੱਚ ਆਉਂਦਾ ਹੈ।

**ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥**

**ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥**

ਗੁਰੂ ਗਿਆਨ ਨੂੰ ਪਿਆਰ ਨਾਲ਼ ਸੁਣ-ਮੰਨ ਕੇ ਜਿਸਨੇ ਮਨ 'ਚ ਵਸਾ ਲਿਆ; ਉਸ ਰੱਬ ਦੇ ਪਿਆਰੇ ਦੇ ਚਿੱਤ ਵਿੱਚ ਪਰਮਾਤਮਾ ਵੱਸਦਾ ਹੈ।

**ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥**

**ਦੁਲਭ ਦੇਹ ਤਤਕਾਲ ਉਧਾਰੈ ॥**

ਰੱਬੀ ਗਿਆਨ ਨੂੰ ਮੰਨਣ ਵਾਲਿਆਂ ਦਾ (ਵਿਕਾਰਾਂ ਕਰਕੇ ਮਿਲਣ ਵਾਲ਼ਾ) ਨਿਰੰਤਰ ਜਨਮ-ਮਰਣ ਦਾ ਦੁੱਖ ਮੁੱਕਦਾ ਹੈ; (ਵਿਕਾਰਾਂ ਦੇ ਜਨਮ-ਮਰਣ ਚੋਂ ਨਿਕਲ ਕੇ) ਉਹ ਅਪਣਾ ਬੇਸ਼ਕੀਮਤੀ ਜੀਵਨ ਬਿਨਾਂ ਸਮਾਂ ਗੁਆਏ ਸਫਲ ਕਰ ਲੈਂਦੇ ਨੇ।

**ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥**

**ਏਕੁ ਨਾਮੁ ਮਨ ਮਾਹਿ ਸਮਾਨੀ ॥**

ਜਿਨ੍ਹਾਂ ਦੇ ਮਨ ਵਿੱਚ ਇੱਕ ਰੱਬੀ ਨਾਮ/ਗਿਆਨ ਸਮਾ ਗਿਆ ਉਨ੍ਹਾਂ ਅੰਦਰ ਪਵਿੱਤਰਤਾ ਹੁੰਦੀ ਹੈ, ਤੇ ਉਨ੍ਹਾਂ ਦਾ ਵਿਹਾਰ ਅੰਮ੍ਰਿਤ ਵਾਂਗ ਜੀਵਨ ਦੇਣ ਵਾਲ਼ਾ ਹੁੰਦਾ ਹੈ।

**ਦੂਖ ਰੋਗ ਬਿਨਸੇ ਭੈ ਭਰਮ ॥**

**ਸਾਧ ਨਾਮ ਨਿਰਮਲ ਤਾ ਕੇ ਕਰਮ ॥**

ਗੁਰੂ ਦੇ ਨਾਮ/ਗਿਆਨ ਨਾਲ਼ ਉਹ ਭਲੇ ਕੰਮ ਕਰਕੇ ਅੰਦਰੋਂ ਦੁੱਖ, ਰੋਗ (ਵਿਕਾਰ), ਡਰ ਅਤੇ ਭਰਮ ਮੁਕਾ ਲੈਂਦੇ ਨੇ।

**ਸਭ ਤੇ ਊਚ ਤਾ ਕੀ ਸੋਭਾ ਬਨੀ ॥**

**ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥**

(ਮਨ ਦੇ ਦੁੱਖ, ਰੋਗ, ਡਰ, ਭਰਮ ਮੁੱਕ ਜਾਣ ਵਾਲ਼ੀ) ਇਹ ਸਭ ਤੋਂ ਵੱਡੀ ਵਡਿਆਈ/ਸ਼ੋਭਾ ਰੱਬੀ ਪਿਆਰਿਆਂ ਨੂੰ ਮਿਲ਼ਦੀ ਹੈ; ਤੇ ਇਹ ਗੁਣ/ਵਡਿਆਈ ਰੱਬੀ ਨਾਮ/ਗਿਆਨ ਵਾਲ਼ੀ ਸੁੱਖਾਂ ਦੀ ਮਣੀ ਵਿੱਚੋਂ ਮਿਲ਼ਦੀ ਹੈ।



All is One

**AllisOne.life**

This book is published by **Guru Nanak Foundation for Humanity**
O/A **All Is One** - Edmonton, Alberta, Canada
Email us at **allisone1469@gmail.com**